* *

# ਟੂਣਾ ਗੁਰੂ ਡੰਮ

ਲੇਖਕ
ਪ੍ਰਤਾਪ ਸਿੰਘ ਗਿਆਨੀ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕਰਤਾ ਦੇ ਸਭ ਹੱਕ ਰਾਖਵੇਂ ਹਨ

# ਕੂਕਾ ਗੁਰੂ ਡੰਮ

ਇਸ ਵਿਚ ਬਾਬਾ ਅਜਾਪਾਲ ਸਿੰਘ ਦੀ ਆੜ ਵਿਚ
ਗੁਰਤਾ ਦੀ ਘੜੀ ਗਈ ਝੂਠੀ ਕਹਾਣੀ ਅਤੇ ਕਲਪਤ
ਗੁਰਤਾ ਦੀ ਅਸਲੀਅਤ ਬਿਆਨ ਕੀਤੀ ਗਈ ਹੈ।

ਲੇਖਕ—

**ਪ੍ਰਤਾਪ ਸਿੰਘ ਗਿਆਨੀ**

ਪ੍ਰਕਾਸ਼ਕ—

**ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਨਵੰਬਰ 1993 ਕੀਮਤ 20 ਰੁਪੈ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਆਰੰਭਕ ਬੇਨਤੀ

ਅੱਜ ਤੋਂ ਚੁਰੰਜਾ ਸਾਲ ਪਹਿਲੇ ਸੰਨ 1918 ਵਿਚ ਸੰਤ ਭਾਈ ਅਤਰ ਸਿੰਘ ਜੀ ਤੋਂ ਅੰਮ੍ਰਿਤ ਛਕਣ ਦੇ ਬਾਅਦ ਮੈਨੂੰ ਪ੍ਰਚਾਰ ਦੀ ਲਗਨ ਲੱਗੀ । 1920 ਵਿਚ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ । 1923 ਤੋਂ 1938 ਤੀਕ ਸੋਲਾਂ ਸਾਲ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਅਤੇ ਸਤਾਰਾਂ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਕੇਸ ਗੜ੍ਹ ਸਾਹਿਬ ਦੀ ਸੇਵਾ ਕਰਨ ਦਾ ਅਉਸਰ ਮਿਲਿਆ । ਅੱਧੀ ਸਦੀ ਦੇ ਲੰਮੇ ਸਮੇਂ ਵਿਚ ਮੇਰੀ ਤੀਬਰ ਇੱਛਾ ਅਤੇ ਕੋਸ਼ਿਸ਼ ਰਹੀ ਹੈ ਕਿ ਸ੍ਰੀ ਗੁਰੂ ਨਾਨਕ ਨਾਮ ਲੇਵਾ ਸਿਖ ਸੰਪ੍ਰਦਾਵਾਂ ਵਿਚ ਪਰਸਪਰ ਏਕਤਾ ਪ੍ਰੇਮ ਅਤੇ ਸਤਿਕਾਰ ਵਧੇ ।

ਸੰਨ 1934 ਵਿਚ ਜਦ ਸ੍ਵਰਗੀ ਬਾਬਾ ਪ੍ਰਤਾਪ ਸਿੰਘ ਜੀ ਨਾਮਧਾਰੀ ਨੇ ਭੈਣੀ ਵਿਚ ਸਰਬ ਸਿਖ ਸੰਪ੍ਰਦਾਇ ਕਾਨਫ੍ਰੰਸ ਕੀਤੀ,ਉਸਦੇ ਪ੍ਰਧਾਨ ਭਾਈ ਸਾਹਿਬ ਅਰਜਨ ਸਿੰਘ ਬਾਗੜੀਆਂ ਸਨ । ਉਸ ਵਿਚ ਸ: ਸੁੰਦਰ ਸਿੰਘ ਮਜੀਠੀਆ, ਸ: ਜੋਗਿੰਦਰ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਆਦਿਕ ਮੁੱਖੀ ਸ਼ਾਮਲ ਸਨ । ਕਾਨਫ੍ਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ । ਉਸ ਵਕਤ ਮੈਂ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਸੀ । ਉਸ ਕਾਨਫ੍ਰੰਸ ਦੀ ਬੜੀ ਪ੍ਰਸੰਨਤਾ ਹੋਈ । ਕਈ ਸਮਾਗਮਾਂ ਵਿਚ ਬਾਬਾ ਪ੍ਰਤਾਪ ਸਿੰਘ ਜੀ ਦੇ ਦਰ-ਸ਼ਨ ਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਉਸਰ ਮਿਲਿਆ । ਉਨ੍ਹਾਂ ਦੇ ਬਾਅਦ ਬਾਬਾ ਜਗਜੀਤ ਸਿੰਘ ਜੀ ਨਾਲ

Digitized by Panjab Digital Library | www.panjabdigilib.org

ਵੀਕਈ ਵੇਰ ਮੇਲ ਮਿਲਾਪ ਹੋਇਆ ਹੈ।ਚੰਗੇ ਸੰਬੰਧ ਹੋਣ ਕਰਕੇ ਨਾਮਧਾਰੀਆਂ ਬਾਰੇ ਕਦੀ ਕੁਝ ਲਿਖਣ ਦਾ ਖਿਆਲ ਨਹੀਂ ਆਇਆ। ਕੁਝ ਸਾਲ ਹੋਏ ਸੰਤ ਤਰਨ ਸਿੰਘ ਵਹਿਮੀ ਇਕ ਪੁਸਤਕ'ਨਾਦੇੜੋਂ ਬਾਦ ਦਸਮ ਗੁਰ ਦਰਸ਼ਨ' ਦੇ ਗਏ। ਸੁਰਗੀ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਲਿਖਿਆ ਕਿ ਖੰਡੇ ਦਾ ਅੰਮ੍ਰਿਤ ਸ੍ਰੀ ਦਸਮੇਸ਼ ਜੀ ਨੇ ਨਹੀਂ ਛਕਾਇਆ, ਬਾਬਾ ਰਾਮ ਸਿੰਘ ਨੇ ਛਕਾਇਆ ਹੈ। ਕਾਨਪੁਰ ਦੇ ਇਕ ਸੱਜਣ ਨੇ ਨੀਲੀ ਦਸਤਾਰ ਤੇ ਨੀਲੇ ਬਾਣੇ ਨੂੰ ਮਲੇਛਾਂ ਦਾ ਬਾਣਾ ਦਸਿਆ।ਜ਼ਿਲਾ ਅੰਮ੍ਰਿਤਸਰ ਦੇ ਨਗਰ ਗਗੜ ਭਾਣਾ ਵਿਚ ਇਕ ਨਾਮਧਾਰੀ ਪ੍ਰਚਾਰਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਕੋਝੇ ਸ਼ਬਦ ਵਰਤੇ। ਪਿਛਲੇ ਸਾਲ ਨਾਮਧਾਰੀ ਵੀਰਾਂ ਨੇ ਇਕ ਮਹਾਸ਼ਾ ਸ਼ਿਵ ਲਾਲ ਪਾਸੋਂ ਇਕ ਅੰਗਰੇਜ਼ੀ ਦੀ ਚੁਵਰਕੀ 'ਇੰਡੀਅਨ ਪ੍ਰਾਗ-ਰੈਸ' ਵਿਚ ਗੁਰੂ ਡਮ ਬਾਰੇ ਪੈਂਤੀ ਚਾਲੀ ਲੇਖ ਕਢਵਾਏ, ਜੋ ਇੰਨ੍ਹਾਂ ਦੀਆਂ ਲਿਖਤਾਂ ਦਾ ਹੀ ਅਨੁਵਾਦ ਸਨ। ਇਸ ਪਰ ਰਸਾਲਾ 'ਗਿਆਨ ਅੰਮ੍ਰਿਤ' ਵਿਚ ਮਈ 1971 ਤੋਂ ਅਪ੍ਰੈਲ 72 ਤੀਕ ਇਕ ਦਰਜਨ ਲੇਖ ਸੱਤ ਅਸੱਤ ਦਾ ਨਿਰਣਾ ਕਰਨ ਲਈ ਪ੍ਰਕਾਸ਼ਤ ਕੀਤੇ। ਸੰਗਤਾਂ ਨੇ ਉਨ੍ਹਾਂ ਨੂੰ ਬੇਹੱਦ ਪਸੰਦ ਕੀਤਾ। ਪੁਸਤਕ ਰਪ ਵਿਚ ਪ੍ਰਕਾਸ਼ਤ ਕਰਨ ਦੀ ਮੰਗ ਕੀਤੀ। ਉਨ੍ਹਾਂ ਲੇਖਾਂ ਦੀ ਸੁਧਾਈ ਕਰਕੇ ਤੇ ਹੋਰ ਵਾਧੂ ਮੈਟਰ ਪਾ ਕੇ ਪਾਠਕਾਂ ਦੀ ਸੇਵਾ ਵਿਚ 'ਕੂਕਾ ਗੁਰੂ ਡੰਮ' ਪੇਸ਼ ਕਰ ਰਹੇ ਹਾਂ।

ਅੰਮ੍ਰਿਤਸਰ
ਮਿਤੀ ੫ ਕਤਕ ਸੰਮਤ
੨੦੨੯ ਸ਼ੁਕਰਵਾਰ
੨੦ ਅਕਤੂਬਰ ੧੯੭੨

ਗੁਰੂ ਸੰਗਤ ਦਾ ਸੇਵਕ—
ਪ੍ਰਤਾਪ ਸਿੰਘ ਗਿਆਨੀ
ਸਾਬਕ ਜਥੇਦਾਰ ਸ੍ਰੀ ਅਕਾਲ
ਤਖਤ ਸਾਹਿਬ ਤੇ ਕੇਸਗੜ੍ਹ

Digitized by Panjab Digital Library | www.panjabdigilib.org

# ਤਤਕਰਾ


| | |
|---|---|
| ੧ ਗੁਰਮਤਿ ਪ੍ਰਕਾਸ਼ | ੫-੧੩ |
| ੨. ਕੂਕਾ ਗੁਰੂ ਡਮ ਦਾ ਪੋਲ | ੧੪-੨੩ |
| ੩ ਗੁਰਮਤਿ ਦੀ ਇਤਿਹਾਸਕ ਪੜਚੋਲ | ੨੪-੪੪ |
| ੪ ਬਾਬਾ ਅਜਾਪਾਲ ਸਿੰਘ ਗੁਰੂ ਨਹੀਂ ਸਨ | ੪੫-੬੮ |
| ੫ ਗੁਰੂ ਡਮ ਦਾ ਅਜੀਬ ਗੋਰਖਧੰਦਾ | ੬੮-੭੮ |
| ੬ ਬਾਬਾ ਬਾਲਕ ਸਿੰਘ ਦੀ ਕਲਪਤ ਗੁਰਤਾ | ੭੯-੯੨ |
| ੭ ਬਾਬਾ ਰਾਮ ਸਿੰਘ ਜੀ | ੯੩-੧੧੩ |
| ੮ ਕਿਤਨੀ ਤਬਦੀਲੀ ਆਈ | ੧੧੪-੧੪੨ |


Digitized by Panjab Digital Library | www.panjabdigilib.org

# ੧.

# ਗੁਰਮਤਿ ਦਾ ਪ੍ਰਕਾਸ਼

## ਗੁਰੂ ਗ੍ਰੰਥ ਅਤੇ ਪੰਥ

ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਕਿਰਪਾ ਨਾਲ ਸੰਮਤ 1526 ਵਿਚ ਪੰਜਾਬ ਦੀ ਪੁੰਨ ਭੂਮੀ ਅੰਦਰ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਉਨ੍ਹਾਂ ਨੇ ਸੱਤਰ ਸਾਲ ਤੀਕ ਸਾਰੇ ਭਾਰਤ ਵਰਸ਼ ਤੇ ਕਈ ਪ੍ਰਦੇਸਾਂ ਵਿਚ ਫਿਰਕੇ ਮਾਨਵਤਾ ਨੂੰ ੧ ਓ ਸਤਿਨਾਮ ਦੀ ਉਪਾਸ਼ਨਾ, ਪੂਜਾ, ਭਗਤੀ, ਸਮਾਨਤਾ ਅਤੇ ਭਰਾਤ੍ਰੀ ਭਾਵ ਦਾ ਉਪਦੇਸ਼ ਕੀਤਾ। ਸਿੱਖ ਧਰਮ ਨੂੰ ਜਨਮ ਦਿਤਾ।

ਗੁਰੂ ਜੋਤੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੀਕ ਦਸ ਸਰੂਪਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਅਤੇ ਵਿਕਾਸ ਕੀਤਾ। ਪਹਿਲੇ ਚਾਰ ਜਾਮਿਆਂ ਵਿਚ ਇਕ ਅਕਾਲ ਪੁਰਖ ਦੀ ਪੂਜਾ, ਪ੍ਰੇਮ,ਮਾਨਵਤਾ ਦੀ ਬਰਾਬਰੀ ਤੇ ਨਿਸ਼ਕਾਮ ਸੇਵਾ ਦੀ ਸਿਖਿਆ ਦਿਤੀ। ਸੰਗਤ ਪੰਗਤ ਵਿਚ ਏਕਤਾ ਵਰਤਾਈ। ਨਾਮ ਜਪਣਾ, ਵੰਡ ਛਕਣਾ ਤੇ ਕਿਰਤ ਦੀ ਮਹਾਨਤਾ ਦਰਸਾਈ।

ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ 'ਚ ਗੁਰੂ ਭਗਤੀ ਤੇ ਸੇਵਾ ਦੇ ਨਾਲ ਅੰਮ੍ਰਿਤ ਸਰੋਵਰ ਬਣਾਕੇ, ਨਗਰ ਵਿਚ ਬਵੰਜਾ ਜਾਤਾਂ ਦੇ ਕਿਰਤੀ ਲੋਕ ਵਸਾਕੇ, ਭਗਤੀ, ਸੇਵਾ ਤੇ ਕਿਰਤ ਦੀ ਬਿਨਾ



Digitized by Panjab Digital Library | www.panjabdigilib.org

ਨੀਵੇਂ ਉੱਚੇ ਦੇ ਭੇਦ ਨੂੰ ਮਿਟਾਇਆ ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਦੇ ਸਰੂਪ ਵਿਚ ਭਗਤੀ, ਬ੍ਰਹਮ ਗਿਆਨ ਅਤੇ ਆਤਮਿਕ ਸ਼ਾਂਤੀ ਦੇ ਸਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ । ਉਸ ਵਿਚ ਭਗਤਾਂ ਦੀ ਬਾਣੀ ਦਰਜ ਕਰਕੇ ਆਤਮਿਕ ਏਕਤਾ ਦਾ ਅਸਚਰਜ ਸਬੂਤ ਪੇਸ਼ ਕੀਤਾ ।

ਸਿੱਖ ਧਰਮ ਦੇ ਪ੍ਰਚਾਰ ਨੂੰ ਜਾਰੀ ਰਖਣ, ਸਵੈਮਾਨ ਅਤੇ ਵਿਚਾਰਾਂ ਦੀ ਸੁਤੰਤ੍ਰਤਾ ਨੂੰ ਕਾਇਮ ਰਖਦੇ ਹੋਏ ਜਹਾਂਗੀਰ ਦੇ ਹੁਕਮ ਨਾਲ ਦਿਤੇ ਗਏ ਅਕਹਿ ਤਸੀਹੇ ਸਹਾਰਕੇ ਸ਼ਹੀਦੀ ਪ੍ਰਾਪਤ ਕੀਤੀ । ਸਿੱਖੀ ਨੂੰ ਸਹਿਨਸ਼ੀਲਤਾ ਅਤੇ ਕੁਰਬਾਨੀ ਦਾ ਨਵਾਂ ਮੋੜ ਦਿਤਾ ।

ਛੇਵੇਂ ਸਰੂਪ ਵਿਚ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਕੇ,ਨਗਾਰੇ ਵਜਾਕੇ,ਘੋੜ ਸਵਾਰੀ ਤੇ ਸ਼ਸਤ੍ਰ ਅਭਿਆਸ ਦੀ ਸਿਖਿਆ ਦੇ ਕੇ ਸਿੱਖਾਂ ਨੂੰ ਸੰਤ ਸਿਪਾਹੀ ਬਣਾਇਆ ।

ਭਗਤੀ ਤੇ ਵੈਰਾਗ ਦੀ ਮੂਰਤਿ ਸ੍ਰੀ ਗੁਰੂ ਤੇਗ ਬਹਾਦਰਜੀ ਨੇ ਔਰੰਗਜ਼ੇਬ ਦੇ ਮਜ਼ਬੀ ਤੁਅੱਸਬ ਤੇ ਪੱਖ ਪਾਤ ਦੀ ਨੀਤੀ ਵਿਰੁਧ ਸ਼ਹੀਦੀ ਪ੍ਰਾਪਤ ਕਰਕੇ ਸਾਰੇ ਦੇਸ਼ ਦੀ ਲਾਜ ਰੱਖ ਲਈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਤਮ ਸਰੂਪ ਦਸਵੀਂ ਪਾਤ-ਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1 ਵੈਸਾਖ ਸੰਮਤ 1756 ਨੂੰ ਆਨੰਦਪੁਰ ਸਾਹਿਬ ਵਿਚ ਸੀਸ ਭੇਟ ਲੈ ਕੇ,ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਚਰਨ ਪਾਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਾਕੇ ਖਾਲਸਾ ਸਜਾਇਆ । ਉਨ੍ਹਾਂ ਨੂੰ ਜਾਗਤ ਜੋਤਿ ਅਕਾਲ ਪੁਰਖ ਨਾਲ ਜੋੜਿਆ । ਉਨ੍ਹਾਂ ਨੂੰ ਵਾਹਿਗੁਰੂ ਜੀ ਕਾ



Digitized by Panjab Digital Library | www.panjabdigilib.org

ਖਾਲਸਾ ਵਾਹਿਗੁਰੂ ਜੀ ਕੀ ਫਤਹਿ ਦਾ ਉਪਦੇਸ਼ ਕੀਤਾ। ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਚੋਂ ਅੰਮ੍ਰਿਤ ਛਕਾਕੇ ਜਾਤ ਪਾਤ, ਛੂਤ ਛਾਤ, ਇਲਾਕੇ ਬੰਦੀ ਅਤੇ ਭੇਸ ਭਾਸ਼ਾ ਦਾ ਭਰਮ ਮਿਟਾ ਦਿਤਾ।

ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਆਪਣਾ ਨਾਮ, ਰੂਪ, ਸਪਿਰਟ ਅਤੇ ਗੁਰਤਾ ਦੇ ਅਧਿਕਾਰ ਵੀ ਬਖਸ਼ ਦਿਤੇ। ਉਨ੍ਹਾਂ ਨੂੰ ਗੁਰ ਮੰਤਰ, ਦੀਖਿਆ, ਸਿਖਿਆ ਅਤੇ ਦੰਡ ਦੇਣ ਦਾ ਅਧਿਕਾਰ ਵੀ ਦਿਤਾ। ਇਸ ਤਰ੍ਹਾਂ ਸ਼ਖਸੀ ਗੁਰਤਾ ਨੂੰ ਜਮਹੂਰੀਅਤ ਤੇ ਖਾਲਸਾ ਪੰਥ ਵਿਚ ਮੁੰਤਕਿਲ ਕਰ ਦਿਤਾ ਤੇ ਕਿਹਾ-

1. ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉਂ ਕਰੌਂ ਨਿਵਾਸ।
ਖਾਲਸਾ ਮੇਰੀ ਜਾਨ ਕੋ ਜਾਨ।
ਖਾਲਸਾ ਮੇਰੇ ਪ੍ਰਾਨ ਕੋ ਪ੍ਰਾਨ।

2. ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋ ਸੋ ਗਰੀਬ ਕਰੋਰ ਪਰੇ।

ਇਤਿਹਾਸਕਾਰ ਲਿਖਦੇ ਹਨ ਕਿ ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਆਪ ਵੀ ਅੰਮ੍ਰਿਤ ਪਾਨ ਕੀਤਾ। ਇਸ ਲਈ ਉਨ੍ਹਾਂ ਦੇ ਹਜ਼ੂਰੀ ਕਵੀ ਭਾਈ ਗੁਰਦਾਸ ਦੂਸਰੇ ਨੇ ਲਿਖਿਆ ਹੈ-

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਜਾਉਣ ਦਾ ਜੋ ਅਦੁੱਤੀ ਚਮਤਕਾਰ ਕੀਤਾ, ਉਸਨੇ ਪੁਰਾਣੇ ਮਜ਼੍ਹਬ ਦੇ ਢਾਂਚੇ ਨੂੰ



Digitized by Panjab Digital Library | www.panjabdigilib.org

ਬਦਲ ਦਿਤਾ। ਖੰਡੇ ਦਾ ਅੰਮ੍ਰਿਤ, ਆਪਣੀ ਬੀਰਤਾ, ਬੇ-ਮਿਸਾਲ ਕੁਰਬਾਨੀ ਤੇ ਸਰਬੰਸ ਦਾਨ ਕਰਕੇ, ਜੋ ਸਪਿਰਟ ਪੈਦਾ ਕੀਤੀ, ਜੋ ਜਵਾਲਾ ਪ੍ਰਚੰਡ ਕੀਤੀ, ਉਸ ਨੇ ਮੁਗਲ ਰਾਜ ਦਾ ਅੰਤ ਕਰ ਦਿਤਾ। ਜਰਵਾਣੇ, ਦੁਰਾਨੀਆਂ ਤੇ ਅਬਦਾਲੀਆਂ ਦਾ ਮੂੰਹ ਮੋੜ ਦਿਤਾ। ਦਸਮੇਸ਼ ਪਿਤਾ ਦੀ ਸਿਖਿਆ ਦਾ ਨਤੀਜਾ ਅਣਗਿਣਤ ਸੂਰਬੀਰ ਤੇ ਸ਼ਹੀਦ ਪੈਦਾ ਹੋਏ, ਜਿਨ੍ਹਾਂ ਨੇ ਪੰਜਾਬ ਤੇ ਉੱਤਰੀ ਪੱਛਮੀ ਭਾਰਤ ਦਾ ਰਾਜਨੀਤਕ ਨਕਸ਼ਾ ਵੀ ਬਦਲ ਕੇ ਰੱਖ ਦਿਤਾ।

ਦਸਾਂ ਸਤਿਗੁਰੂਆਂ ਨੇ ਇਕ ਅਕਾਲ ਪੁਰਖ ਤੇ ਨਿਰਾਕਾਰ ਸ੍ਰੀ ਵਾਹਿਗੁਰੂ ਦੀ ਭਗਤੀ ਕਰਨ ਦੀ ਸਿਖਿਆ ਦੇਣ ਦੇ ਨਾਲ ਕਿਸੇ ਦੇਵੀ ਦੇਵਤੇ, ਕ੍ਰਿਤਮ ਵਸਤੂ ਜਾਂ ਦੇਹਧਾਰੀ ਦੀ ਪੂਜਾ ਤੋਂ ਵਰਜਿਆ ਹੈ। ਸਤਿਗੁਰੂ ਨੇ ਦੇਹ ਨੂੰ ਨਾਸ਼ਵਤ ਮੰਨਿਆ ਹੈ। ਇਸ ਲਈ ਸਿੱਖੀ ਨੂੰ ਕਿਸੇ ਦੇਹ ਦਾ ਪੁਜਾਰੀ ਨਹੀਂ ਬਣਾਇਆ।

ਸਿੱਧਾਂਤਕ ਤੌਰ ਤੇ ਅਕਾਲ ਪੁਰਖ ਦੇ ਬਖਸ਼ੇ ਹੋਏ ਅਨੁ-ਭਵ, ਪ੍ਰਕਾਸ਼, ਆਤਮ ਗਿਆਨ ਅਰਥਾਤ ਗੁਰਬਾਣੀ ਨੂੰ ਗੁਰੂ ਬਿਆਨ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸ਼ਟ ਵਿਚ ਫ਼ੁਰਮਾ-ਇਆ ਹੈ—

1. ਸ਼ਬਦੁ ਗੁਰੂ ਸੁਰਤਿ ਧੁਨ ਚੇਲਾ।
2. ਸ਼ਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸ਼ਬਦੈ ਜਗੁ ਬਉਰਾਨੰ। [ਸੋਰਠ ਮ: ੧

ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।



Digitized by Panjab Digital Library | www.panjabdigilib.org

ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ।
[ਨਟ ਮ: ੪

ਗੁਰਮਤਿ ਦੇ ਇਸੇ ਸਿਧਾਂਤ ਅਨੁਸਾਰ ਦਸਮ ਪਾਤਸ਼ਾਹ ਨੇ ਫੁਰਮਾਇਆ ਹੈ–'ਗਿਆਨ ਗੁਰੂ ਆਤਮ ਉਪਦੇਸਹੁ।'

ਧੁਰ ਕੀ ਬਾਣੀ ਤੇ ਅਕਾਲੀ ਬਾਣੀ ਦੀ ਬਜਾਏ ਕਿਸੇ ਦੇਹ ਦੀ ਪੂਜਾ ਕਰਨੀ ਮਨਮਤ ਹੈ। ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪੰਚ ਪਰਵਾਣ ਪੰਚ ਪਰਧਾਨ' ਦਾ ਸਿੱਧਾਂਤ ਵਰਣਨ ਕੀਤਾ ਹੈ। ਭਾਈ ਗੁਰਦਾਸ ਜੀ ਨੇ ਉਸਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ—

'ਇਕ ਸਿਖ ਦੋਇ ਸਾਧ ਸੰਗ ਪੰਜੀਂ ਪ੍ਰਮੇਸ਼ੁਰ।'

ਖਾਲਸਾ ਪੰਥ ਸਜਾਉਣ ਤੇ ਪੰਜਾਂ ਪਿਆਰਿਆਂ ਨੂੰ ਗੁਰਤਾ ਦੇ ਅਧਿਕਾਰ ਦੇਣ ਦੇ ਉਪ੍ਰੰਤ ਦਸਮੇਸ਼ਜੀ ਨੇ ਮੁਗਲ ਸਾਮਰਾਜ ਵਿਰੁਧ ਅਤੁਟ ਕਈ ਜੰਗ ਜੁਧ ਕੀਤੇ। ਸਰਬੰਸ ਵਾਰਕੇ ਪੰਜਾਬ ਵਿਚੋਂ ਮਹਾਰਾਸ਼ਟਰ ਵਿਚ ਚਲੇ ਗਏ। ਉਥੇ ਨਾਦੇੜ ਵਿਚ ਕਤਕ ਵਦੀ 5 ਸੰਮਤ 1765 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦੇ ਕੇ ਜੋਤੀ ਜੋਤ ਸਮਾ ਗਏ। ਜਿਸ ਕਰ ਕੇ ਉਸ ਪਵਿੱਤਰ ਅਸਥਾਨ ਦਾ ਨਾਂ ਸਚਖੰਡ ਹਜ਼ੂਰ ਸਾਹਿਬ ਹੈ। ਉਹ ਸਿੱਖੀ ਦੇ ਚਾਰ ਤਖਤਾਂ ਵਿਚੋਂ ਇਕ ਤਖਤ ਹੈ।

'ਬਾਣੀ ਗੁਰੂ' ਦਾ ਸਿੱਧਾਂਤ ਦਸਾਂ ਸਤਿਗੁਰੂਆਂ ਨੇ ਇਕ ਰਸ ਪ੍ਰਚਾਰਿਆ ਹੈ। ਜਦ ਦਸਮ ਪਾਤਸ਼ਾਹ ਨੇ 1 ਵਿਸਾਖ ਸੰਮਤ 1765 ਬਿ: ਨੂੰ ਪੰਜਾਂ ਪਿਆਰਿਆਂ ਹੇ ਖੰਡੇ ਦਾ ਅੰਮ੍ਰਿਤ ਛਕਾਕੇ, ਗੁਰ ਮੰਤ੍ਰ, ਦੀਖਿਆ, ਸਿਖਿਆ ਤੇ ਦੰਡ ਦੇਣ ਦਾ ਅਧਿਕਾਰ ਦੇ ਕੇ ਸਖਸ਼ੀ ਗੁਰੂ ਡਮ ਦਾ ਕਤਈ ਖਾਤਮਾ ਕਰ ਦਿਤਾ,



Digitized by Panjab Digital Library | www.panjabdigilib.org

ਉਸਤੋਂ ਬਾਅਦ ਖਾਲਸਾ ਪੰਥ ਵਿਚ ਸ਼ਖਸੀ ਗੁਰਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜੇਹੜਾ ਸਖਸ਼ ਗਿਆਰਵਾਂ ਬਾਹਰਵਾਂ ਗੁਰੂ ਮੰਨਦਾ ਹੈ, ਉਹ ਗੁਰਮਤਿ ਦਾ ਵਿਰੋਧੀ ਅਤੇ ਮਨਮਤੀਆ ਹੈ।

ਸਿੱਖ ਸੰਪ੍ਰਦਾਵਾਂ 'ਚੋਂ ਬਾਬਾ ਸ੍ਰੀ ਚੰਦ੍ ਜੀ ਤੇ ਬਾਬਾ ਗੁਰਦਿਤਾ ਜੀ ਨੂੰ ਮੰਨਣ ਵਾਲੇ ਉਦਾਸੀ, ਦਸਮੇਸ਼ ਜੀ ਦੇ ਹਜ਼ੂਰੀ ਸਿੱਖ ਅਤੇ ਕਾਂਸ਼ੀ ਵਿਚ ਜਾ ਕੇ ਵਿਦਿਆ ਪ੍ਰਾਪਤ ਕਰਨ ਵਾਲੇ ਨਿਰਮਲੇ ਸੰਤ ਭਾਈ ਰਾਮ ਸਿੰਘ, ਗੰਡਾ ਸਿੰਘ, ਸੈਣਾ ਸਿੰਘ ਆਦਿਕ ਭਾਈ ਘਨਈਆ ਜੀ ਤੋਂ ਚਲੇ ਸੇਵਾ ਪੰਥੀ ਸਾਧੂ, ਭਾਈ ਮਾਨ ਸਿੰਘ ਤੋਂ ਨਿਹੰਗ ਸਿੰਘ, ਅਜ ਤੋਂ ਦੋ ਸੌ ਸਾਲ ਪਹਿਲੇ ਹੋਏ ਪਿਸ਼ੌਰ ਨਿਵਾਸੀ ਬਾਬਾ ਦਿਆਲ ਜੀ ਨੂੰ ਮੰਨਣ ਵਾਲੇ ਨਿਰੰਕਾਰੀ ਸਿੱਖ ਇਹ ਨਹੀਂ ਮੰਨਦੇ ਕਿ ਦਸਮ ਪਾਤਸ਼ਾਹ ਨੇ ਕਿਸੇ ਨੂੰ ਗੁਰਤਾ ਦਿਤੀ ਹੈ। ਗਿਆਰਵਾਂ ਜਾਂ ਬਾਹਰਵ ਗੁਰੂ ਨੀਯਤ ਕੀਤਾ। ਕਿਸੇ ਇਤਿਹਾਸਕਾਰ ਨੇ ਇਹ ਗਲ ਨਹੀਂ ਲਿਖੀ।

ਉਪ੍ਰੋਕਤ ਸਾਰੀਆਂ ਸਿੱਖ ਸੰਪ੍ਰਦਾਵਾਂ ਦੇ ਬਾਅਦ ਚਲੀ ਨਾਮਧਾਰੀ ਜਾਂ ਕੂਕਾ ਸੰਪ੍ਰਦਾਇ ਦੇ ਮੋਢੀ ਬਾਬਾ ਬਾਲਕ ਸਿੰਘ ਤੇ ਬਾਬਾ ਰਾਮਸਿੰਘਜੀ ਵੀ ਆਪਣੇ ਆਪਨੂੰ ਦਸਾਂ ਸਤਿਗੁਰੂਆਂ ਦਾ ਸਿੱਖ ਮੰਨਦੇ ਸਨ। ਗੁਰਬਾਣੀ ਦੀ ਟੇਕ ਰਖਦੇ ਸਨ। ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਸਨ। ਪਰ ਵੀਹਵੀਂ ਸਦੀ ਦੇ ਪਹਿਲੇ ਚਰਣ'ਚ ਸੰਤ ਨਿਧਾਨ ਸਿੰਘ ਆਲਮ,ਇੰਦਰ ਸਿੰਘ ਚਕ੍ਰਵਰਤੀ ਆਦਿਕ ਲਿਖਾਰੀਆਂ ਨੇ 'ਕੂਕਾ ਗੁਰੂ ਡਮ' ਦੀ ਡੁੱਗੀ ਪਿੱਟਣ ਲਈ ਇਕ ਝੂਠੀ ਕਹਾਣੀ ਘੜ ਮਾਰੀ ਹੈਕਿ ਦਸਮੇਸ਼ ਜੀ ਹਜ਼ੂਰ ਸਾਹਿਬ ਜੋਤੀ ਜੋਤ ਨਹੀਂ ਸਮਾਏ। ਉਹ



Digitized by Panjab Digital Library | www.panjabdigilib.org

ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਦੀ ਇਕ ਝਿੜੀ ਵਿਚ ਰਹੇ। ਇਹ ਕਹਾਣੀ ਭਾਈ ਕਾਹਨ ਸਿੰਘ ਦੀ ਇਕ ਲਿਖਤ ਦੇ ਆਸਰੇ ਘੜੀ ਗਈ, ਜਿਸਦੀ ਉਨ੍ਹਾਂ ਨੇ ਤਰਦੀਦ ਕਰ ਦਿਤੀ। ਕੂਕਿਆਂ ਨੇ ਕਲਪਤ ਤੇ ਝੂਠੀਆਂ ਤਸਵੀਰਾਂ ਵੀ ਛਪਵਾਈਆਂ ਹਨ, ਜਿਨ੍ਹਾਂ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਦਸਮੇਸ਼ ਜੀ ਹਜ਼ੂਰੋਂ, ਜ਼ਿਲਾ ਕੈਂਬਲ ਪੁਰ ਵਿਚ ਜਾ ਕੇ ਬਾਬਾ ਬਾਲਕ ਸਿੰਘ ਨੂੰ ਗੱਦੀ ਦਿੱਤੀ।

ਗੁਰਤਾ ਕਦੋਂ ਦਿਤੀ ? ਕਿਸ ਦੇ ਸਾਹਮਣੇ ਦਿੱਤੀ ? ਇਸ ਦਾ ਕੂਕੇ ਲਿਖਾਰੀਆਂ ਕੋਲ ਕੋਈ ਸਬੂਤ ਨਹੀਂ ਹੈ।

ਕੂਕਾ ਲਿਖਾਰੀ ਸੰਤ ਨਿਧਾਨ ਸਿੰਘ ਆਲਮ ਨੇ 1932 'ਚ ਇਹ ਕਲਪਤ ਕਹਾਣੀ 'ਗੁਰੂ ਪਦ ਪ੍ਰਕਾਸ਼' ਵਿਚ ਪ੍ਰਕਾਸ਼ਤ ਕੀਤੀ। ਉਸਦਾ ਯੁਕਤੀ ਪੂਰਵਿਕ ਉਤਰ ਸਵਰਗੀ ਭਾਈ ਸੇਵਾ ਸਿੰਘ ਐਡੀਟਰ 'ਖਾਲਸਾ ਸਮਾਚਾਰ' ਨੇ ਆਪਣੀ ਲੇਖ ਲੜੀ ਤੇ ਪੁਸਤਕ 'ਗੁਰੂ ਪਦ ਨਿਰਣਯ' ਵਿਚ ਦਿਤਾ। ਜਿਸ ਪਰ ਬਹਿਸ ਬੰਦ ਹੋ ਗਈ।

ਸੰਨ 1934 ਵਿਚ ਸਵਰਗੀ ਬਾਬਾ ਪ੍ਰਤਾਪ ਸਿੰਘ ਨਾਮ-ਧਾਰੀ ਵਲੋਂ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਚ ਇਕ ਸਰਬ ਸਿੱਖ ਸੰਪ੍ਰਦਾਇ ਕਾਨਫਰੰਸ ਕੀਤੀ ਗਈ। ਉਸ ਵਿਚ ਸ: ਜੋਗਿੰਦਰ ਸਿੰਘ. ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ ਆਦਿਕ ਮੁੱਖੀ ਸ਼ਾਮਲ ਸਨ। ਉਸ ਕਾਨਫਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ। ਲੋਕਾਂ ਨੇ ਸਮਝਿਆ ਕਿ ਝਗੜਾ ਮੁੱਕ ਗਿਆ ਹੈ। ਪਰ ਜਿਸ ਤਰ੍ਹਾਂ ਤਪਦਿਕ ਅਤੇ ਕਈ ਹੋਰ ਰੋਗ ਜਾਂਦੇ ਨਹੀਂ, ਇਸੇ ਤਰ੍ਹਾਂ ਕੂਕਾ ਗੁਰੂ ਡਮ ਦਾ



Digitized by Panjab Digital Library | www.panjabdigilib.org

ਉਹ ਰੋਗ ਗਿਆ ਨਹੀਂ, ਫਿਰ ਉਹੀ ਕਹਾਣੀ ਅਤੇ ਕਲਪਤ ਤਸਵੀਰਾਂ ਨਸ਼ਰ ਕਰਨ ਦਾ ਚਾਅ ਕੁੱਦਿਆ।

ਇਕ ਤਾਰਨ ਸਿੰਘ ਵਹਿਮੀ ਕੋਲੋਂ ਇਕ ਪੁਸਤਕ 'ਨਾਦੇੜ ਤੋਂ ਬਾਅਦ 'ਦਸਮ ਗੁਰ ਦਰਸ਼ਨ' ਲਿਖਵਾਈ ਗਈ ਹੈ। ਉਸ ਵਿਚ ਪੁਰਾਣੀਆਂ ਗੱਲਾਂ ਤੇ ਮਿਥਿਆਵਾਦ ਨੂੰ ਹੀ ਦੁਹਰਾਇਆ ਹੈ। ਬਾਬਾ ਬਾਲਕ ਸਿੰਘ ਨੂੰ ਗੁਰਤਾ ਦੇਣ ਦੀ ਝੂਠੀ ਤੇ ਜ਼ਬਤ ਹੋ ਚੁੱਕੀ ਤਸਵੀਰ ਫਿਰ ਦਿਤੀ ਹੈ। ਜੋ ਸਾਹਿਤਕਾਰੀ ਦੇ ਨਿਯਮਾਂ ਅਤੇ ਕਾਨੂੰਨ ਦੇ ਵਿਰੁੱਧ ਹੈ।

ਹੁਣ ਤਕ ਕੂਕੇ ਅੰਗਰੇਜ਼ੀ ਨੂੰ ਮਲੇਛ ਭਾਸ਼ਾ ਮੰਨ ਕੇ ਪੜ੍ਹਨ ਤੋਂ ਇਨਕਾਰ ਕਰਦੇ ਰਹੇ ਹਨ। ਪਿਛਲੇ ਸਾਲ ਫ਼ਰਵਰੀ 1971 ਵਿਚ ਇੰਨਾਂ ਨੇ ਇਕ ਆਰੀਆ ਸਮਾਜੀ ਮਹਾਸ਼ਾ ਸ਼ਿਵ ਲਾਲ ਨੂੰ ਭਾੜੇ 'ਤੇ ਕਰਕੇ ਦਿਲੀ ਤੋਂ ਛਪਣ ਵਾਲੀ ਅੰਗਰੇਜ਼ੀ ਦੀ ਚੁਵੱਰਕੀ 'ਇੰਡੀਅਨ ਪ੍ਰਾਗਰੈਸ' ਜਾਰੀ ਕਰਵਾਈ। ਜਿਸ ਵਿਚ ਕੂਕਾ ਗੁਰੂ ਡਮ ਨੂੰ ਸਹੀ ਸਾਬਤ ਕਰਨ ਲਈ ਉਸਦੇ ਲਿਖਾਰੀਆਂ ਦੀਆਂ ਗਲਤ ਮਨੌਤਾਂ ਤੇ ਕਲਪਤ ਕਹਾਣੀਆਂ ਨੂੰ ਉਲਥਾਇਆ ਗਿਆ ਹੈ।

ਅਸੀਂ ਦਸਣਾ ਚਾਹੁੰਦੇ ਹਾਂ ਕਿ ਕੂਕਾ ਗੁਰੂ ਡਮ ਦੇ ਵਿਰੁਧ ਅੰਦਰਖਾਨੇ ਬਗਾਵਤ ਹੋ ਰਹੀ ਹੈ। ਉਸ ਪਰ ਪਰਦਾ ਪਾਉਣ ਤੇ ਲੋਕਾਂ ਦਾ ਧਿਆਨ ਲਾਂਭੇ ਲਿਜਾਣ ਲਈ ਦਬੀਆਂ ਕਬਰਾਂ ਨੂੰ ਪੁੱਟਿਆ ਜਾ ਰਿਹਾ ਹੈ।

ਵਾਸਤਵ ਵਿਚ ਦਸਮ ਪਾਤਸ਼ਾਹ ਨੇ ਪੰਜ ਪਿਆਰੇ ਅਤੇ ਖਾਲਸਾ ਸਜਾਕੇ ਸਖਸ਼ੀ ਗੁਰੂ ਡਮ ਦਾ ਅੰਤ ਕਰ ਦਿਤਾ ਹੈ।

ਇਸ਼ ਤੋਂ ਉਪ੍ਰੰਤ ਜੇਹੜਾ ਬਾਬਾ ਬ਼ਾਲਕ ਸਿੰਘ ਜਾਂ ਬਾਬਾ



Digitized by Panjab Digital Library | www.panjabdigilib.org

ਰਾਮ ਸਿੰਘ ਨੂੰ ਗਿਆਰਵਾਂ ਤੇ ਬਾਹਰਵਾਂ ਗੁਰੂ ਦਸਦਾ ਹੈ, ਉਹ ਸਿਧਾਂਤਕ ਅਤੇ ਇਤਿਹਾਸਕ ਤੌਰ ਤੇ ਗਲਤ ਹੈ।

ਕੋਈ ਲਿਖਾਰੀ ਸ੍ਰੀ ਦਸਮ ਪਾਤਸ਼ਾਹ ਦੇ ਬਾਅਦ ਛਲ ਕਪਟ, ਸੁਅਰਥ ਜਾਂ ਲੋਭ ਲਾਲਚ ਦੇ ਕਾਰਨ ਨਾ ਗੁਰਮਿਤ ਸਿੱਧਾਂਤ ਅਤੇ ਨਾ ਹੀ ਇਤਿਹਾਸ ਨੂੰ ਬਦਲ ਸਕਦਾ ਹੈ। ਨਾ ਹੀ ਕਿਸੇ ਨੂੰ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਦਿਤੀ ਜਾ ਸਕਦੀ ਹੈ।

ਅਸੀਂ ਅਗੇ ਚਲ ਕੇ ਇਸਦਾ ਨਿਰਨਾ ਕਰਾਂਗੇ ਕਿ ਬਾਬਾ ਅਜਾਪਾਲ ਸਿੰਘ ਦਸ਼ਮੇਸ਼ ਜੀ ਦਾ ਨਗਾਰਚੀ ਸੀ। ਉਸਨੂੰ ਗੁਰੂ ਦਸਣਾ ਘੋਰ ਅਪਰਾਧ ਹੈ। ਬਾਬਾ ਬਾਲਕ ਸਿੰਘ ਨੂੰ ਕਿਸੇ ਗੱਦੀ ਨਹੀਂ ਦਿਤੀ। ਇਹ ਕਹਾਣੀ ਹੁਣ ਘੜੀ ਗਈ ਹੈ। ਬਾਬਾ ਰਾਮ ਸਿੰਘ ਜੀ ਵੀ ਬਾਹਰਵੇਂ ਗੁਰੂ ਨਹੀਂ ਸਨ, ਬਲਕਿ ਸਿਖ ਸਨ।



Digitized by Panjab Digital Library | www.panjabdigilib.org

# ੨.

# ਕੂਕਾ ਗੁਰੂ ਡਮ ਦਾ ਪੋਲ

ਅਸੀਂ ਪਿਛੇ ਦਸ ਆਏ ਹਾਂ ਕਿ ਕੂਕਿਆਂ ਨੇ ਕਿਸ ਤਰ੍ਹਾਂ ਗੁਰਮਤਿ ਸਿਧਾਂਤ, ਇਤਿਹਾਸ, ਖਾਲਸਾ ਪੰਥ ਤੇ ਪੰਜਾਂ ਪਿਆ- ਕਿਆਂ ਦੇ ਉਲਟ ਆਪਣੇ ਗੁਰੂ ਡਮ ਦੀ ਡੁੱਗੀ ਪਿੱਟਣ ਲਈ ਵੀਹਵੀਂ ਸਦੀ ਵਿਚ ਬਾਬਾ ਬਾਲਕ ਸਿੰਘ ਹਜ਼ਰੋਂ ਨੂੰ ਸ੍ਰੀ ਦਸਮੇਸ਼ ਜੀ ਵਲੋਂ ਗੁਰਤਾ ਦੇਣ ਦੀ ਝੂਠੀ ਕਹਾਣੀ ਘੜੀ ਹੈ । ਇਨ੍ਹਾਂ ਨੇ ਸੰਤ ਨਿਧਾਨ ਸਿੰਘ ਆਲਮ ਦੇ ਗੁਰੂ ਪਦ ਪ੍ਰਕਾਸ਼' ਵਿਚ ਇਹ ਕਹਾਣੀ ਪ੍ਰਕਾਸ਼ਤ ਕਰਨ ਦੇ ਨਾਲ ਅੰਮ੍ਰਿਤਸਰ ਦੇ ਇਕ ਗੁਰਾਂਦਿਤਾ ਖੰਨਾ ਨੂੰ ਰੁਪਏ ਦੇ ਕੇ ਹਿੰਦੀ ਵਿਚ ਇਕ ਟਰੈਕਟ ਲਿਖਾਇਆ । ਉਸ ਵਿਚ ਦਸਿਆ ਗਿਆ ਕਿ ਦਸਮੇਸ਼ ਜੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤ ਨਹੀਂ ਸਮਾਏ । ਇਹ ਸਿਰਫ ਬਾਬਾ ਬਾਲਕ ਸਿੰਘ ਦੀ ਗੁਰਤਾ ਸਿਧ ਕਰਨ ਲਈ ਸੀ ।

ਭਾਈ ਸੇਵਾ ਸਿੰਘ ਦੇ 'ਗੁਰੂ ਪਦ ਨਿਰਣਯ' ਤੇ ਡਾਕਟਰ ਗੰਡਾ ਸਿੰਘ ਦੇ 'ਕੂਕਿਆਂ ਦੀ ਵਿਥਿਆ' ਪ੍ਰਕਾਸ਼ਤ ਹੋਣ ਤੋਂ ਉਪਰੰਤ ਇਹ ਕਈ ਸਾਲ ਚੁਪ ਰਹੇ । ਹੁਣ ਫਿਰ ਸੁਤੀਆਂ ਕਲਾ ਜਗਾਉਣ ਲਈ ਚਾਰ ਸਾਲ ਹੋਏ ਇਕ ਕੂਕੇ ਲਿਖਾਰੀ ਭਾਈ ਤਰਨ ਸਿੰਘ ਵਹਿਮੀ ਤੋਂ 'ਨਾਦੇੜ੍ਹੋਂ ਬਾਅਦ ਦਸਮ ਗੁਰ



Digitized by Panjab Digital Library | www.panjabdigilib.org

ਦੇਰਸ਼ਨ' ਪੁਸਤਕ ਲਿਖਵਾਈ ਹੈ। ਇਸ ਪੁਸਤਕ ਵਿਚ ਨਾ ਕੋਈ ਇਤਿਹਾਸਕ ਤੇ ਵਿਗਿਆਨਕ ਢੰਗ ਦੀ ਖੋਜ ਹੈ ਤੇ ਨਾ ਹੀ ਇਸ ਦੀ ਲਿਖਣ ਸ਼ੈਲੀ ਵਿਚ ਕੋਈ ਜਾਨ ਹੈ।

ਇਹ ਪੁਸਤਕ ਵਿਚ ਭਾਈ ਤਾਰਨ ਸਿੰਘ ਵਹਿਮੀ ਨੇ ਗੁਰੂ ਡਮ ਦਾ ਵਹਿਮ ਹੀ ਖਿਲਾਰਿਆ ਹੈ। ਹਾਂ ਇਕ ਪਾਪ ਦੁਬਾਰਾ ਕੀਤਾ ਹੈ। ਉਹ ਇਹ ਕਿ ਸੰਨ 1928 ਵਿਚ ਕੂਕਿਆਂ ਨੇ ਬਾਬਾ ਬਾਲਕ ਸਿੰਘ ਦਾ ਗੁਰੂ ਡਮ ਸਾਬਤ ਕਰਨ ਲਈ ਉਨ੍ਹਾਂ ਨਾਲ ਸ੍ਰੀ ਦਸਮੇਸ਼ ਜੀ ਦੀ ਜੋ ਕਲਪਤ ਅਤੇ ਝੂਠੀ ਤਸਵੀਰ ਛਪਵਾਈ ਸੀ, ਉਹ ਤਸਵੀਰ ਸਿੱਖ ਜਨਤਾ ਦੇ ਪ੍ਰੋਟੈਸਟ ਪਰ ਗਵਰਨਰ ਪੰਜਾਬ ਨੇ ਸਮੇਤ ਕੌਂਸਲ ਦੇ ਜ਼ਬਤ ਕਰਨ ਦਾ ਹੁਕਮ ਕੀਤਾ ਸੀ। ਜਿਸ ਵਿਚ ਦਰਜ ਸੀ ਕਿ ਕੂਕਿਆਂ ਨੇ ਇਸ ਤਸਵੀਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਬਾਬਾ ਬਾਲਕ ਨੂੰ ਗੱਦੀ ਦਿੰਦੇ ਵਿਖਾਇਆ ਹੈ। ਇਹ ਤਸ-ਵੀਰ ਐਫ. ਡਬਲਯੂ. ਪ੍ਰੈਸ ਰਾਮ ਗਲੀ ਲਾਹੌਰ ਵਿਚ ਛਪੀ ਹੈ। ਇਸ ਤਸਵੀਰ ਦੀਆਂ ਨਕਲਾਂ ਜਿਥੇ ਵੀ ਛਪਣ ਜ਼ਬਤ ਕਰਾਰ ਦਿਤੀਆਂ ਗਈਆਂ ਹਨ। ਕਿਉਂਕਿ ਇਹ ਦਫਾ 295 ਹਿੰਦ ਡੰਡਾਵਲੀ ਅਨੁਸਾਰ ਸਜ਼ਾ ਯੋਗ ਹਨ।

(ਦੇਖੋ ਕੌਮੀ ਦਰਦ ਅੰਮ੍ਰਿਤਸਰ 18 ਫਰਵਰੀ 1928 ਈ:)

ਜ਼ਬਤ ਹੋ ਚੁੱਕੀ ਕਲਪਤ ਤਸਵੀਰ ਨੂੰ ਭਾਈ ਤਰਨ ਸਿੰਘ ਵਹਿਮੀ ਵਲੋਂ ਮੁੜ ਆਪਣੀ ਪੁਸਤਕ ਦੇ ਸਫਾ 168-69 ਦੇ ਵਿਚਕਾਰ ਛਾਪਣਾ ਕਾਨੂੰਨੀ ਤੇ ਇਖ਼ਲਾਕੀ ਤੌਰ ਤੇ ਜ਼ੁਰਮ ਹੈ।

ਪਿਛਲੇ ਸਾਲ ਫਰਵਰੀ 1971 ਵਿਚ ਕੂਕਾ ਗੁਰੂ ਡਮ ਨੇ ਇਕ ਮਹਾਸ਼ਾ ਸ਼ਿਵ ਲਾਲ ਨੂੰ ਭਾੜੇ ਤੇ ਕਰਕੇ ਦਿੱਲੀ ਤੋਂ



Digitized by Panjab Digital Library | www.panjabdigilib.org

ਅੰਗਰੇਜ਼ੀ 'ਚ ਇਕ ਚੁਵੱਰਕੀ 'ਇੰਡੀਅਨ ਪ੍ਰਾਗਰੈਸ' ਕਢਵਾਈ ਉਸ ਵਿਚ ਸ਼ਿਵ ਲਾਲ ਨੇ 7 ਮਾਰਚ ਤੋਂ ਲੈ ਕੇ 26 ਦਸੰਬਰ ਤੀਕ 'ਨਾਦੇੜ ਟੂ ਨਾਭਾ' ਦੇ ਸਿਰਲੇਖ ਹੇਠਾਂ ਦਸਮ ਪਾਤਸ਼ਾਹ ਦੀ ਤਸਵੀਰ ਦੇ ਕੇ ਇਕ ਲੇਖ ਲੜੀ ਪ੍ਰਕਾਸ਼ਤ ਕੀਤੀ । ਉਸ ਵਿਚ ਉਹੀ ਕੁਝ ਪੇਸ਼ ਕੀਤਾ ਹੈ, ਜੋ ਸੰਤ ਨਿਧਾਨ ਸਿੰਘ ਆਲਮ ਇੰਦਰ ਸਿੰਘ ਚਕ੍ਰਵਰਤੀ ਅਤੇ ਤਰਨ ਸਿੰਘ ਵਹਿਮੀ ਨੇ ਨਾਦੇੜ ਤੋਂ ਬਾਅਦ 'ਦਸਮ ਗੁਰ ਦਰਸ਼ਨ' ਵਿਚ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਨੂੰ ਗਿਆਰਵਾਂ ਤੇ ਬਾਹਰਵਾਂ ਗੁਰੂ ਸਾਬਤ ਕਰਨ ਲਈ ਲਿਖਿਆ ਸੀ, ਉਹ ਲੇਖ ਲੜੀ 26 ਦਸੰ-ਬਰ 1971 ਨੂੰ ਚੰਦੇ ਦੀ ਕੁਝ ਰਕਮ ਭੇਜੋ ਅਤੇ We need your Financial Aid. ਸਾਨੂੰ ਆਪਦੀ ਮਾਇਕ ਸਹਾਇਤਾ ਦੀ ਲੋੜ ਹੈ' ਪਰ ਸਮਾਪਤ ਕੀਤੀ ਗਈ ।

ਸ਼ਿਵ ਲਾਲ ਦੀ ਸਾਰੀ ਲੇਖ ਲੜੀ ਦਾ ਸਾਰੰਸ਼ ਇਹ ਹੈ ਕਿ ਦਸਮੇਸ਼ ਜੀ ਨਾਦੇੜ ਵਿਚ ਜੋਤੀ ਜੋਤ ਨਹੀਂ ਸਮਾਏ । ਨਾਭੇ ਦੀ ਝਿੜੀ ਵਿਚ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਗੁਪਤ ਰਹੇ । ਬਾਬਾ ਅਜਾਪਾਲ ਸਿੰਘ ਘੋੜਿਆਂ ਦਾ ਸ਼ੁਕੀਨ ਸੀ, ਨਗਾਰੇ ਵਜਾਉਂਦਾ ਸੀ । ਸ੍ਰੀ ਦਸਮੇਸ਼ ਜੀ ਦੇ ਬਾਅਦ ਸਿੱਖ ਪੰਥ ਦੇ ਦਰਜਨ ਗੁਰੂ ਹੋਏ ਹਨ । ਜਿਨ੍ਹਾਂ ਵਿਚੋਂ ਸੋਢੀ ਗੁਲਾਬ ਰਾਇ, ਬਾਬਾ ਬੰਦਾ ਬਹਾਦਰ, ਸੰਤ ਸਿੰਘ, ਬਾਬਾ ਬੀਰ ਸਿੰਘ, ਨੌਰੰਗਾਬਾਦ, ਭਾਈ ਮਹਾਰਾਜ ਸਿੰਘ, ਬਾਬਾ ਬਾਲਕ ਸਿੰਘ ਤੇ ਰਾਮ ਸਿੰਗ ਗੁਰੂ ਹੋਏ ਹਨ ।

ਸ਼ਿਵ ਲਾਲ ਨੇ ਅਕਾਲੀ ਲਹਿਰ ਦੇ ਬਾਅਦ ਪਿੰਡ ਛੱਜਲ ਵੱਢੀ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਮਹਿਰੇ ਗੰਗਾ ਸਿੰਘ ਨੂੰ ਵੀ



Digitized by Panjab Digital Library | www.panjabdigilib.org

ਸਿਖੀ ਦਾ ਬਾਹਰਵਾਂ ਗੁਰੂ ਦਸਿਆ ।*

ਜਿਸ ਬਾਰੇ ਸਾਡੀ ਸਰੋਤ ਹੈਕਿ ਉਸਨੂੰ ਇਕ ਨਿਹੰਗ ਸਿੰਘ ਨੇ ਰਵਾਲਸਰ ਲਿਜਾਕੇ ਗੜੂੰਦ ਕਰ ਦਿਤਾ ਸੀ ।

ਉਪ੍ਰੋਕਤ ਵਿਅਕਤੀਆਂ ਵਿਚੋਂ ਕਿਸੇ ਨੂੰ ਕਦੀ ਖਾਲਸਾ ਪੰਥ ਨੇ ਗੁਰੂ ਦਸਮ ਪਾਤਸ਼ਾਹ ਦਾ ਉਤਰ ਅਧਿਕਾਰੀ ਨਹੀਂ ਮੰਨਿਆ ।

ਸ਼ਿਵ ਲਾਲ ਨੇ ਇਹ ਕੂੜ ਕੁਸੱਤ ਇਸ ਲਈ ਲਿਖਿਆ ਹੈ ਕਿ ਲੋਕਾਂ ਨੂੰ ਟਪਲਾ ਦੇ ਕੇ ਕੂਕਿਆਂ ਦੇ ਗੁਰੂ ਡਮ ਨੂੰ ਦਰੁ-ਸਤ ਸਾਬਤ ਕਰ ਸਕੇ ।

ਉਸ ਨੇ ਇਹ ਵੀ ਲੂਣ ਥਪਿਆ ਹੈ ਕਿ ਦਸਮੇਸ਼ ਜੀ ਨੇ ਦੇਵੀ ਪੂਜੀ ਹੈ । ਜਿਨ੍ਹਾਂ ਨੇ ਜਾਪੁ ਸਾਹਿਬ, ਅਕਾਲ ਉਸਤਤਿ ਤੇ ਸਾਰੀ ਮੁਖਵਾਕ ਬਾਣੀ ਵਿਚ ਇਕ ਅਕਾਲ ਪੁਰਖ ਦੀ ਪੂਜਾ ਦਰਸਾਈ ਹੈ ।

'ਸ਼ਬਦ ਗੁਰੂ' ਨਹੀਂ ਹੋ ਸਕਦਾ, ਹਜ਼ੂਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗਦੀ ਦੇਣ ਤੋਂ ਪਹਿਲੇ ਹੀ ਜ਼ਖਮੀ ਹੋਣ ਦੀ ਹਾਲਤ ਵਿਚ ਨਿਕਲ ਗਏ ਸਨ । ਇਹ ਗਲਤ ਬਿਆਨੀ ਵੀ ਕੀਤੀ ਹੈ ।

ਸਾਰੀ ਲੇਖ ਲੜੀ ਦਾ ਮੁੱਢ ਭਾਈ ਕਾਹਨ ਸਿੰਘ ਦੀ ਬਾਬਾ ਅਜਾਪਾਲ ਸਿੰਘ ਬਾਰੇ ਤਰਦੀਦ ਸ਼ੁਦਾ ਲਿਖਤ ਤੋਂ ਬੰਨ੍ਹਿਆ ਹੈ । ਇਕ ਇਤਿਹਾਸਕ ਖੋਜੀ ਦਾ ਕੰਮ ਨਹੀਂ ਕੀਤਾ, ਕੂਕਿਆਂ ਦੇ 'ਹਿਜ਼ ਮਾਸਟਰ ਵਾਇਸ' ਦਾ ਪਾਰਟ ਅਦਾ

---

*ਦੇਖੋ ਇੰਡੀਅਨ ਪ੍ਰਾਗਰੇਸ 28 ਨਵੰਬਰ 1971 ਸਫਾ 1



Digitized by Panjab Digital Library | www.panjabdigilib.org

ਕੀਤਾ ਹੈ ।

ਸਾਡੇ ਦੇਸ਼ ਵਿਚ ਕਈ ਲਿਖਾਰੀ ਅਜੇਹੇ ਮਿਲਦੇ ਹਨ, ਜਿੰਨਾਂ ਦਾ ਆਪਣਾ ਕੋਈ ਦੀਨ ਈਮਾਨ ਅਤੇ ਅਕੀਦਾ ਨਹੀਂ ਹੈ। ਉਨ੍ਹਾਂ ਨੂੰ ਗੱਫੇ ਢੇਕੇ ਜੋ ਚਾਹੋ ਲਿਖਵਾ ਸਕਦੇ ਹੋ। ਅਜੇਹੇ ਲੋਕਾਂ ਨੂੰ ਇਕ ਨੀਤੀਵਾਨ ਨੇ 'ਕਲਮੀ ਵੇਸਵਾ' ਕਿਹਾ ਹੈ।

ਸੁਰਗੀ ਬਾਬਾ ਪ੍ਰਤਾਪ ਸਿੰਘ ਜੀ ਨੇ ਇਕ ਵੇਰ ਇਤਿਹਾਸ ਖੋਜੀ ਸ: ਸ਼ਮਸ਼ੇਰ ਸਿੰਘ 'ਅਸ਼ੋਕ' ਨੂੰ ਵੀ ਪ੍ਰੇਰਨਾ ਕੀਤੀ ਸੀ ਕਿ ਉਹ ਜੋ ਚਾਹੁਣ ਲੈਣ, ਪਰ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਲਿਖਣ। 'ਅਸ਼ੋਕ' ਜੀ ਨੇ ਇਹ ਗਲ ਪ੍ਰਵਾਨ ਨਹੀਂ ਕੀਤੀ।

ਸ਼ਿਵ ਲਾਲ ਦੀ ਲੇਖ ਲੜੀ ਦੇ ਲੇਖ ਛਪ ਰਹੇ ਸਨ ਕਿ 22 ਅਪ੍ਰੈਲ 1971 ਦੇ 'ਸਤਿਜੁਗ' ਵਿਚ 6 ਜੂਨ 1971 ਨੂੰ ਡਾਲਟਨ ਗੰਜ ਯੂ. ਪੀ. ਵਿਚ ਇਕ ਨਾਮਧਾਰੀ ਵਿਦਿਅਕ ਸਮਾਗਮ ਦਾ ਏਜੰਡਾ ਪ੍ਰਕਾਸ਼ਤ ਕੀਤਾ ਗਿਆ।

ਉਸ ਵਿਚ ਦਰਜ ਸੀ ਕਿ ਤਰਨ ਸਿੰਘ ਵਹਿਮੀ ਦੀ ਪੁਸਤਕ 'ਨਾਦੇੜੋਂ ਬਾਦ ਦਸਮ ਗੁਰ ਦਰਸ਼ਨ' ਪਰ ਵਿਚਾਰ। ਉਸਦੇ ਨਾਲ ਵਿਸ਼ੇ ਹਨ—

1. ਗੁਰੂ ਗੋਬਿੰਦ ਸਿੰਘ ਜੀ ਨੇ ਨਾਦੇੜ ਵਿਚ ਸਰੀਰ ਨਹੀਂ ਤਿਆਗਿਆ ।

2. ਕੀ ਨਾਦੇੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੀ ਗਈ ?

3. ਕੀ ਬਾਬਾ ਅਜਾਪਾਲ ਸਿੰਘ ਜੀ ਗੁਰੂ ਗੋਬਿੰਦ ਸਿੰਘ ਸਨ ?

4. ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਬਾਲਕ ਸਿੰਘ ਨਾਲ ਮਿਲਾਪ ।



Digitized by Panjab Digital Library | www.panjabdigilib.org

ਵਹਿਮੀ ਦੀ ਪੁਸਤਕ, ਸ਼ਿਵ ਲਾਲ ਦੇ ਲੇਖ ਤੇ ਡਾਲਟਨ ਗੰਜ ਨਾਮਧਾਰੀ ਸਮਾਗਮ ਦਾ ਏਜੰਡਾ ਪੜ੍ਹ ਕੇ ਸਪਸ਼ਟ ਹੋ ਗਿਆ ਕਿ ਇੰਨਾਂ ਤਿੰਨਾਂ ਦੀ ਤਾਰ ਹਿਲਾਉਣ ਵਾਲਾ ਸੂਤਰ ਧਾਰ ਇਕੋ ਹੈ। ਇਹ ਕੂਕਾ ਗੁਰੂ ਡਮ ਦੇ ਪ੍ਰਾਪੇਗੰਡੇ ਦੀ ਸੰਗਲੀ ਦੀਆਂ ਤਿੰਨ ਕੁੰਡੀਆਂ ਹਨ। ਜਿੰਨਾਂ ਦਾ ਮਕਸਦ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਨੂੰ ਸਿੱਖ ਪੰਥ ਦਾ ਗਿਆਰਵਾਂ ਤੇ ਬਾਹਰਵਾਂ ਗੁਰੂ ਸਾਬਤ ਕਰਨਾ ਹੈ। ਉਨ੍ਹਾਂ ਦੇ ਉਤਰ-ਅਧਿ-ਕਾਰੀਆਂ ਦੇ ਗੁਰੂ ਡਮ ਦੀ ਡੁੱਗੀ ਪਿੱਟਣਾ ਹੈ।

ਸੁਆਦਲੀ ਗੱਲ ਇਹ ਹੈ ਕਿ ਕੂਕੇ ਅਤੇ ਸ਼ਿਵ ਲਾਲ ਆਪਣੀ ਗੰਢ ਤੁਪ ਪਰ ਪਰਦਾ-ਪੋਸ਼ੀ ਕਰਨ ਲਈ ਪੂਰਾ ਯਤਨ ਕਰ ਰਹੇ ਹਨ। 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਦੇ ਮਹਾਨ ਵਾਕ ਅਨੁਸਾਰ ਉਹ ਪੜਦਾ ਫਟ ਗਿਆ।

ਸਤਿਜੁਗ ਨੇ 25 ਨਵੰਬਰ 1971 ਦੇ ਅੰਕ ਵਿਚ ਮਹਾਸ਼ਾ ਸ਼ਿਵ ਲਾਲ ਬਾਰੇ ਲਿਖਿਆ—

ਇਸ ਗਲ ਨੂੰ ਅਜੇ ਇਕ ਸਾਲ ਨਹੀਂ ਹੋਇਆ, ਜਦੋਂ ਸਾਡੇ ਪਾਸ ਦਿੱਲੀ ਤੋਂ ਇਕ ਅੰਗਰੇਜ਼ੀ ਸਪਤਾਹਿਕ ਪੱਤਰ 'ਇੰਡੀਅਨ ਪ੍ਰਾਗਰੈਸ' ਔਣਾ ਸ਼ੁਰੂ ਹੋਇਆ। ਜਿਸਦੇ ਸੰਪਾਦਕ ਕੋਈ ਸ਼ਿਵ ਲਾਲ ਜੀ ਹਨ। ਜਿਥੋਂ ਤੀਕ ਇੰਨ੍ਹਾਂ ਦੀ ਜਾਣਕਾਰੀ ਦਾ ਸੰਬੰਧ ਹੈ, ਇਹ ਇਕ ਨਿਰਪੱਖ ਖਿਆਲਾਂ ਤੇ ਇਤਿਹਾਸਕ ਖੋਜ ਕਰਨ ਵਾਲੇ ਸੱਜਣ ਹਨ। ਇਨ੍ਹਾਂ ਨੇ ਆਪਣੀ ਮਰਜ਼ੀ ਨਾਲ ਆਪਣੇ ਇਸ ਅੰਗਰੇਜ਼ੀ ਪੱਤ੍ਰ ਵਿਚ ਇਤਿਹਾਸ ਦੇ ਪੱਖੋਂ ਸਿਖ ਇਤਿਹਾਸਾਂ ਦਾ ਮੁਤਾਲਿਆ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਦੇੜ ਵਿਚ ਕੀਤੇ ਗਏ ਕੌਤਕ (ਜਿਸਨੂੰ ਕਈ



Digitized by Panjab Digital Library | www.panjabdigilib.org

ਸਿਖ ਜਾਂ ਇਤਿਹਾਸਕਾਰ ਗੁਰੂ ਦਾ ਜੋਤੀ ਜੋਤ ਸਮਾਉਣਾ ਦਸਦੇ ਹਨ) ਦੀ ਖੋਜ ਨੂੰ ਮੁੱਖ ਰਖਕੇ 'ਸ੍ਰੀ ਗੁਰੂ ਗੋਬਿੰਦ ਸਿੰਘ ਨਦੇੜ ਟੂ ਨਾਭਾ' ਦੇ ਅਨੁਵਾਨ ਹੇਠਾਂ ਇਕ ਲੜੀ ਵਾਰ ਲੇਖ ਇਤਿਹਾਸਕ ਖੋਜ ਅਨੁਸਾਰ ਲਿਖਣਾ ਆਰੰਭ ਕੀਤਾ ਸੀ ਅਤੇ ਹੈ।'

ਅੱਗੇ ਚਲਕੇ ਸਤਿਜੁਗ ਨੇ ਲਿਖਿਆ-

ਕੁਝ ਸਿੱਖ ਲਿਖਾਰੀ ਜਿੰਨਾਂ ਵਿਚ ਗਿਆਨੀ ਪ੍ਰਤਾਪ ਸਿੰਘ ਐਡੀਟਰ 'ਗਿਆਨ ਅੰਮ੍ਰਿਤ' ਤੇ ਕੈਪਟਨ ਭਾਗ ਸਿੰਘ ਐਡੀਟਰ ਸ਼ਿੱਖ ਰੀਵੀਊ ਅੰਗਰੇਜ਼ੀ ਕਲਕਤਾ ਦੇ ਨਾਮ ਵਰਣਨ ਯੋਗ ਹਨ, ਸ੍ਰੀ ਸ਼ਿਵ ਲਾਲ ਜੀ ਦੇ ਇਸ ਪ੍ਰਕਾਸ਼ਤ ਹੋ ਰਹੇ ਲੇਖ ਤੋਂ ਬੜੇ ਔਖੇ ਹਨ। ਇੰਨ੍ਹਾਂ ਦੋਹਾਂ ਮਾਸਕ ਪੱਤ੍ਰਾਂ ਨੇ 5-6 ਮਹੀਨਿਆਂ ਤੋਂ ਇਸ ਮਜ਼ਮੂਨ ਦੇ ਵਿਰੁਧ ਕੁਝ ਲਿਖਣਾ ਆਰੰਭ ਕਰ ਰਖਿਆ ਹੈ। [ਸਤਿਜੁਗ 25-9-71

ਇਹ ਠੀਕ ਹੈ ਕਿ ਮਹਾਸ਼ਾ ਸ਼ਿਵ ਲਾਲ ਦੇ ਉੱਤਰ ਵਿਚ ਅਸੀਂ ਗਿਆਨ ਅੰਮ੍ਰਿਤ ਵਿਚ ਇਕ ਦਰਜਨ ਲੇਖ ਲਿਖੇ। ਸਿੱਖ ਰੀਵੀਊ ਕਲਕਤਾ ਵਿਚ ਡਾਕਟਰ ਤ੍ਰਿਲੋਚਨ ਸਿੰਘ ਤੇ ਡਾਕਟਰ ਗੰਡਾ ਸਿੰਘ ਦੇ ਲੇਖ ਪ੍ਰਕਾਸ਼ਤ ਹੋਏ। ਜਿਨ੍ਹਾਂ ਦਾ ਉਹ ਕੋਈ ਉੱਤਰ ਨਹੀਂ ਦੇ ਸਕੇ।

ਸਾਨੂੰ ਇਸ ਗਲ ਦਾ ਕੋਈ ਔਖ ਨਹੀਂ ਸੀ ਕਿ ਮਹਾਸ਼ਾ ਸ਼ਿਵ ਲਾਲ ਨੇ ਕੀ ਲਿਖਿਆ ਹੈ। ਹਾਂ ਇਹ ਔਖ ਜ਼ਰੂਰ ਹੋਇਆ ਕਿ ਉਹ ਗੁਰਬਾਣੀ ਤੇ ਇਤਿਹਾਸਦਾ ਕੋਈ ਖੋਜੀ ਜਾਂ ਸਕਾਲਰ ਨਹੀਂ ਹੈ। ਉਸ ਨੇ ਆਪਣੇ ਸੁਆਰਥ ਜਾਂ ਜਾਣ ਬੁਝ ਕੇ ਕੂਕਾ ਲਿਖਾਰੀਆਂ ਦੀਆਂ ਮਨਘੜਤ ਅਤੇ ਕਲਪਤ ਲਿਖਤਾਂ ਨੂੰ



Digitized by Panjab Digital Library | www.panjabdigilib.org

ਅੰਗਰੇਜ਼ੀ ਵਿਚ ਉਲਥਾਕੇ ਜਨਤਾ ਨੂੰ ਟਪਲਾ ਦੇਣ ਦਾ ਜਤਨ ਕੀਤਾ ਹੈ, ਇਹ ਸਾਹਿਤਕ ਭ੍ਰਿਸ਼ਟਾਚਾਰ ਹੈ।

ਗੁਰਬਾਣੀ ਜਾਂ ਸਿੱਖ ਇਤਿਹਾਸ ਬਾਰੇ ਜਿਨ੍ਹਾਂ ਹਿੰਦੂ ਵਿਦਵਾਨਾਂ ਤੇ ਲਿਖਾਰੀਆਂ ਨੇ ਪੁਸਤਕਾਂ ਲਿਖੀਆਂ ਹਨ, ਉਨ੍ਹਾਂ ਵਿਚੋਂ ਟੀ. ਐਲ. ਵਸਵਾਨੀ, ਡਾਕਟਰ ਗੋਕਲ ਚੰਦ ਨਾਰੰਗ, ਭਾਈ ਪਰਮਾ ਨੰਦ, ਪ੍ਰੋਫੈਸਰ ਸੀਤਾ ਰਾਮ ਕੋਹਲੀ ਪ੍ਰੋਫੈਸਰ ਹਰੀ ਰਾਮ ਗੁਪਤਾ, ਲਾਲਾ ਦੌਲਤ ਰਾਇ ਪ੍ਰੋਫੈਸਰ ਇੰਦੂ ਭੂਸ਼ਨ ਬੈਨਰਜੀ ਦੇ ਨਾਮ ਪ੍ਰਸਿਧ ਹਨ।

ਯੂ.ਪੀ. ਦੇ ਕੁਝ ਵਿਦਵਾਨਾਂ ਨੇ ਵੀ ਹਿੰਦੀ ਵਿਚ ਪੁਸਤਕਾਂ ਲਿਖੀਆਂ ਹਨ। ਪਰ ਸ਼ਿਵ ਲਾਲ ਦਾ ਕਿਸੇ ਨੇ ਕਦੀਂ ਨਾਂ ਨਹੀਂ ਸੁਣਿਆ। ਸਿਖਾਂ ਬਾਰੇ ਉਸਦੀ ਕੋਈ ਲਿਖਤ ਜਨਤਾ ਦੇ ਸਾਹਮਣੇ ਨਹੀਂ ਆਈ। ਉਸਨੇ ਦੋ ਕੂਕੇ ਲਿਖਾਰੀਆਂ ਦੀਆਂ ਗੁਰੂ ਡਮ ਬਾਰੇ ਗਲਤ ਲਿਖਤਾਂ ਨੂੰ ਅੰਗਰੇਜ਼ੀ ਵਿਚ ਉਲਥਾਕੇ ਸਾਹਿਤਕ ਬਲੈਕ ਮੇਲਿੰਗ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਾਨੂੰ ਬਹੁਤ ਰੋਸ ਹੈ।

ਸ਼ਿਵ ਲਾਲ ਪਿਛੋਂ ਅੰਮ੍ਰਿਤਸਰ ਦਾ ਹੈ। ਕੁਝ ਚਿਰ 'ਟਾਇਮਜ਼ ਆਫ ਇੰਡੀਆ' ਦਾ ਰਿਪੋਰਟਰ ਅਤੇ ਕੁਝ ਚਿਰ ਟ੍ਰਿਬਯੂਨ ਦੇ ਦਫਤਰ ਵਿਚ ਰਿਹਾ ਹੈ। ਉਹ ਅਖਬਾਰੀ ਰਿਪੋਰਟਰ ਤਾਂ ਕਿਹਾ ਜਾ ਸਕਦਾ ਹੈ, ਪਰ ਗੁਰਬਾਣੀ ਜਾਂ ਸਿੱਖ ਇਤਿਹਾਸ ਦਾ ਖੋਜੀ ਅਤੇ ਸਕਾਲਰ ਨਹੀਂ ਹੈ। ਉਸਨੂੰ ਚੰਗਾ ਦੁੱਧ ਦੇਣ ਵਾਲੀ ਕੂਕਾ ਕਪਲਾਗਊ ਮਿਲ ਗਈ ਹੈ। ਕੂਕਿਆਂ ਨੇ ਸਮਝਿਆ ਕਿ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਗੁਰੂ ਡਮ ਦਾ ਪ੍ਰਾਪੇਗੰਡਾ ਕਰਨ ਲਈ ਇਕ ਪੱਤਰਕਾਰ ਮਿਲ ਗਿਆ ਹੈ।



Digitized by Panjab Digital Library | www.panjabdigilib.org

ਸੁਆਦਲੀ ਗਲ ਇਹ ਹੈ ਕਿ ਦੋਵੇਂ ਅੰਤਰਮੁੱਖੀ ਗੰਢ ਤੁਪ ਕਰਨ ਦੇ ਬਾਵਜੂਦ ਆਪਣੀ ਟਿੰਡ ਲੁਕਾਉਂਦੇ ਰਹੇ ਹਨ।

ਸਾਡਾ ਅਨੁਮਾਨ ਹੈ ਕਿ ਸ਼ਿਵ ਲਾਲ ਨੇ ਸਿੱਖੀ ਵਿਰੁੱਧ ਅਤੇ ਕੂਕਾ ਗੁਰੂ ਡਮ ਦੇ ਹੱਕ ਵਿਚ ਗਲਤ ਪ੍ਰਾਪੇਗੰਡਾ ਕਰਨ ਲਈ ਜੋ ਲੇਖ ਲਿਖੇ ਹਨ, ਉਸਦੀ ਚੁਵਰਕੀ ਦਾ ਖਰਚ ਇਨ੍ਹਾਂ ਨੇ ਤਾਰਿਆ ਹੈ।

ਸਾਡੇ ਪਾਸ ਇੰਨ੍ਹਾਂ ਦੀ ਗੰਢ ਤੁਪ ਦਾ ਇਕ ਅਕੱਟ ਸਬੂਤ ਹੈ, ਉਹ ਇਹ ਕਿ ਜੂਨ ੧੯੭੧ ਵਿਚ ਜਦ ਸਿਵ ਲਾਲ ਦੇ ਲੇਖ ਛਪ ਰਹੇ ਸਨ, ਬਾਬਾ ਜਗਜੀਤ ਸਿੰਘ ਨਾਮਧਾਰੀ ਦੇ ਛੋਟੇ ਭਾਈ ਬੀਰ ਸਿੰਘ ਅੰਮ੍ਰਿਤਸਰ ਆਦੇ। ਅਸੀਂ ਉਨ੍ਹਾਂ ਨੂੰ ਲਾਇਬਰੇਰੀਆਂ ਵਿਚ ਘੁੰਮਦੇ ਵੇਖਿਆ। ੨੪ ਜੂਨ ੧੯੭੧ ਨੂੰ ਭਾਈ ਵੀਰ ਸਿੰਘ ਤਿੰਨ ਕੂਕਿਆਂ ਸਮੇਤ ਸ਼੍ਰੋਮਣੀ ਕਮੇਟੀ ਦੀ ਰੈਫਰੈਂਸ ਬੁੱਕ ਲਾਇਬਰੇਰੀ ਵਿਚ ਪੁੱਜੇ। ਉਨ੍ਹਾਂ ਨੇ ਰਜਿਸਟਰ ਪਰ ਦਸਖਤ ਕਰਕੇ ਪੁਸਤਕ ਨੰਬਰ ੧੭੨,੧੭੪, ੨੧੨੪ ਲਿਖਤ ਡਾਕਟਰ ਗੰਡਾ ਸਿੰਘ ਤੇ ਪੁਸਤਕ ਨੰ: ੨੨੫੯ ਪ੍ਰਾਪਤ ਕੀਤੀਆਂ। ਉਹ ਪੁਸਤਕਾਂ ਵੇਖ ਹੀ ਰਹੇ ਸਨ ਕਿ ਬਾਹਰੋਂ ਇਕ ਕੂਕਾ ਆਇਆ, ਉਸ ਨੇ ਕਿਹਾ–'ਬਾਬਾ ਜੀ, ਸ਼ਿਵ ਲਾਲ ਦਾ ਟੈਲੀਫੋਨ ਆਇਆ ਹੈ ਕਿ ਮਸਾਲਾ ਭੇਜੋ।'

(ਗਿਆਨ ਅੰਮ੍ਰਿਤ ਦਸੰਬਰ ੧੯੭੧ ਸਫਾ ੪੮)

ਜਦ ਇਹ ਗਲ ਪ੍ਰਗਟ ਹੋ ਗਈ, ਉਸ ਵਕਤ ਸ਼ਿਵ ਲਾਲ ਨੇ ੭ ਨਵੰਬਰ ੧੯੭੧ ਦੇ ਇੰਡੀਅਨ ਪ੍ਰਾਗਰੈਸ ਵਿਚ ਲਿਖਿਆ-ਮੈਂ ਕਦੋਂ ਕਹਿੰਦਾ ਹਾਂ ਕਿ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਸਿੱਖਾਂ ਦੇ ਗਿਆਰਵੇਂ ਬਾਹਰਵੇਂ ਗੁਰੂ ਸਨ?



Digitized by Panjab Digital Library | www.panjabdigilib.org

ਅਸੀਂ ਇਕ ਹੋਰ ਗਲ ਦਸਣੀ ਚਾਹੁੰਦੇ ਹਾਂ ਕਿ ਮਾਰਚ 1972 ਵਿਚ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਬੈਂਕੌਕ (ਥਾਈਲੈਂਡ) ਵਿਚ ਗਏ। ਬਾਬਾ ਜਗਜੀਤ ਸਿੰਘ ਨਾਮਧਾਰੀ ਵੀ ਉਥੇ ਸਨ। ਉਨ੍ਹਾਂ ਨੇ ਸਾਥੀਆਂ ਸਮੇਤ ਰਾਸ਼ਟਰਪਤੀ ਦਾ ਸੁਆਗਤ ਕੀਤਾ। ਬੈਂਕੌਕ ਦੇ 'ਨੇਸ਼ਨ' ਅਖਬਾਰ ਮਿਤੀ 27 ਮਾਰਚ 1972 ਵਿਚ ਕੂਕਿਆਂ ਦੀਆਂ ਕਈ ਪੁਰਾਣੀਆਂ ਅਤੇ ਤੇ ਰਾਸ਼ਟਰਪਤੀ ਨਾਲ ਬਾਬਾ ਜਗਜੀਤ ਸਿੰਘ ਜੀ ਦੀਆਂ ਤਸਵੀਰਾਂ ਪ੍ਰਕਾਸ਼ਤ ਹੋਈਆਂ। ਉਸ ਮੌਕੇ ਮਹਾਸ਼ਾ ਸ਼ਿਵ ਲਾਲ ਵੀ ਬੈਂਕੌਕ ਜਾ ਪੁੱਜਾ। ਉਸ ਤੋਂ ਜਾਪਦਾ ਹੈ ਕਿ ਉਸ ਨੇ ਸਿੱਖਾਂ ਦੇ ਵਿਰੁੱਧ ਤੇ ਕੂਕਾ ਡਮ ਦੀ ਡੁੱਗੀ ਪਿਟਣ ਲਈ ਪਿਛਲੇ ਸਾਲ ਆਪਣੀ ਚੁਵੱਰਕੀ ਵਿਚ 'ਨਦੇੜ ਟੂ ਨਾਭਾ' ਦੀ ਜੋ ਲੜੀ ਲਿਖੀ ਹੈ, ਉਸ ਨੂੰ ਥਾਈਲੈਂਡ ਦੇ ਨਾਮਧਾਰੀ ਸੇਠਾਂ ਕੋਲੋਂ ਮਾਇਆ ਦੇ ਗੱਫੇ ਲੈ ਕੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਕਰਨਾ ਚਾਹੁੰਦਾ ਹੈ। ਜਿਸ ਵਿਚ ਉਸਦੀ ਆਪਣੀ ਕੋਈ ਖੋਜ ਨਹੀਂ। ਦੋ ਤਿੰਨ ਕੂਕੇ ਲਿਖਾਰੀਆਂ ਦੀਆਂ ਗਲਤ ਆਪਾ ਵਿਰੋਧੀ ਤੇ ਊਟ ਪਟਾਂਗ ਲਿਖਤਾਂ ਦਾ ਅੰਗਰੇਜ਼ੀ ਅਨੁਵਾਦ ਹੈ।



Digitized by Panjab Digital Library | www.panjabdigilib.org

# ੩.

# ਗੁਰਤਾ ਦੀ ਇਤਿਹਾਸਿਕ ਪੜਚੋਲ

ਕੂਕਿਆਂ ਕੋਲ ਗੁਰਬਾਣੀ ਤੇ ਪੰਜਾਂ ਪਿਆਰਿਆਂ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਲਈ ਕੋਈ ਦਲੀਲ ਅਤੇ ਇਤਿਹਾਸਿਕ ਸਬੂਤ ਨਹੀਂ। ਪਰ ਅਜ ਦੇ ਕੂਕੇ ਲਿਖਾਰੀ ਗੁਰੂ ਡਮ ਦੇ ਜਾਲ ਵਿਚ ਫਸ ਜਾਣ ਕਰਕੇ ਇੰਨਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ। ਜਿਹੜੀ ਸਿੱਖ ਸੰਪ੍ਰਦਾਇ ਗੁਰ-ਬਾਣੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਦੀ ਹੈ, ਉਹ ਗੁਰਮਤਿ ਦੀ ਵਿਰੋਧੀ ਹੈ। ਉਸਦੀ ਪੋਜ਼ੀਸ਼ਨ ਹੈ-

ਪੇਡ ਮੁੱਢਾਹੂ ਕਟਿਆ ਤਿਸੁ ਡਾਲ ਸੁਕੰਦੇ ॥

ਜਿਸ ਬੂਟੇ ਦੀ ਜੜ੍ਹ ਵੱਢੀ ਜਾਏ ਉਸਦੇ ਡਾਹਣ ਸੁੱਕ ਜਾਂਦੇ ਹਨ। ਅਸਲ ਵਿਚ ਸੰਸਾਰ ਅੰਦਰ ਕਿਸੇ ਦੇਹ ਦੀ ਪੂਜਾ ਨਹੀਂ ਕੀਤੀ ਜਾਂਦੀ। ਪੂਜਾ ਅਤੇ ਸਤਿਕਾਰ ਆਤਮਿਕ ਗੁਣਾਂ ਅਤੇ ਸ਼ੁਭ ਕਰਨੀ ਦਾ ਕੀਤਾ ਜਾਂਦਾ ਹੈ।

ਭਾਰਤ ਵਿਚ ਬ੍ਰਹਮ ਰਿਸ਼ੀਆਂ ਦੇ ਆਤਮਿਕ ਅਨੁਭਵ ਅਤੇ ਗਿਆਨ ਨੂੰ ਵੇਦ ਕਿਹਾ ਜਾਂਦਾ ਹੈ। ਵੇਦ ਸ਼ਬਦ 'ਵਿਦ' ਧਾਤੂ ਤੋਂ ਬਣਿਆ ਹੈ। ਜਿਸਦੇ ਅਰਥ ਹਨ-'ਗਿਆਨ ਜਾਂ ਜਾਣਨਾ।' ਉਸ ਆਤਮਿਕ ਗਿਆਨ ਨੂੰ ਸਾਰੇ ਹਿੰਦੂ 'ਵੇਦ ਭਗਵਾਨ ਮੰਨਦੇ ਹਨ। ਉਸ ਨੂੰ ਦੋ ਭਾਗਾਂ ਵਿਚ ਬਿਆਨ



Digitized by Panjab Digital Library | www.panjabdigilib.org

ਕੀਤਾ ਗਿਆ ਹੈ। ਸ਼ਰੁਤੀ ਅਤੇ ਸਿੰਮ੍ਰਤੀ, ਸੁਣਿਆ ਹੋਇਆ ਤੇ ਚੇਤੇ ਕੀਤਾ ਹੋਇਆ ਗਿਆਨ।

ਕਈ ਗ੍ਰੰਥਾਂ ਵਿਚ ਲਿਖਿਆ ਹੈ ਕਿ ਜੇਹੜਾ ਵੇਦ ਨੂੰ ਨਹੀਂ ਮੰਨਦਾ ਉਹ ਨਾਸਤਕ ਹੈ।

ਸ਼ੱਤ-ਪੱਥ ਬ੍ਰਾਹਮਣ ਵੇਦ ਦਾ ਹੀ ਇਕ ਅੰਗ ਹੈ। ਉਸ ਵਿਚ ਲਿਖਿਆ ਹੈ ਕਿ ਪਰਜਾ ਪਤਿ(ਈਸ਼ਵਰ) ਨੇ 'ਭੂ' ਕਿਹਾ, ਤਦ ਪ੍ਰਿਥਵੀ ਬਣ ਗਈ। ਜਦ 'ਭੁਵ' ਕਿਹਾ ਤਦ ਆਕਾਸ਼ ਬਣਿਆ। [ਮਹਾਨ ਕੋਸ਼ ਪੰਨਾ ੪੭੧

ਦਸਣ ਦਾ ਭਾਵ ਇਹ ਹੈ ਕਿ ਹਿੰਦੂ ਮਤ ਵਿਚ ਵੇਦ ਨੂੰ ਸਿਰਫ ਈਸ਼ਵਰੀ ਗਿਆਨ,ਅਕਾਸ਼ ਬਾਣੀ,ਰਿਸ਼ੀਆਂ ਤੇ ਬ੍ਰਹਮਾ ਦਾ ਆਤਮਿਕ ਅਨੁਭਵ ਮੰਨਣ ਦੇ ਨਾਲ ਪ੍ਰਿਥਵੀ ਅਤੇ ਆਕਾਸ਼ ਤੇ ਸ੍ਰਿਸ਼ਟੀ ਦੀ ਰਚਨਾ ਵੀ 'ਭੂ'ਅਤੇ 'ਭੁਵ' ਦੋ ਸ਼ਬਦਾਂ ਤੋਂ ਮੰਨੀ ਜਾਂਦੀ ਹੈ।-ਸ਼ਬਦੋ ਧਰਤੀ ਸ਼ਬਦ ਆਕਾਸ਼।

ਜਿਸ ਵਕਤ ਨਿਰੰਕਾਰ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਉਸ ਵਕਤ ਉਸ ਦਾ ਫੁਰਨਾ ਸ਼ਬਦ ਦਾ ਰੂਪ ਧਾਰਨ ਕਰ ਲੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਵਿਚ ਵੀ ਫੁਰਮਾਇਆ ਹੈ-ਕੀਤਾ ਪਸਾਉ ਏਕੋ ਕਵਾਉ

ਤਿਸਤੇ ਹੋਏ ਲਖ ਦਰੀਆਉ ॥ [੧੬

ਯਾਗ ਵਲਕ ਅਤੇ ਬਿਆਸ ਨੂੰ ਕਿਸੇ ਨਹੀਂ ਤਕਿਆ, ਗਿਆਨ ਕਰਕੇ ਪੂਜੇ ਜਾਂਦੇ ਹਨ।

ਬ੍ਰਹਮ ਰਿਸ਼ੀ ਵਸ਼ਿਸ਼ਟ ਦਾ ਸਤਿਕਾਰ ਉਸ ਦੇ ਯੋਗ ਵਸ਼ਿਸ਼ਟ ਕਰਕੇ ਕੀਤਾ ਜਾਂਦਾ ਹੈ, ਜੋ ਸ੍ਰੀ ਰਾਮ ਚੰਦਰ ਪ੍ਰਤੀ ਉਨ੍ਹਾਂ ਨੇ ਉਪਦੇਸ਼ ਰੂਪ ਵਿਚ ਵਰਣਨ ਕੀਤਾ। ਗੀਤਾ ਕਰਕੇ



Digitized by Panjab Digital Library | www.panjabdigilib.org

ਸ੍ਰੀ ਕ੍ਰਿਸ਼ਨ ਅਵਤਾਰ ਨੂੰ ਮੰਨਿਆ ਜਾਂਦਾ ਹੈ।

ਬੋਧੀ ਮਹਾਤਮਾ ਬੁਧ ਦੇ ਤ੍ਰਿਪਟਕਾਂ ਦਾ ਸਤਿਕਾਰ ਕਰਦੇ ਹਨ ।

ਯਹੂਦੀ ਮੂਸਾ ਦੇ ਦਸ ਅਸੂਲਾਂ ਨੂੰ ਰੱਬੀ ਮੰਨਦੇ ਅਤੇ ਇਹ ਯਕੀਨ ਰਖਦੇ ਹਨ ਕਿ ਖੁਦਾ ਨੇ ਮੂਸਾ ਨੂੰ ਦਸ ਅਸੂਲ ਇਕ ਫੱਟੀ ਉੱਤੇ ਲਿਖ ਕੇ ਦਿਤੇ ।

ਈਸਾਈ ਇਕ ਵੱਡਾ ਮੱਤ ਹੈ। ਉਹ ਅੰਜੀਲ ਨੂੰ ਰੱਬੀ ਗਿਆਨ ਮੰਨਦੇ ਹਨ। ਯੂਹੰਨਾ ਦੀ ਅੰਜੀਲ ਵਿਚ ਲਿਖਿਆ ਹੈ ਕਿ 'ਆਰੰਭ ਵਿਚ ਕਲਮ ਸੀ। ਕਲਾਮ ਦੀ ਰੱਬ ਦੇ ਨਾਲ ਸੀ। ਬਲਕਿ ਕਲਾਮ ਹੀ ਖ਼ੁਦਾ ਦਾ ਰੂਪ ਸੀ।'

ਈਸਾਈ ਆਸਮਾਨੀ ਬਾਪ ਤੇ ਈਸਾ ਨੂੰ ਮੁਕਤੀ ਦਾਤਾ ਮੰਨਣ ਦੇ ਨਾਲ ਸ਼ਬਦ ਜਾਂ ਕਲਾਮ ਨੂੰ ਵੀ ਰੱਬ ਦਾ ਰੂਪ ਸਮਝਦੇ ਹਨ। ਮੁਸਲਮਾਨ ਕੁਰਾਨ ਨੂੰ ਰੱਬੀ ਕਲਾਮ, ਇਲਹਾਮ ਵਹੀ ਮੰਨਦੇ ਹਨ। ਉਸ ਨੂੰ ਕੁਰਾਨ ਕਰੀਮ ਆਖਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਖ਼ੁਦਾ ਨੇ ਕੁੰਨ ਕਿਹਾ, ਜਿਸ ਤੋਂ ਸ੍ਰਿਸ਼ਟੀ ਬਣ ਗਈ। ਇਸੇ ਤਰ੍ਹਾਂ ਅਸੀਂ ਸਿੱਖ ਗੁਰਬਾਣੀ ਨੂੰ ਧੁਰ ਦੀ ਬਾਣੀ, ਅਕਾਲੀ ਬਾਣੀ ਅਤੇ ਦਸ ਸਤਿਗੁਰੂਆਂ ਦਾ ਆਤਮਿਕ ਸਰੂਪ ਮੰਨਦੇ ਹਾਂ।

ਯੂਨਾਨ ਦੇ ਮਹਾਤਮਾ ਸੁਕ੍ਰਾਤ ਨੂੰ ਹੋਇਆਂ ਢਾਈ ਹਜ਼ਾਰ ਸਾਲ ਹੋ ਗਏ ਹਨ। ਉਸ ਨੂੰ ਪੱਛਮੀ ਫਿਲਾਸਫ਼ੀ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਉਸ ਦੇ ਸ਼ਗਿਰਦਾਂ ਪਲਾਟੋ ਅਤੇ ਜ਼ੇਨਾਫਿਨ ਨੇ ਸੁਕ੍ਰਾਤ ਦੀ ਜੋ ਸਿਖਿਆ ਤੇ ਜੀਵਨ ਲਿਖਿਆ ਹੈ, ਉਸਨੂੰ ਪੜ੍ਹਕੇ ਦੁਨੀਆਂ ਸੁਕ੍ਰਾਤ ਦਾ ਸਤਿਕਾਰ ਕਰਦੀ ਹੈ।



Digitized by Panjab Digital Library | www.panjabdigilib.org

ਚੀਨ ਦੇ ਪ੍ਰਸਿੱਧ ਵਿਚਾਰਵਾਨ ਕਨਫੀਊਸ਼ਸ਼ ਨੂੰ ਹੋਇਆਂ ਵੀ ਢਾਈ ਹਜ਼ਾਰ ਬਰਸ ਹੋ ਗਏ ਹਨ। ਉਸਦੀ ਵੀ ਲਿਖਤ ਪੜ੍ਹੀ ਜਾਂਦੀ ਹੈ।

ਪ੍ਰਸਿੱਧ ਸਾਇੰਸਦਾਨ ਨੀਊਟਨ ਅਸੀਂ ਨਹੀਂ ਵੇਖਿਆ ਪਰ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਲੱਖਾਂ ਵਿਦਿਆਰਥੀ ਨੀਊਟਨ ਦੇ ਆਕਰਖਣ ਸ਼ਕਤੀ (Gravitation) ਦੇ ਸਿਧਾਂਤ ਨੂੰ ਪੁਸਤਕਾਂ ਵਿਚੋਂ ਹੀ ਪੜ੍ਹਦੇ ਹਾਂ। ਡਾਰਵਿਨ ਦਾ ਵਿਕਾਸਵਾਦ ਉਸਦੀ ਲਿਖਤ 'ਜਾਤੀਆਂ ਦਾ ਮੂਲ' (Origin of Species) ਚੋਂ ਅਤੇ ਕਾਰਲ ਮਾਰਕਸ ਦਾ ਸਮਾਜਵਾਦ ਦਾ ਸਿੱਧਾਂਤ ਉਸਦੀ ਲਿਖਤ 'ਕੈਪੀਟਲ' ਚੋਂ ਹੀ ਪੜ੍ਹਦੇ ਹਾਂ।

ਲੱਖਾਂ ਸਾਲਾਂ ਤੋਂ ਮਨੁੱਖ ਨੇ ਤਜਰਬੇ ਕਰਕੇ ਜੋ ਗਿਆਨ ਪ੍ਰਾਪਤ ਕੀਤਾ ਹੈ, ਭਾਵੇਂ ਉਹ ਧਾਰਮਿਕ ਹੈ, ਫ਼ਿਲਾਸਫ਼ੀ, ਸਾਇੰਸ, ਆਰਟ ਜਾਂ ਇਤਿਹਾਸ ਦੇ ਰੂਪ ਵਿਚ ਹੈ ਉਹ ਗ੍ਰੰਥਾਂ ਵਿਚੋਂ ਹੀ ਮਿਲਦਾ ਹੈ। ਲੱਖਾਂ ਨੌਜਵਾਨ ਪੁਸਤਕ ਪੜ੍ਹਕੇ ਬੀ. ਏ. ਐਮ. ਏ. ਡਾਕਟਰੀ ਪੀ. ਐਚ. ਡੀ. ਅਤੇ ਐਮ. ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ।

ਵਾਸਤਵ ਵਿਚ ਸੰਸਾਰ ਵਿਚ ਆਤਮਿਕ ਗਿਆਨ, ਅਨੁਭਵ ਅਤੇ ਚੰਗੀ ਕਰਨੀ ਹੀ ਮੰਨੀ ਜਾਂਦੀ ਹੈ। ਵਰਤਮਾਨ ਕਾਲ ਦੇ ਕਈ ਗੁਰੂ ਡਮੀਆਂ ਦਾ ਆਪਣਾ ਕੋਈ ਆਤਮਿਕ ਅਨੁਭਵ ਤੇ ਗਿਆਨ ਨਹੀਂ ਹੈ। ਇਸ ਲਈ ਓਟ ਗੁਰਬਾਣੀ ਦੀ ਲੈ ਕੇ ਆਪਣੇ ਗੁਰੂ ਡਮ ਦੀ ਡੁਗੀ ਪਿੱਟਦੇ ਹਨ। ਹੁਣ ਅਕਲ ਦਲੀਲ ਤੇ ਸਾਇੰਸ ਦੇ ਜੁਗ ਵਿਚ ਇਹ ਗਲ ਨਹੀਂ ਚਲ ਸਕਦੀ।



Digitized by Panjab Digital Library | www.panjabdigilib.org

ਹੁਣ ਅਸੀਂ ਬਾਣੀ ਗੁਰੂ ਸੰਬੰਧੀ ਕੁਝ ਪ੍ਰਮਾਣ ਪੇਸ਼ ਕਰਦੇ ਹਾਂ। ਜਿਸ ਤਰ੍ਹਾਂ ਸਥੂਲ ਵਸਤਾਂ ਨੂੰ ਅਸੀਂ ਅੱਖਾਂ ਨਾਲ ਵੇਖ ਸਕਦੇ ਹਾਂ, ਪਰ ਸੂਖਮ ਅਣੂ-ਪ੍ਰਮਾਣੂ ਵੇਖਣ ਲਈ ਖੁਰਦਬੀਨ ਦੀ ਲੋੜ ਪੈਂਦੀ ਹੈ, ਇਸੇ ਤਰ੍ਹਾਂ ਕਿਸੇ ਦੇਹ ਨੂੰ ਮੱਥੇ ਟੇਕਣੇ ਜਾਂ ਮੰਨਣਾ ਸੌਖਾ ਹੈ। ਪਰ ਗੁਰਬਾਣੀ ਨੂੰ ਗੁਰੂ ਮੰਨਣਾ ਸੂਖਮ ਅਤੇ ਵਿਵੇਕ ਬੁੱਧੀ ਦਾ ਕੰਮ ਹੈ।

ਜਿਵੇਂ ਗੁਲਾਬ ਜਾਂ ਕੇਉੜੇ ਦੇ ਅਰਕ ਅਤੇ ਅਤਰ ਵਿਚ ਉਨ੍ਹਾਂ ਦੇ ਬੂਟਿਆਂ, ਟਹਿਣੀਆਂ ਪੱਤਰ ਆਦਿਕ ਨਹੀਂ ਹੁੰਦੇ ਸੂਖਮ ਰੂਹ ਹੁੰਦੀ ਹੈ। ਇਸੇ ਤਰ੍ਹਾਂ ਬਾਣੀ ਵਿਚ ਸਤਿਗੁਰੂਆਂ ਦੀ ਆਤਮਾ ਹੈ।

ਪ੍ਰਸਿੱਧ ਵਿਚਾਰਵਾਨ ਕਾਰਲਾਇਲ ਦਾ ਕਥਨ ਹੈ—

'ਜਦ ਕਿਸੇ ਮਹਾਂ ਪੁਰਸ਼ ਦੀ ਰਚਨਾ ਪੜ੍ਹਦੇ ਹਾਂ, ਉਸ ਵਕਤ ਉਸਦੇ ਆਤਮਿਕ ਦਰਸ਼ਨ ਕਰਦੇ ਹਾਂ।'

ਸਤਿਗੁਰੂ ਜਦ ਵੀ ਆਤਮਿਕ ਤੌਰ ਤੇ ਸ੍ਰੀ ਵਾਹਿਗੁਰੂ ਵਿਚ ਲਿਵਲੀਨ ਹੁੰਦੇ ਰਹੇ ਹਨ, ਉਸ ਵਕਤ ਉਹ ਗੁਰਬਾਣੀ ਉਚਾਰਨ ਕਰਦੇ ਹਨ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ- ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥
(ਤਿਲੰਗ ਮ. ੧)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਾਕ ਹੈ-

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥ [ਸੂਹੀ ਮ:੫

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਨੁਭਵ ਪ੍ਰਕਾਸ਼ ਸ਼ਬਦ



Digitized by Panjab Digital Library | www.panjabdigilib.org

ਰੂਪ ਵਿਚ ਹੋਇਆ, ਇਸ ਲਈ ਉਨਾਂ ਨੇ ਸਿਧ ਗੋਸ਼ਟ ਵਿਚ ਕਿਹਾ ਹੈ-

'ਸ਼ਬਦ ਗੁਰੂ ਸੁਰਤਿ ਧੁਨ ਚੇਲਾ।'

ਅਚਲ ਵਟਾਲੇ ਦੀ ਗੋਸ਼ਟ ਵਿਚ ਸਿਧਾਂ ਨੇ ਬੜੀਆਂ ਕਰਾਮਾਤਾਂ ਵਿਖਾਈਆਂ। ਪਰ ਗੁਰੂ ਸਾਹਿਬ ਨੇ ਕੋਈ ਪ੍ਰਭਾਵ ਕਬੂਲ ਨਾ ਕੀਤਾ। ਭਾਈ ਗੁਰਦਾਸ ਲਿਖਦੇ ਹਨ—

ਸਿੱਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ।
ਕੁਝ ਦਿਖਾਇ ਅਸਾਂ ਨੂੰ ਤੂੰ ਕਿਉਂ ਢਿਲ ਅਜੇਹੀ ਲਾਈ।
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤ ਨਾ ਕਾਈ।
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।

[ਵਾਰ ੧-੪੨

ਗੁਰੂ ਸਾਹਿਬ ਨੇ ਸੰਗਤ ਤੇ ਬਾਣੀ ਨੂੰ ਸਭ ਤੋਂ ਵੱਡੀ ਕਰਾਮਾਤ ਬਿਆਨ ਕੀਤਾ ਹੈ। ਉਨ੍ਹਾਂ ਦਾ ਇਹੀ ਖਿਆਲ ਗੁਰੂ ਅਤੇ ਪੰਜਾਂ ਪਿਆਰਿਆਂ ਦੀ ਨੀਂਵ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਵਾਕ ਹੈ-

1 ਸਤਿਗੁਰ ਕੀ ਜਿਸਨੋ ਮਤਿ ਆਵੈ।
ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ,
ਤਿਸੁ ਅੰਤਰਿ ਰਵੈ ਹਰਿ ਨਾਮਾ॥

(ਬਿਲਾਵਲ ਮ: ੩)

ਭਾਵ-ਜੋ ਬਾਣੀ ਨੂੰ ਦਿਲੋਂ ਜਾਣਦਾ ਹੈ, ਉਸਦੇ ਹਿਰਦੇ ਵਿਚ ਹਰਿ ਨਾਮ ਦਾ ਨਿਵਾਸ ਹੁੰਦਾ ਹੈ।

2 ਇਕਾ ਬਾਣੀ ਇਕ ਗੁਰੁ, ਇਕੋ ਸ਼ਬਦ ਵੀਚਾਰ।

(ਸੋਰਠ ਦੀ ਵਾਰ ਮ: ੩



Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਦੇ ਜੀ ਗੁਰਬਾਣੀ ਦੀ ਬੀੜ ਤਿਆਰ ਕਰਨ ਲਈ ਸੈਂਚੀਆਂ ਲੈਣ ਵਾਸਤੇ ਮੋਹਨ ਦਾਸ ਜੀ ਪਾਸ ਗੋਇੰਦਵਾਲ ਵਿਚ ਬੜੀ ਨਿਮ੍ਰਤਾ, ਅਦਬ ਤੇ ਸਤਿਕਾਰ ਨਾਲ ਗਏ। ਸੈਂਚੀਆਂ ਲੈ ਕੇ ਬੜੇ ਸਤਿਕਾਰ ਨਾਲ ਨੰਗੇ ਪੈਰੀਂ ਸ੍ਰੀ ਅੰਮ੍ਰਿਤਸਰ ਪੁਜੇ। ਰਾਮਸਰ ਬੈਠਕੇ ਆਪਨੇ ਭਾਈ ਗੁਰਦਾਸ ਜੀ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਗੁਰਬਾਣੀ ਦੀ ਮਹਾਨਤਾ ਦਰਸਾਉਂਦੇ ਹੋਏ ਫੁਰਮਾਇਆ-

੧ ਭਗਤਿ ਭੰਡਾਰ ਗੁਰਬਾਣੀ ਲਾਲ
ਗਾਵਤ ਸੁਣਤ ਕਮਾਵਤ ਨਿਹਾਲ ॥
(ਆਸਾ ਮ: ੫)

੨ ਗੁਰ ਕੀ ਬਾਣੀ ਸਿਉ ਰੰਗੁ ਲਾਇ
ਗੁਰ ਕਿਰਪਾ ਹੋਇ ਦੁਖ ਜਾਇ ॥
(ਆਸਾ ਮ: ੫)

੩ ਗੁਰ ਪੂਰੇ ਕੀ ਬਾਣੀ
ਜਪਿ ਅਨਦ ਕਰਹ ਨਿਤ ਪ੍ਰਾਣੀ ॥
(ਸੋਰਠ ਮ: ੫)

੪ ਧੁਰ ਕੀ ਬਾਣੀ ਆਈ
ਤਿਨਿ ਸਗਲੀ ਚਿੰਤ ਮਿਟਾਈ ॥
[ਸੋਰਠ ਮ: ੫

ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਬਾਣੀ ਦੀ ਕੁੰਜੀ ਕਿਹਾ ਗਿਆ ਹੈ। ਉਹ ਬਾਣੀ ਗੁਰੂ ਦੀ ਅਭੇਦਤਾ ਸੰਬੰਧੀ ਲਿਖਦੇ ਹਨ-



Digitized by Panjab Digital Library | www.panjabdigilib.org

੧ ਪਾਰਬ੍ਰਹਮ ਗੁਰ ਸਬਦ ਹੈ
ਨਿਝਰ ਧਾਰ ਵਰ੍ਹੈ ਗੁਣ ਗੁਝੈ ॥ [ਵਾਰ ੭-੧੯

੨ ਸ਼ਬਦ ਗੁਰੂ ਗੁਰ ਜਾਣੀਐ
ਗੁਰਮੁਖ ਹੋਇ ਸੁਰਤਿ ਧੁਨਿ ਚੇਲਾ ॥
[ਵਾਰ ੭-੨੦

੩ ਗੁਰੁ ਮੂਰਤਿ ਗੁਰ ਸ਼ਬਦ ਹੈ
ਸਾਧ ਸੰਗਤਿ ਵਿਚ ਪ੍ਰਗਟੀ ਆਯਾ ।
[ਵਾਰ ੨੪ ਪਉੜੀ ੨੫

੪ ਗੁਰ ਮੂਰਤ ਸਤਿਗੁਰ ਸ਼ਬਦ
ਸਾਧ ਸੰਗਤ ਸਮਸਰ ਪਰਵਾਣਾ ॥ [੩੨-੨

ਭਾਈ ਗੁਰਦਾਸ ਜੀ ਨੇ ਕਬਿੱਤ ਸਵਈਆਂ ਵਿਚ ਬੜੀਆਂ ਸੁੰਦਰ ਉਪਮਾਵਾਂ ਦੇ ਕੇ ਨਿਰਣਾ ਕਰ ਦਿਤਾ ਹੈ ਕਿ ਗੁਰੂ ਬਾਣੀ ਤੇ ਗੁਰੂ ਵਿਚ ਕੋਈ ਭੇਦ ਨਹੀਂ । ਉਹ ਲਿਖਦੇ ਹਨ—

ਜੈਸੇ ਫਲ ਸੇ ਬਿਰਖ, ਬਿਰਖ ਸੇਂ ਹੋਤ ਫਲ,
ਅਦਭੁਤਿ ਗਤਿ ਕਛੁ ਕਹਿਨ ਨ ਆਵੈ ਜੀ ।
ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ,
ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ।
ਕਾਸਮ ਮੇਂ ਅਗਨਿ ਹੈ ਅਗਨਿ ਮੇਂ ਕਾਸਟ ਹੈ,
ਅਤਿ ਅਸਚਰਜ ਕੌਤਕ ਕਹਾਵੈ ਜੀ ।
ਸਤਿਗੁਰ ਮੈਂ ਸ਼ਬਦ, ਸ਼ਬਦ ਮੈਂ ਸਤਿਗੁਰ ਹੈ,
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ ॥ [੫੩੪

ਭਾਵ-ਜਿਸ ਤਰ੍ਹਾਂ ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਹੁੰਦਾ ਹੈ, ਇਹ ਅਸਚਰ ਜਗਤਿ ਕਹਿਣ ਵਿਚ ਨਹੀਂ ਆਉਂਦੀ ।



Digitized by Panjab Digital Library | www.panjabdigilib.org

ਜਿਸ ਤਰ੍ਹਾਂ ਸੁਗੰਧੀ ਚੰਦਨ ਵਿਚ ਤੇ ਚੰਦਨ ਸੁਗੰਧੀ ਵਿਚ ਹੁੰਦਾ ਹੈ, ਲਕੜੀ ਵਿਚ ਅਗਨਿ ਅਤੇ ਅਗਨਿ ਵਿਚ ਲਕੜੀ ਮਿਲੀ ਹੁੰਦੀ ਹੈ, ਇਸੇ ਤਰ੍ਹਾਂ ਸਤਿਗੁਰੂ ਵਿਚ ਸ਼ਬਦ ਤੇ ਸ਼ਬਦ ਵਿਚ ਸਤਿਗੁਰੂ ਨਿਵਾਸ ਕਰਦੇ ਹਨ।

ਇਤਿਹਾਸਕਾਰ ਲਿਖਦੇ ਹਨ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਕੇ ਭਾਦਰੋਂ ਸ਼ੁਦੀ ਏਕਮ ਸੰਮਤ 1661 ਨੂੰ ਉਸਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ, ਉਸ ਵਕਤ ਸੰਗਤ ਨੂ ਸੰਬੋਧਨ ਕਰਕੇ ਫੁਰਮਾਇਆ-

1 'ਗੁਰ ਆਗਿਆ ਸਭ ਹੀ ਸੁਨੋ,
ਸਤ ਬਚਨ ਨਿਰਧਾਰ।
ਗਰੰਥ ਗੁਰੂ ਸਮ ਮਾਨੀਉ,
ਭੇਦ ਨਾ ਕੋਊ ਬਿਚਾਰ।

(ਗੁਰ ਬਿਲਾਸ ਪਾਤਸ਼ਾਹੀ ੬)

ਰਾਤ ਨੂੰ ਬੀੜ ਸੰਤੋਖ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਲਾਗੇ ਕੋਠੇ ਵਿਚ ਬਿਰਾਜਮਾਨ ਕਰਵਾਈ ਜਾਂਦੀ। ਉਸ ਵਕਤ ਗੁਰੂ ਸਾਹਿਬ—

ਦੋਹਰਾ—ਭੂਮ ਸੈਨ ਨਿਤ ਪ੍ਰਭ ਕਰੋਂ,
ਗੁਰੂ ਗਰੰਥ ਕੇ ਪਾਸ।
ਗੁਰੂ ਗਰੰਥ ਭਗਵੰਤ ਸਮ,
ਜਾਨੇ ਕਰ ਅਰਦਾਸ।

[ਗੁਰ ਬਿਲਾਸ ਪਾ: ੬ਵੀਂ ਅਧਿ: ੫

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ-



Digitized by Panjab Digital Library | www.panjabdigilib.org

ਸ੍ਰੀ ਗੁਰੂ ਕਹਿਓ ਪ੍ਰਭੁ ਦਰਬਾਰਾ ।
ਗਰੰਥ ਪ੍ਰਮੇਸ਼ਰ ਕੋ ਅਵਤਾਰਾ । (ਰੁਤ ੩ ਅੰਸੂ ੪੯)

ਗਿ: ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:-

ਸ੍ਰੀ ਹਰਿ ਮੰਦਰ ਕੇ ਅੰਦਰ ਸੋ ਥਾਪ ਦੀਨੋ,
ਗੁਰਬਾਣੀ ਪਰ ਸੋਭਵਤ ਲਖਾਇਕੈ ।

ਛੇਵੀਂ ਪਾਤਸ਼ਾਹੀ ਦੇ ਜੀਵਨ ਵਿਚ ਪ੍ਰਸੰਗ ਆਉਂਦਾ ਹੈ ਹੈ ਕਿ ਹਾਫ਼ਜ਼ਾਬਾਦ ਦੇ ਇਕ ਖਤਰੀ ਭਾਈ ਗੋਪਾਲੇ ਨੇ ਜਪੁਜੀ ਸਾਹਿਬ ਦਾ ਸ਼ੁਧ ਪਾਠ ਕੀਤਾ । ਗੁਰੂ ਸਾਹਿਬ ਉਸਨੂੰ ਸਿੰਘਸਨ ਪਰ ਬਿਠਾਉਣ ਲਈ ਤਿਆਰ ਹੋ ਗਏ । ਪਰ ਪਾਠ ਦੇ ਭੋਗ ਸਮੇਂ ਉਸਦੀ ਬਿਰਤੀ ਡੋਲ ਗਈ । ਜਿਸ ਕਰਕੇ ਉਸਨੂੰ ਸਿੰਘਾਸਨ ਪਰ ਨਹੀਂ ਬਿਠਾਇਆ ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦੀ ਪ੍ਰਸਿੱਧ ਸਾਖੀ ਹੈ ਕਿ ਇਕ ਵਾਰ ਆਪ ਬਿਰਾਜਮਾਨ ਸਨ । ਸੰਗਤ ਬਾਹਰੋਂ ਗੁਰਬਾਣੀ ਦਾ ਕੀਰਤਨ ਕਰਦੀ ਹੋਈ ਆਈ । ਭਾਈ ਸੰਤੋਖ ਸਿੰਘ ਲਿਖਦੇ ਹਨ-

ਸੁਨ ਬਾਣੀ ਪੁਨ ਸਤਿਗੁਰ ਜਾਗੇ ।
ਕਰੀ ਸ਼ੀਘਰਤਾ ਸਿਹਜ੧ ਤਿਆਗੇ ।
ਪਾਟੀ ਚੋਟੀ ਸੋ ਦਾਸਨ ਹੇਰੀ੨ ।
ਕਰ ਧਰ ਮਰਦਨ੩ ਕੀਨੇ ਘਨੇਰੀ ।
ਪੁਨ ਕਰ ਜੋਰੇ ਪੂਛਨ ਲਾਗੇ ।
ਸ੍ਰੀ ਸਤਿਗੁਰ ਤੁਮ ਕਿਮ ਬਿਧ ਲਾਗੇ ।
ਸ੍ਰੀ ਹਰਿ ਰਾਇ ਸੁਨ ਕਰ ਉਚਾਰੇ ।

---

੧ ਸੇਜ । ੨ ਵੇਖੀ । ੩ ਮਲਣਾ ।



Digitized by Panjab Digital Library | www.panjabdigilib.org

ਸੁਨਹੁ ਸਿਖ ਤੁਮ ਤੇ ਮਮ ਪਿਆਰੇ।
ਗੁਰ ਅਨਭੈ੪ ਬਿਚ ਬਾਣੀ ਰੂਪ।
ਜਾਕੀ ਮਹਿਮਾ ਅਮਿਤ ਅਨੂਪ।
ਗੁਰਬਾਣੀ ਕੋ ਭੈ ਹਮ ਧਰਕੈ।
ਤਜਯੋ ਪ੍ਰਯੰਕ੫ ਸ਼ੀਘ੍ਰਤਾ ਕਰਕੈ।
ਜੋ ਗੁਰੂ ਭਗਤ ਸਿਖ ਹੈ ਮੇਰਾ।
ਗੁਰੁ ਬਾਣੀ ਭੈ ਤਿਸੈ ਘਨੇਰਾ।
ਜਿਨ ਭੈ ਅਦਬ ਨਾ ਬਾਨੀ ਧਾਰਾ।
ਜਾਨਹੁ ਸੋ ਸਿਖ ਨਹੀ ਹਮਾਰਾ।

[ਰਾਸ ੧੦ ਅੰਸੂ ੨੧

ਭਾਵ—ਗੁਰੂ ਸਾਹਿਬ ਬਾਣੀ ਦੀ ਧੁਨ ਸੁਣਕੇ ਕਾਹਲੀ ਨਾਲ ਉਠੇ। ਉਨ੍ਹਾਂ ਨੂੰ ਚੋਟ ਲਗ ਗਈ। ਸਿਖਾਂ ਦੇ ਪੁਛਣ ਧਰ ਹਜ਼ੂਰ ਨੇ ਕਿਹਾ ਕਿ ਜੋ ਗੁਰਬਾਣੀ ਦਾ ਅਦਬ ਸਤਿਕਾਰ ਨਹੀਂ ਕਰਦਾ ਉਹ ਸਾਡਾ ਸਿੱਖ ਨਹੀਂ ਹੈ।

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸ਼ਾਹਿਬ ਨੇ ਦਿਲੀ ਵਿਚ ਜੋਤੀ ਜੋਤ ਸਮਾਉਣ ਸਮੇਂ ਸਿੱਖ ਸੰਗਤਾਂ ਨੂੰ ਕਿਹਾ-

ਗੁਰੂ ਗਰੰਥ ਸਾਹਿਬ ਸਭ ਕੇਰਾ।
ਜੋ ਹਮਰੋ ਚਹੈ ਦਰਸ਼ਨ ਹੇਰਾ।

---

੪. ਅਨੁਭਵ।　　੫. ਪਲੰਘ।



Digitized by Panjab Digital Library | www.panjabdigilib.org

ਸੋ ਸਰਧਾ ਧਰਨ ਹੇਰਨ ਕਰੈ।
ਪਾਪਨ ਮਨ ਕੋ ਤਤ ਛਿਨ ਹਰੈ।
ਹਮ ਸੋ ਬਾਤ ਕਰਨ ਕਉ ਚਾਹਹਿ।
ਪਠਹਿ ਸੁਨਹਿ ਗੁਰੂ ਗ੍ਰੰਥ ਉਮਾਹਿ।
ਤਨ ਸਦੀਵ ਥਿਰ ਹੋਇ ਨ ਕੋਇ।
ਰਿਦਾ ਗ੍ਰੰਥ ਗੁਰ ਕੋ ਲੇਹੁ ਜੋਇ।

[ਰਾਸ ੧੦ ਅੰਸੂ ੫੧

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਸਾਹਿਬ ਸਾਬੋਕੀ ਤਲਵੰਡੀ ਵਿਚ ਭਾਈ ਮਨੀ ਸਿੰਘ ਜੀ ਤੋਂ ਗੁਰਬਾਣੀ ਦੀ ਬੀੜ ਲਿਖਵਾਈ। ਉਸਦਾ ਪੂਰਨ ਸਤਿਕਾਰ ਕੀਤਾ।

ਗੁਰ ਬਿਲਾਸ ਵਿਚ ਅੰਕਿਤ ਹੈ—

ਗੁਰੂ ਗਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ।
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜਾਨ।
ਗੁਰੂ ਦਰਮ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨ ਗੁਰ ਸੋਂ ਚਹੈਂ ਪੜੈ ਗ੍ਰੰਥ ਮਨ ਲਾਇ।

ਭਾਈ ਨੰਦ ਲਾਲ ਜੀ ਸ੍ਰੀ ਦਸਮੇਸ਼ ਜੀ ਦੇ ਸਾਦਿਕ ਤੇ ਹਜ਼ੂਰੀ ਸਿੱਖ, ਫਾਰਸੀ ਦੇ ਕਵੀ ਸਨ। ਉਹ ਲਿਖਦੇ ਹਨ ਕਿ ਦਸਮੇਸ਼ ਜੀ ਨੇ ਫੁਰਮਾਇਆ-

ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰ ਸ਼ਬਦ ਕਹੋਂ ਤੋਹਿ ਸਮਝਾਇ।
ਏਕ ਰੂਪ ਤਿਹ ਗੁਣ ਤੇ ਪਰੈ।
ਨੇਤਿ ਨੇਤਿ ਜਿਹ ਨਿਗਮ ਬਿਚਰੈ।



Digitized by Panjab Digital Library | www.panjabdigilib.org

ਦੂਸਰ ਰੂਪ ਗਰੰਥ ਜੀ ਜਾਨ ।
ਆਪਨ ਅੰਗ ਮੇਰੋ ਕਰ ਮਾਨੁ ।
ਜੋ ਸਿਖ ਗੁਰ ਦਰਸ਼ਨ ਕੀ ਚਾਹੁ ।
ਦਰਸ਼ਨ ਕਰੈ ਗਰੰਥ ਜੀ ਆਇ ।

ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਦੇ 33 ਸਾਲ ਬਾਅਦ ਸੰਮਤ 1798 (ਸੰਨ 1741 ਈ:) ਵਿਚ ਬਾਵਾ ਸਰੂਪ ਦਾ ਭੱਲੇ ਨੇ 'ਮਹਿਮਾ ਪ੍ਰਕਾਸ਼' ਵਾਰਤਕ ਲਿਖਿਆ । ਉਸ ਵਿਚ ਦਰਜ ਹੈ ਕਿ ਸ੍ਰੀ ਦਮਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲੇ ਸਿਖਾਂ ਨੇ ਪੂਛਾ ਅਬ ਦਰਸ਼ਨ ਕਹਾਂ ਕਰਹਿੰ, ਸਤਿਗੁਰ ਦੀਨ ਦਿਆਲ ਬਚਨ ਕੀਆ, ਜੋ ਦਸ ਸਰੂਪ ਹਮਾਰੇ ਪੂਰਨ ਭਏ । ਅਬ ਮੇਰੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਂਗੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ੧੯ਵੀਂ ਸਦੀ ਵਿਚ ਗੈਰ ਸਿੱਖ ਇਤਿਹਾਸਕਾਰਾਂ ਨੇ ਜੋ ਕੁਝ ਲਿਖਿਆ ਹੈ, ਉਸ ਦੀਆਂ ਕੁਝ ਉਦਾਹਰਨਾਂ ਪੇਸ਼ ਕਰਦੇ ਹਾਂ-

1. ਇਕ ਈਰਾਨੀ ਯਾਤਰੀ ਅਹਿਮਦ ਬਿਨ ਮੁਹੰਮਦ ਭਾਰਤ ਵਿਚ ਆਇਆ । ਉਸ ਨੇ ਸੰਨ 1225 ਹਿਜਰੀ (1810 ਈਸਵੀ) ਵਿਚ ਫ਼ਾਰਸੀ ਦੀ ਪੁਸਤਕ 'ਮਿਰਾਤੁਲ ਅਹਿਵਾਲ ਜਹਾਨ ਨੁਮਾ' ਲਿਖੀ। ਉਹ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਬਾਰੇ ਲਿਖਦਾ ਹੈ-

'ਔਲਾਦੇ ਗੁਰੂ ਗੋਬਿੰਦ ਮਜ਼ਕੂਰ ।'



Digitized by Panjab Digital Library | www.panjabdigilib.org

ਦਰ ਜੰਗੇ ਆਲਮ ਗੀਰ ਕੁਸ਼ਤਾ ਸ਼ੁਦੰਦ।
ਬਾਅਦ ਅਜ਼ ਊ ਖਲੀਫਾ ਨੇਸਤ।
ਬਜੁਜ਼ ਈਂ ਗ੍ਰੰਥ ਜੀ ਇਬਾਦਤੇ ਨਦਾਰੰਦ।

ਭਾਵ-ਗੁਰੂ ਗੋਬਿੰਦ ਸਿੰਘ ਜੀ ਦੀ ਸੰਤਾਨ ਆਲਮਗੀਰ ਔਰੰਗਜ਼ੇਬ ਦੀਆਂ ਜੰਗਾਂ ਵਿਚ ਮਾਰੀ ਗਈ। ਉਨ੍ਹਾਂ ਦੇ ਪਿਛੋਂ ਕੋਈ ਖਲੀਫਾ (ਗੁਰੂ) ਨਹੀਂ ਹੋਇਆ। ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕਿਸੇ ਦੀ ਪੂਜਾ ਭਗਤੀ ਨਹੀਂ ਕੀਤੀ ਜਾਂਦੀ।

2. ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਮੁਨਸ਼ੀ ਸੋਹਨ ਲਾਲ ਆਪਣੀ ਫ਼ਾਰਸੀ ਦੀ ਕਿਤਾਬ 'ਉਮਦਾਤੂ ਤ੍ਵਾਰੀਖ' ਵਿਚ ਲਿਖਦਾ ਹੈ-

'ਸ਼ਖਸ ਅਜ਼ ਨਿਆਜ਼ ਮੰਦਾਂ ਅਰਜ਼ ਨਮੂਦ
ਕਿ ਕੁਦਾਮ ਕਸ ਰਾ ਗੁਰੂ ਮੁਕੱਰਰ ਨਮੂਦਾ।
ਅਰਸ਼ਾਦ ਲਾਜ਼ਮੁਲ ਇਨਕਿਆਦ ਜਲਵਾਏ
ਈਜ਼ਾਦ ਯਾਫਤ ਕਿ ਗੁਰੂ ਗਰੰਥ ਜੀ ਅਸਤ।
ਦਰ ਮਿਆਨੇ ਗਰੰਥ ਵਾ ਗੁਰੂ ਹੇਚ ਫ਼ਰਕ ਨੇਸਤ।
ਅਜ ਦੀਦਾਰੇ ਗਰੰਥ ਜੀ
ਮੁਸ਼ਾਹਿਦਾ ਦੀਦਾਰੇ ਫ਼ਰਹਤ ਆਸਾਰ
ਗੁਰੂ ਸਾਹਿਬ ਬਾਯਦ ਨਮੂਦ।'

ਭਾਵ-ਜਦ ਦਸਮ ਪਾਤਸ਼ਾਹ ਜੋਤੀ ਜੋਤ ਸਮਾਉਣ ਲਗੇ, ਉਸ ਵਕਤ ਸਿੱਖ ਸੇਵਕਾਂ ਵਿਚੋਂ ਇਕ ਸ਼ਖਸ਼ ਨੇ ਬੇਨਤੀ ਕੀਤੀ ਕਿ ਆਪ ਨੇ ਕਿਸ ਨੂੰ ਗੁਰੂ ਨੀਯਤ ਕੀਤਾ ਹੈ।

ਉਸ ਵਕਤ ਦਸਮ ਪਾਤਸ਼ਾਹ ਨੇ ਇਕ ਜ਼ਰੂਰੀ ਫ਼ੁਰਮਾਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਗ੍ਰੰਥ ਜੀ ਦੇ ਗੁਰੂ



Digitized by Panjab Digital Library | www.panjabdigilib.org

ਵਿਚ ਕੋਈ ਫਰਕ ਨਹੀਂ। ਗ੍ਰੰਥ ਦੀ ਦੇ ਦਰਸ਼ਨ ਨਾਲ ਗੁਰੂ ਸਾਹਿਬ ਦੇ ਦਰਸ਼ਨ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

3. ਗਣੇਸ਼ ਦਾਸ ਨੇ 'ਚਾਰ ਬਾਗ ਪੰਜਾਬ' ਵਿਚ ਲਿਖਿਆ ਹੈ ਕਿ ਸ੍ਰੀ ਦਸਮੇਸ਼ ਜੀ ਨੇ ਖਾਲਸੇ ਨੂੰ ਅੰਮ੍ਰਿਤ ਛਕਾਕੇ ਕਿਹਾ-

ਗੁਰੂ ਖਾਲਸਾ ਅਸਤ ਖਾਲਸਾ ਗੁਰੂ ਅਸਤ।

4. ਸੰਨ 1849 ਵਿਚ ਮਿਸਟਰ ਕਨਿੰਘਮ ਦੀ ਸਿੱਖ ਹਿਸਟਰੀ ਪ੍ਰਕਾਸ਼ਤ ਹੋਈ। ਉਸ ਵਿਚ ਦਰਜ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕਿਹਾ-'ਸਦਾ ਪ੍ਰਸੰਨ ਚਿਤ ਰਹਿਣਾ। ਧੁਰੋਂ ਨੀਯਤ ਕੀਤੇ ਗਏ ਦਸਾਂ ਸਤਿਗੁਰੂਆਂ ਨੇ ਆਪਣਾ ਕਾਰਜ ਪੂਰਾ ਕਰ ਲਿਆ ਹੈ। ਖਾਲਸੇ ਨੂੰ ਵਾਹਿਗੁਰੂ ਦੇ ਸਪੁਰਦ ਕੀਤਾ ਹੈ। ਜੇ ਕੋਈ ਦਰਸ਼ਨ ਕਰਨਾ ਚਾਹੇ ਤਾਂ ਉਸਨੂੰ ਗੁਰੂ ਨਾਨਕ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਦੀ ਖੋਜ ਕਰਨੀ ਚਾਹੀਦੀ ਹੈ। ਗੁਰੂ ਖਾਲਸੇ ਦੇ ਅੰਗ ਸੰਗਤ ਰਹੇਗਾ। ਜਿਥੇ ਪੰਜ ਸਿੱਖ ਇਕੱਠੇ ਹੋਣਗੇ,ਉਥੇ ਮੈਂ ਵੀ ਮੌਜੂਦ ਹੋਵਾਂਗਾ।

5. ਸਯੱਦ ਮੁਹੰਮਦ ਲਤੀਫ਼ ਨੇ ਆਪਣੀ ਹਿਸਟਰੀ ਵਿਚ ਲਿਖਿਆ ਹੈ—

'ਸਿੱਖਾਂ ਨੇ ਬੇਨਤੀ ਕੀਤੀ ਹੇ ਸੱਚੇ ਪਾਤਸ਼ਾਹ! ਪਿਛੋਂ ਕੌਣ ਸਚਿਆਈ ਦੀ ਰੂਹ ਫੂਕੇਗਾ ਤੇ ਕੌਣ ਮੁਕਤੀ ਲਈ ਸਾਡਾ ਆਗੂ ਬਣੇਗਾ?'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉੱਤਰ ਦਿਤਾ-

'ਧੁਰੋਂ ਨੀਯਤ ਹੋਈਆਂ ਦਸਮ ਪਾਤਸ਼ਾਹੀਆਂ ਨੇ ਆਪਣਾ ਮਿਸ਼ਨ ਪੂਰਾ ਕਰ ਲੀਤਾ ਹੈ। ਹੁਣ ਮੈਂ ਆਪਣੇ ਪਿਆਰੇ ਖਾਲਸਾ ਨੂੰ ਸਦਾ ਅਟੱਲ ਵਾਹਿਗੁਰੂ ਦੇ ਸਪੁਰਦ ਕਰਦਾ ਹਾਂ। ਜੇ ਕਦੇ



Digitized by Panjab Digital Library | www.panjabdigilib.org

ਕੋਈ ਗੁਰੂ ਦੇ ਦਰਸ਼ਨ ਕਰਨਾ ਚਾਹੇ ਤਾਂ ਘਟੋ ਘਟ ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾਕੇ ਗੁਰੂ ਗ੍ਰੰਥ ਦਾ ਪ੍ਰਕਾਸ਼ ਕਰੇ, ਉਸਦੀ ਮੁਲਾਕਾਤ ਗੁਰੂ ਨਾਲ ਹੋਵੇਗੀ। [ਪੰਨਾ ੨੬੯

ਗੁਰਬਾਣੀ ਤੇ ਗੁਰੂ ਦੀ ਅਭੇਦਤਾ ਬਾਰੇ ਅਸੀਂ ਕਾਫੀ ਪ੍ਰਮਾਣ ਪੇਸ਼ ਕਰ ਚੁੱਕੇ ਹਾਂ। ਹੁਣ ਪੰਜ ਪਿਆਰਿਆਂ ਦੀ ਮਹਾਨਤਾ ਦਸਕੇ ਇਸ ਪ੍ਰਕਰਣ ਨੂੰ ਸਮਾਪਤ ਕਰਦੇ ਹਾਂ।

ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਹਿ ਪਾਠੀ, ਹਜ਼ੂਰੀ ਸਿੱਖ, ਗਿਆਨੀ ਅਤੇ ਲਿਖਾਰੀ ਸਨ। ਉਨ੍ਹਾਂ ਪਾਸੋਂ ਸੰਮਤ 1762-63 ਵਿਚ ਗੁਰੂ ਸਾਹਿਬ ਨੇ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਜਿਸ ਵਿਚ ਨੌਵੇਂ ਸਤਿਗੁਰੂ ਦੀ ਬਾਣੀ ਦਰਜ ਕਰਵਾਈ।

ਸੰਮਤ 1778 ਵਿਚ ਮਾਤਾ ਸੁੰਦਰੀ ਜੀ ਨੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨੀਯਤ ਕੀਤਾ। ਭਾਈ ਸਾਹਿਬ ਨੇ ਦਸਮ ਗ੍ਰੰਥ ਦੀ ਬੀੜ ਤਿਆਰ ਕੀਤੀ। ਸੰਮਤ 1794 ਵਿਚ ਭਾਈ ਮਨੀ ਸਿੰਘ ਨੂੰ ਲਾਹੌਰ ਵਿਚ ਸ਼ਹੀਦ ਕੀਤਾ ਗਿਆ। ਉਨ੍ਹਾਂ ਦੀ ਇਕ ਪੁਸਤਕ ਹੈ 'ਭਗਤ ਰਤਨਾਵਲੀ' ਉਸ ਵਿਚ ਭਾਈ ਸਾਹਿਬ ਲਿਖਦੇ ਹਨ–

'ਸਾਹਿਬ ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਵਡਿਆਈ ਤੇ ਗੁਰਿਆਈ ਬਖਸ਼ੀ।'

ਭਾਈ ਦਇਆ ਸਿੰਘ ਜੀ ਪੰਜਾਂ ਪਿਆਰਿਆਂ ਵਿਚੋਂ ਮੁੱਖੀ ਸਨ। ਉਹ ਸ੍ਰੀ ਦਸਮੇਸ਼ ਜੀ ਦੇ ਨਾਲ ਹਜ਼ੂਰ ਸਾਹਿਬ ਵੀ ਗਏ ਹਨ। ਉਨ੍ਹਾਂ ਦੇ ਰਹਿਤਨਾਮੇ ਵਿਚ ਅੰਕਤ ਹੈ-

'ਪਾਂਚ ਸਿੰਘ ਮਿਲ ਕਰ ਰਹਿਤ ਬਿਬੇਕ ਜਾਂ ਗੁਰਮਤਾ ਕਰੇ।"



Digitized by Panjab Digital Library | www.panjabdigilib.org

ਭਾਈ ਦੇਸਾ ਸਿੰਘ ਜੀ ਗੁਰੂ ਜੀ ਦੇ ਹਜ਼ੂਰੀ ਸਿੰਘ ਹਨ। ਉਹ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ-

'ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ,
ਤਾਕੋ ਸਿਰ ਧਰ ਛਕ ਪੁਨ ਲੇਵੈਂ।
ਪੁਨ ਮਿਲ ਪਾਚਹੁੰ ਰਹਿਤ ਜੋ ਭਾਖੈਂ,
ਤਾਕੋ ਮਨ ਮਹਿ ਦ੍ਰਿੜ ਕਰ ਰਾਖੈਂ।

ਭਾਈ ਪ੍ਰਹਿਲਾਦ ਸਿੰਘ ਦਸਮੇਸ਼ ਜੀ ਦੇ ਖਿਡਾਵੇ ਸਨ, ਉਨ੍ਹਾਂ ਦੇ ਰਹਿਤਨਾਮੇ ਵਿਚ ਦਰਜ ਹੈ-

ਗੁਰੂ ਖਾਲਸਾ ਮਾਨੀਐ ਪਰਗਟ ਗੁਰੂ ਕੀ ਦੇਹ
ਜੋਇ ਸਿਖ ਮਿਲਬੋ ਚਹੈ ਖੋਜ ਇਨਾਂ ਮੈਂ ਲੇਇ।

'ਗੁਰ ਸੋਭਾ ਗ੍ਰੰਥ ਦਸਮ ਪਾਤਸ਼ਾਹ ਦੇ ਜੋਤੀ ਜੋ ਸਮਾਉਣ ਤੋਂ 32-33 ਸਾਲ ਬਾਅਦ ਲਿਖਿਆ ਗਿਆ ਹੈ। ਉਸਦਾ ਕਰਤਾ ਹਜ਼ੂਰੀ ਸਿੱਖ ਸੀ। ਉਹ ਗੁਰੂ ਸੋਭਾ ਵਿਚ ਲਿਖਦਾ ਹੈ ਕਿ ਜੋਤੀ ਜੋਤ ਸਮਾਉਣ ਦੇ ਇਕ ਦਿਨ ਪਹਿਲੇ-

ਏਕ ਦਿਵਸ ਕਾਰਨ ਤੇ ਆਗੇ।
ਮਿਲਕੈ ਸਿੰਘ ਪੂਛਨ ਲਾਗੇ।
ਕਵਨ ਰੂਪ ਅਪਨੇ ਪ੍ਰਭ ਕੀਨੋ।
ਤਿਨਕੈ ਭਾਂਤ ਜੁਆਬ ਇਹ ਦੀਨੋ।

ਸਿੰਘਾਂ ਦੇ ਪੁਛਣ ਪਰ ਸ੍ਰੀ ਦਸਮ ਪਾਤਸ਼ਾਹ ਨੇ ਜੋ ਬਚਨ ਕੀਤਾ, ਉਸਨੂੰ ਗੁਰ ਸੋਭਾ ਦਾ ਕਰਤਾ ਇਉਂ ਬਿਆਨ ਕਰਦਾ ਹੈ-

ਤਾਹ ਸਮੇਂ ਗੁਰ ਬੈਠ ਸੁਨਾਯੋ।
ਖਾਲਸ ਆਪਨਾ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ। ਬਖਸ਼ ਕੀਓ ਖਾਲਸ ਕੋ ਜਾਮਾ।

ਭਾਵ-ਗੁਰੂ ਸਾਹਿਬ ਨੇ ਕਿਹਾ 'ਖਾਲਸਾ ਹੀ ਮੇਰਾ ਸਰੂਪ



Digitized by Panjab Digital Library | www.panjabdigilib.org

ਹੈ। ਮੈਂ ਆਪਣਾ ਜਾਮਾ ਇਸਨੂੰ ਬਖਸ਼ ਦਿਤਾ ਹੈ।

ਦੋਹਰਾ-ਖਾਲਸਾ ਮੇਰੋ ਰੂਪ ਹੈ ਹੌਂ ਖਾਲਸ ਕੇ ਪਾਸ।
ਆਦਿ ਅੰਤ ਹੀ ਹੋਤ ਹੈ ਖਾਲਸ ਮੈਂ ਪ੍ਰਗਾਸ।

ਲੱਟਨ ਛੰਦ-ਖਾਲਸਾ ਖਾਸ ਕਹਾਵੈ ਸੋਈ।
ਜਾਕੈ ਹਿਰਦੈ ਭਰਮ ਨਾ ਹੋਈ।
ਭਰਮ ਭੇਖ ਤੇ ਰਹੈ ਨਿਆਰਾ।
ਸੋ ਖਾਲਸਾ ਸਤਿਗੁਰੂ ਹਮਾਰਾ।

ਦਸਮ ਪਾਤਸ਼ਾਹ ਦੇ ਹਜ਼ੂਰੀ ਸਿੱਖਾਂ ਦੀਆਂ ਲਿਖਤਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਖਾਲਸੇ ਨੂੰ ਗੁਰਤਾ ਦਿਤੀ ਹੈ।

ਭਾਈ ਸੁੱਖਾ ਸਿੰਘ ਜੀ ਨੇ ਗੁਰਬਿਲਾਸ ਪਾਤਸ਼ਾਹੀ ੧੦ਵੀਂ ਸੰਮਤ 1854 ਬਿਕ੍ਰਮੀ ਭਾਵ ਅਜ ਤੋਂ 175 ਸਾਲ ਪਹਿਲੇ ਲਿਖਿਆ ਹੈ। ਉਸ ਵਿਚ ਦਰਜ ਹੈ ਕਿ ਦਸਮ ਪਾਤਸ਼ਾਹ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੇ ਬਾਅਦ ਕਿਹਾ-

ਜਯੋ ਪ੍ਰਨਾਦ ਤੁਸ ਕਹੁ ਗੁਰ ਦੀਨਾ।
ਤਸ ਤੁਮ ਹਮ ਕਉ ਦੇਹੁ ਪ੍ਰਬੀਨਾ।

ਭਾਵ—ਜਿਸ ਤਰ੍ਹਾਂ ਅਸੀਂ ਤੁਹਾਨੂੰ ਅੰਮ੍ਰਿਤ ਛਕਾਇਆ ਹੈ, ਉਸੇ ਤਰ੍ਹਾਂ ਤੁਸੀਂ ਸਾਨੂੰ ਛਕਾਉ।

ਪੰਜਾਂ ਪਿਆਰਿਆਂ ਉੱਤਰ ਦਿਤਾ—

ਦੀਨ ਕਮੀਨ ਅਧੀਨ ਸਦਾ ਹਮ
ਜੰਤ ਅਨਾਥ ਮਹਾ ਬੁਰਿਆਰੀ।

ਭਾਵ-ਅਸੀਂ ਦੀਨ ਕਮੀਨ ਅਧੀਨ ਅਤੇ ਮਾੜੇ ਜੀਵ ਹਾਂ। ਇਸ ਲਈ ਹਜ਼ੂਰ ਨੂੰ ਅੰਮ੍ਰਿਤ ਪਾਨ ਨਹੀਂ ਕਰਵਾ ਸਕਦੇ।



Digitized by Panjab Digital Library | www.panjabdigilib.org

ਉਸਦੇ ਉਤਰ ਵਿਚ ਦਸਮ ਪਾਤਸ਼ਾਹ ਨੇ ਕਿਹਾ-

'ਤੁਸੀਂ ਖਾਲਸਾ ਮੇਰਾ ਰੂਪ ਹੈ। ਉਸਦੀ ਵਿਆਖਿਆ ਕਰਦੇ ਹੋਏ ਫੁਰਮਾਇਆ।'

ਏਹ ਹੈ ਗੁਰੂ ਖਾਲਸ ਆਈ।
ਹੋਵਤ ਆਯੋ ਆਦਿ ਜੁਗਾਦੀ।'
ਝੂਠ ਉਪਾਵ ਜਗਤ ਕੇ ਤਯਾਗਹੁ।
ਨਿਸ ਦਿਨ ਯਾਕੀ ਚਰਨੀ ਲਾਗਹੁ।

ਇਸ ਤੋਂ ਸਪਸ਼ਟ ਹੈ ਕਿ ਦਸਮ ਪਾਤਸ਼ਾਹ ਨੇ ਗੁਰਤਾ ਨੂੰ ਪੰਥ ਵਿਚ ਮੁੰਤਕਿਲ ਕਰ ਦਿਤਾ ਹੈ।

'ਸੁਧਰਮ ਮਾਰਗ' ਵੀ ਇਕ ਪੁਰਾਣਾ ਗ੍ਰੰਥ ਹੈ। ਉਸ ਵਿਚ ਲਿਖਿਆ ਹੈ-

ਦਸਮੇਸ਼ ਪਿਤਾ ਨੇ ਖਾਲਸੇ ਨੂੰ ਗੁਰਤਾ ਦਿਤੀ ਤੇ ਕਿਹਾ-
ਗੁਰੂ ਖਾਲਸਾ ਰੂਪ ਮਮ ਸੋ ਗੁਰੂ ਪ੍ਰਗਟ ਮਹਾਨ।
ਮੇਰ ਮਿਲਬੋ ਚਹਤ ਸਿਖ ਮਿਲੇ ਖਾਲਸੇ ਆਨ।
[ਅਧਿਆਇ ੫

'ਪ੍ਰੇਮ ਸੁਮਾਰਗ' **1864** ਬਿ: ਵਿਚ ਲਿਖਿਆ ਗਿਆ; ਉਸ ਵਿਚ ਦਰਜ ਹੈ-

'ਜੋ ਚਾਹੇ ਮੈਂ ਗੁਰੂ ਨਾਲ ਕਰਾਂ ਤਾਂ ਸ਼ਬਦ ਪੜ੍ਹੇ, ਸਭ ਨਿਸ਼ਾ ਹੋਵਸੀ ਅਰ ਜੋ ਚਾਹੇਂ ਕਿ ਦਰਸ਼ਨ ਕਰਾਂ, ਜਿਥੇ ਖਾਲਸੇ ਦਾ ਇਕਠ ਹੋਵੇ ਉਥੇ ਜਾਇਕੈ ਅਦਬ ਨਾਲ ਦਰਸ਼ਨ ਕਰੇ। ਪ੍ਰਤੀਤ ਕਰਕੇ ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇਗਾ।'

ਪ੍ਰਸਿੱਧ ਇਤਿਹਾਸਕਾਰ ਭਾਈ ਰਤਨ ਸਿੰਘ ਭੰਗੂ ਨੇ ਸੰਮਤ **1866** ਬਿਕ੍ਰਮੀ ਵਿਚ ਲੁਧਿਆਣੇ ਵਿਚ ਪੰਥ ਪ੍ਰਕਾਸ਼ ਲਿਖਣਾ ਆਰੰਭ ਕੀਤਾ। ਜੋ **1898** ਵਿਚ ਸੰਪੂਰਨ ਹੋਇਆ।



Digitized by Panjab Digital Library | www.panjabdigilib.org

ਭਾਈ ਰਤਨ ਸਿੰਘ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਦੇ ਪੋਤਰੇ, ਰਾਇ ਸਿੰਘ ਦੇ ਪੁੱਤਰ ਅਤੇ ਸ: ਸ਼ਿਆਮ ਸਿੰਘ ਕ੍ਰੋੜੀਏ ਦੇ ਦੋਹਤਰੇ ਸਨ। ਉਹ ਪੁਰਾਤਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਦਸਮ ਪਾਤਸ਼ਾਹ ਨੇ ਖਾਲਸਾ ਸਜਾਉਣ ਉਪ੍ਰੰਤ

ਦਈ ਪਰਵਾਨਗੀ ਸਭ ਗੁਰ ਠੌਰ।
ਖੰਡੇ ਪਾਹੁਲ ਮਿਲੈ ਖੁਦ ਤੌਰ।
ਜਹਿ ਜਹਿ ਪੰਜ ਭੁਜੰਗੀ ਹੋਇ।
ਗੁਰਦਵਾਰੇ ਤੁਲ ਮੰਨ ਲਇਓ ਸੋਇ।
ਪੰਜ ਭੁਜੰਗੀ ਜਹਿ ਇਕਤ੍ਰ ਹੋਇ।
ਬੇਸ਼ਕ ਪਾਹੁਲ ਕਰ ਪਿਆਵੈ ਸੋਇ।

ਭਾਵ-ਦਸਮੇਸ਼ ਜੀ ਨੇ ਪੰਜ ਪਿਆਰੇ ਤੇ ਖਾਲਸਾ ਸਾਜਕੇ ਉਨ੍ਹਾਂ ਨੂੰ ਪ੍ਰਵਾਨਗੀ ਦਿਤੀ ਕਿ ਸਭ ਥਾਈਂ ਖੰਡੇ ਦੀ ਪਾਹੁਲ ਦੇ ਕੇ ਲੋਕਾਂ ਨੂੰ ਸਿੰਘ ਸਜਾਉ। ਜਿਥੇ ਵੀ ਪੰਜ ਪਿਆਰੇ ਇਕੱਤਰ ਹੋਣ, ਉਨ੍ਹਾਂ ਨੂੰ ਗੁਰੂ ਦੇ ਤੁਲ ਮੰਨਿਆ ਜਾਵੇ। ਪੰਜ ਪਿਆਰੇ ਸਿੱਖ ਸੰਗਤ ਨੂੰ ਮਿਲਕੇ ਖੰਡੇ ਦੀ ਪਾਹੁਲ ਤਿਆਰ ਕਰਕੇ ਛਕਾਉਣ।

ਭਾਈ ਸੰਤੋਖ ਸਿੰਘ ਨੇ ਭਾਈ ਸਾਹਿਬ ਕੈਥਲ ਦੀ ਪ੍ਰੇਰਨਾ ਨਾਲ 'ਗੁਰ ਪ੍ਰਤਾਪ ਸੂਰਜ' ਗ੍ਰੰਥ ਸੰਮਤ 1900 ਭਾਵ ਅਜ ਤੋਂ 130 ਸਾਲ ਪਹਿਲੇ ਮੁਕੰਮਲ ਕੀਤਾ ਸੀ। ਉਸ ਵਿਚ ਭਾਈ ਸਾਹਿਬ ਲਿਖਦੇ ਹਨ—

1. ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਰਿਓ ਅਬ,
ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।
[ਰੁਤ ੩ ਅੰਸੂ ੨੦

ਇਸ ਮਨੌਤ ਅਨੁਸਾਰ ਪੰਜਾਂ ਪਿਆਰਿਆਂ ਨੂੰ ਗੁਰੂ ਰੂਪ



Digitized by Panjab Digital Library | www.panjabdigilib.org

ਸਮਝਿਆ ਜਾਂਦਾ ਹੈ।

ਪੰਚਹੁ ਮੇਂ ਨਿਤ ਵਰਤਤ ਮੈਂ ਹੌਂ,
ਪੰਚ ਮਿਲੇ ਸੋ ਪੀਰਨ ਪੀਰ । [ਰੁਤ ੬ ਅੰਸੂ ੪੧

ਸਿੱਖ ਸੰਗਤ ਵਿਚ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਪਰ ਕੜਾਹ ਪ੍ਰਸ਼ਾਦ ਨਹੀਂ ਕਢਿਆ ਜਾਂਦਾ,ਬਲਕਿ ਪੰਜਾਂ ਪਿਆਰਿਆਂ ਨੂੰ ਦਿਤਾ ਜਾਂਦਾ ਹੈ। ਇਹ ਮਰਯਾਦਾ ਪੁਰਾਤਨ ਚਲੀ ਆਉਂਦੀ ਹੈ।

ਗਿ: ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ-

'ਪਾਂਚ ਭੁਜੰਗੀ ਜੋ ਅੰਮ੍ਰਿਤ ਛਕੈਂ ਅੰਗ ਸੰਗ ਮੈਂ ਰਹੋ ਤਿਸੀ ਕੇ, ਕਰੋਂ ਨਿਹਾਲ ਮਹਾਨੇ।'

ਸਾਡੇ ਦੇਸ਼ ਵਿਚ ਸਦੀਆਂ ਤੋਂ ਵਿਅਕਤੀਵਾਦ(Personalcult) ਪ੍ਰਧਾਨ ਰਿਹਾ ਹੈ। ਦਸਮੇਸ਼ ਜੀ ਨੇ ਇਨਕਲਾਬ ਪੈਦਾ ਕੀਤਾ ਕਿ ਖਾਲਸਾ ਮੇਰਾ ਰੂਪ ਹੈ।

ਪੁਰਾਤਨ ਸਮੇਂ ਵਿਚ ਰਾਜੇ ਨੂੰ ਈਸ਼ਵਰ ਅਵਤਾਰ ਮੰਨਕੇ ਪੂਜਿਆ ਜਾਂਦਾ ਸੀ। ਇਸ ਵਕਤ ਲੋਕ ਰਾਜ ਦੀ ਪ੍ਰਧਾਨਤਾ ਹੋ ਗਈ ਹੈ। ਸ੍ਰੀ ਦਸਮ ਪਾਤਸ਼ਾਹ ਨੇ ਮਜ਼੍ਹਬ ਵਿਚ ਡੈਮੋਕ੍ਰੇਸੀ ਲਿਆਂਦੀ ਹੈ। ਗੁਰਬਾਣੀ ਆਦਰਸ਼ ਹੈ,ਪੰਜ ਪਿਆਰੇ ਸਮਾਜਕ ਮਹਾਨਤਾ ਨੂੰ ਪ੍ਰਗਟ ਕਰਦੇ ਹਨ। ਇਹ ਦੋਵੇਂ ਗਲਾਂ ਸ਼ਖਸੀ ਪੂਜਾ ਦੇ ਹਿੱਤਾਂ ਦੇ ਉਲਟ ਹਨ। ਇਸ ਲਈ ਉਹ ਬਾਣੀ ਗੁਰੂ ਤੇ ਪੰਜਾਂ ਪਿਆਰਿਆਂ ਨੂੰ ਮੰਨਣ ਤੋਂ ਇਨਕਾਰ ਕਰਦੇਹਨ।

ਬਾਬਾ ਰਾਮ ਸਿੰਘ ਜੀ ਕਹਿੰਦੇ ਸਨ-'ਗੁਰੂ ਗ੍ਰੰਥ ਮਹਿ ਜੋ ਹੈ ਲਿਖਿਆ। ਸੋਈ ਮਨ ਮਹਿ ਧਾਰੋ ਸਿਖਿਆ।'

'ਅਸੀਂ ਗ੍ਰੰਥ ਸਾਹਿਬ ਨੂੰ ਬਾਣੀ ਨੂੰ ਗੁਰੂ ਨਹੀਂ ਮੰਨਦੇ।'

(ਸਤਿਜੁਗ 1 ਜੁਲਾਈ 1971)



Digitized by Panjab Digital Library | www.panjabdigilib.org

# ੪.

# ਬਾਬਾ ਅਜਾਪਾਲ ਸਿੰਘ ਗੁਰੂ ਨਹੀਂ ਸਨ।

ਅਸੀਂ ਪਿਛੇ ਦਸ ਆਏ ਹਾਂ ਕਿ 'ਗੁਰੂ ਸੰਗਤ ਬਾਣੀ ਬਿਨਾ ਦੂਜੀ ਓਟ ਰਹੀ ਹੈ ਰਾਈ।' ਦਾ ਉਚਤਮ ਸਿੱਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਪਾਤਸ਼ਾਹੀ ਤੀਕ ਸਵਾ ਦੋ ਸੌ ਬਰਸ ਇਕ ਰਸ ਜਾਰੀ ਰਿਹਾ ਹੈ।

ਪਹਿਲੇ ਨੌਂ ਸਤਿਗੁਰੂ ਕਿਸੇ ਨੂੰ ਸਿੱਖੀ ਵਿਚ ਪ੍ਰਵੇਸ਼ ਕਰਵਾਉਣ ਸਮੇਂ ਗੁਰੂ ਮੰਤ੍ਰ ਦੇ ਨਾਲ ਚਰਨ ਪਾਹੁਲ ਵੀ ਦਿੰਦੇ ਸਨ। ਪਰ ਜੀਵਨ ਦਾਤੇ, ਮਹਾਂਬਲੀ ਤੇ ਸਰਬੰਸ ਦਾਨੀ ਸ੍ਰੀ ਦਸਮੇਸ਼ ਜੀ ਨੇ 1 ਵਿਸਾਖ ਸੰਮਤ 1756 ਬਿਕ੍ਰਮੀ ਨੂੰ ਆਨੰਦ ਪੁਰ ਸਾਹਿਬ ਵਿਖੇ ਪੰਜਾਂ ਪਿਆਰਿਆਂ ਦੀ ਸੀਸ ਭੇਟ ਲੈ ਕੇ ਉਨ੍ਹਾਂ ਨੂੰ ਚਰਨਾਮ੍ਰਿਤ ਦੇਣ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਾਕੇ ਉਨ੍ਹਾਂ ਨੂੰ 'ਖਾਲਸਾ ਮੇਰੋ ਰੂਪ ਹੈ ਖਾਸ' ਦਾ ਮਾਣ ਬਖਸ਼ਿਆ। ਫਿਰ ਉਨ੍ਹਾਂ ਪੰਜਾਂ ਤੋਂ ਆਪ ਅੰਮ੍ਰਿਤ ਛਕਕੇ 'ਗੁਰੂ ਸਿਖ, ਸਿੱਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ।' ਦੇ ਮਹਾਨ ਆਦ-ਰਸ਼ ਨੂੰ ਸੰਪੂਰਨ ਕੀਤਾ।

ਸ੍ਰੀ ਦਸਮੇਸ਼ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ-ਉਣ ਗੁਰੂ ਮੰਤਰ ਦੀਖਿਆ ਅਤੇ ਸਿੱਖ ਵਿਧਾਨ ਤੇ ਦੰਡ ਦਾ ਅਧਿਕਾਰ ਦੇ ਕੇ ਸ਼ਖਸੀ ਗੁਰਤਾ ਨੂੰ ਪੰਥ ਵਿਚ ਮੁੰਤਕਿਲ ਕਰ



Digitized by Panjab Digital Library | www.panjabdigilib.org

ਦਿਤਾ। ਪਹਿਲੇ ਗੁਰੂ ਜੋਤੀ ਵਿਅਕਤੀ ਰੂਪ ਵਿਚ ਗੁਰ ਮੰਤ੍ਰ ਤੇ ਚਰਨ ਪਾਹੁਲ ਦਿੰਦੀ ਸੀ। ਦਸਮ ਪਾਤਸ਼ਾਹ ਨੇ ਉਸ ਨੂੰ ਪੰਜਾਂ ਵਿਚ ਬਦਲ ਦਿਤਾ।

ਸ੍ਰੀ ਦਸਮੇਸ਼ ਜੀ ਨੇ ਕਤਕ ਸੁਦੀ 5 ਸੰਮਤ 1765 ਨੂੰ ਸਚਖੰਡ ਹਜ਼ੂਰ ਸਾਹਿਬ (ਨਾਦੇੜ) ਵਿਖੇ ਜੀਵਨ ਯਾਤਰਾ ਸਮਾਪਤ ਕਰਨ ਸਮੇਂ ਖਾਲਸਾ ਜੀ ਨੂੰ ਸੰਬੋਧਨ ਕਰਕੇ ਅੰਤਮ ਬਚਨ ਕੀਤਾ–

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋ ਗਰੰਥ।
ਗੁਰੂ ਗਰੰਥ ਜੀ ਮਾਨੀਯੋ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ।

ਇਹ ਬਚਨ ਕਰਕੇ ਪੰਥ ਦੇ ਵਾਲੀ ਅਕਾਲ ਪੁਰਖ ਵਿਚ ਲੀਨ ਹੋ ਗਏ।

ਇਸ ਹਾਲਤ ਵਿਚ ਸਿਖ ਪੰਥ ਵਿਚ ਸਖਸ਼ੀ ਗੁਰੂ ਡਮ ਚਲ ਹੀ ਨਹੀਂ ਸਕਦਾ।

ਭਾਵੇਂ ਕੂਕਾ ਗੁਰੂ ਡਮ ਪਾਸ 'ਬਾਣੀ ਗੁਰੂ ਤੇ ਪੰਜਾਂ ਪਿਆਰਿਆਂ ਤੋਂ ਇਨਕਾਰ ਕਰਨ ਦੀ ਕੋਈ ਗੁੰਜਾਇਸ਼ ਨਹੀਂ।' ਪਰ ਵੀਹਵੀਂ ਸਦੀ ਦੇ ਕੁਝ ਨਵੀਨ ਕੂਕੇ ਲਿਖਾਰੀਆਂ ਨੇ ਭਾਈ ਕਾਹਨ ਸਿੰਘ ਦੀ ਇਕ ਤਰਦੀਦ-ਸ਼ੁਦਾ ਲਿਖਤ ਦੇ ਆਧਾਰ ਪਰ ਇਕ ਝੂਠੀ ਅਤੇ ਮਨਘੜਤ ਕਹਾਣੀ ਘੜ ਲਈ ਹੈ ਕਿ ਸ੍ਰੀ ਦਸਮੇਸ਼ ਜੀ ਹਜ਼ੂਰ ਸਾਹਿਬ ਜੋਤੀ ਜੋਤ ਨਹੀਂ ਸਮਾਏ। ਉਹ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਦੀ ਇਕ ਝਿੜੀ 'ਚ ਛੁਪਕੇ ਰਹੇ। ਉਨ੍ਹਾਂ ਨੇ ਹਜ਼ੂਰੋਂ ਪੁੱਜਕੇ ਬਾਬਾ ਬਾਲਕ



Digitized by Panjab Digital Library | www.panjabdigilib.org

ਸਿੰਘ ਨੂੰ ਗੱਦੀ ਦਿਤੀ।

ਹੁਣ ਅਸੀਂ ਇਸ ਕਲਪਤ, ਮਨਘੜਤ ਅਤੇ ਝੂਠੀ ਕਹਾਣੀ ਪਰ ਵਿਚਾਰ ਕਰਦੇ ਹਾਂ।

ਸੱਚ ਕਦੀ ਛੁਪ ਨਹੀਂ ਸਕਦਾ। ਝੂਠ ਉਤੇ ਸੌ ਪਰਦਾ ਪਾਉ, ਉਹ ਜ਼ਰੂਰ ਪ੍ਰਗਟ ਹੁੰਦਾ ਹੋ ਜਾਂਦਾ ਹੈ। ਆਕਾਸ਼ ਵਿਚ ਕਿਤਨੇ ਕਾਲੇ ਬੱਦਲ ਛਾਏ ਹੋਣ, ਸੂਰਜ ਦੀ ਇਕ ਲਿਸ਼ਕ ਉਨ੍ਹਾਂ ਨੂੰ ਛਿੰਨ ਭਿੰਨ ਕਰ ਦਿੰਦੀ ਹੈ। ਇਸ ਲਈ ਗੁਰੂ ਡਮ ਬਾਰੇ ਕੂਕਿਆਂ ਦੀ ਮਨਘੜਤ ਕਹਾਣੀ ਉਨ੍ਹਾਂ ਦੀਆਂ ਆਪ-ਣੀਆਂ ਆਪਾ ਵਿਰੋਧੀ ਲਿਖਤਾਂ ਤੋਂ ਖੰਡਨ ਹੋ ਜਾਂਦੀ ਹੈ ਅਤੇ ਗਲਤ ਸਾਬਤ ਹੁੰਦੀ ਹੈ।

ਬਾਬਾ ਅਜਾਪਾਲ ਸਿੰਘ ਬਾਰੇ ਭਾਈ ਕਾਹਨ ਸਿੰਘ ਨਾਭਾ ਨੇ ਸਭ ਤੋਂ ਪਹਿਲੇ ਮਈ ਸੰਨ 1916 ਈਸਵੀ ਵਿਚ ਇਕ ਲੇਖ ਰਸਾਲਾ 'ਪੰਜਾਬੀ ਭੈਣ' ਫੀਰੋਜ਼ਪੁਰ ਵਿਚ ਸਿੱਖ ਇਤਿਹਾਸ ਦਾ 'ਇਕ ਅਣ ਲਿਖਯਾ ਪਤ੍ਰ' ਦੇ ਸਿਰਲੇਖ ਹੇਠਾਂ ਲਿਖਿਆ ਫਿਰ ਉਹੀ ਲੇਖ ਰਸਾਲਾ 'ਫੁਲਵਾੜੀ' ਲਾਹੌਰ ਵਿਚ 'ਬਾਬਾ ਅਜਾ-ਪਾਲ ਸਿੰਘ ਦਾ ਹਾਲ' ਦੇ ਸਿਰਲੇਖ ਹੇਠਾਂ ਪ੍ਰਕਾਸ਼ਤ ਹੋਇਆ। ਉਸ ਵਿਚ ਇਹ ਸ਼ਬਦ ਅੰਕਤ ਸਨ—

1. 'ਬਾਬਾ ਅਜਾਪਾਲ ਸਿੰਘ ਜੀ ਨੇ ਆਪਣੀ ਕਥਾ ਕਿਸੇ ਨੂੰ ਨਹੀਂ ਸੁਣਾਈ। ਪਰ ਉਨ੍ਹਾਂ ਦੇ ਨਿਕਟ ਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਗੁਰੂ ਸਾਹਿਬ ਗੁਪਤ ਰੀਤੀ ਨਾਲ ਪੰਜਾਬ ਵਿਚ ਅਜਾਪਾਲ ਸਿੰਘ ਨਾਮ ਤੋਂ ਰਹੇ। ਬਾਬਾ ਅਜਾਪਾਲ ਸਿੰਘ ਦਾ ਦੇਹਾਂਤ ਜੇਠ ਸੁਦੀ 5, ਸੰਮਤ 1869 ਬਿਕ੍ਰਮੀ ਨੂੰ ਹੋਇਆ।' 1912



Digitized by Panjab Digital Library | www.panjabdigilib.org

ਇਸ ਲੇਖ ਦੇ ਅੰਤ ਵਿਚ ਭਾਈ ਕਾਹਨ ਸਿੰਘ ਨਾਭਾ ਨੇ ਲਿਆ ਹੈ-'ਮੈਂ ਇਸ ਮੁਆਮਲੇ ਤੇ ਆਪਣੀ ਕੋਈ ਪੱਕੀ ਰਾਇ ਕਾਇਮ ਨਹੀਂ ਕੀਤੀ ।' (ਦੇਖੋ ਫੁਲਵਾੜੀ ਜਿਲਦ 3 ਅੰਕ 6 ਫਗਣ-ਚੇਤਰ 1983 84)

2. ਉਹੀ ਭਾਈ ਕਾਹਨ ਸਿੰਘ ਬਾਬਾ ਅਜਾਪਾਲ ਸਿੰਘ ਬਾਰੇ ਆਪਣੀ ਪੁਸਤਕ 'ਗੁਰਮਤਿ ਸੁਧਾਕਰ' ਦੇ ਇਕ ਨੋਟ ਵਿਚ ਲਿਖਦੇ ਹਨ-

'ਬਾਬਾ ਅਜਾਪਾਲ ਸਿੰਘ ਸਾਹਿਬ ਜਿਨ੍ਹਾਂ ਨੇ ਕਲਗੀਧਰ ਸਵਾਮੀ ਤੋਂ ਅੰਮ੍ਰਿਤ ਛਕਿਆ ਤੇ ਉਮਰ ਦਾ ਬੜਾ ਹਿੱਸਾ ਪਰਮ ਪਿਤਾ ਨਾਲ ਰਹਿਕੇ ਬਿਤਾਯਾ ।' [ਐਡੀਸ਼ਨ ਦੂਜੀ ਸਫਾ 27

3. ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਨੇ ਲਿਖਿਆ- 'ਮਹਾਂ ਪੁਰਖ ਬਾਬਾ ਅਜਾਪਾਲ ਸਿੰਘ ਕੌਣ ਸਨ, ਕਿਸ ਵੰਸ਼ ਅਤੇ ਨਗਰ ਵਿਚ ਪ੍ਰਗਟੇ, ਇਸ ਦਾ ਕਿਸੇ ਨੂੰ ਪਤਾ ਨਹੀਂ । ਇਹ ਮਹਾ ਪ੍ਰਤਾਪੀ ਸ਼ਸਤ੍ਰ ਵਿਦਿਆ ਦੇ ਆਚਾਰਯ, ਨਾਮ ਦੇ ਰਸੀਏ, ਤਪ ਦੀ ਮੂਰਤੀ ਹੋਏ ਹਨ । ਸੰਮਤ 1812 ਵਿਚ ਕਿਸੇ ਰਾਜਪੂਤ ਦੀ ਸਹਾਇਤਾ ਕਰਨੀ ਅਤੇ ਜੀਂਦ ਪਟਿਆਲੇ ਪਾਸ ਜੰਗਲ ਵਿਚ ਨਿਵਾਸ ਸੁਣਿਆ ਗਿਆ ਹੈ । ਪਰ ਪੂਰੀ ਕਥਾ ਨਹੀਂ ਮਿਲਦੀ ।' [ਮਹਾਨ ਕੋਸ਼ ਸਫਾ 140

ਬਾਬਾ ਜੀ ਨੇ ਸੰਮਤ 1830 ਵਿਚ ਨਾਭੇ ਕੋਲ ਇਕ ਝਿੜੀ ਵਿਚ ਨਿਵਾਸ ਕੀਤਾ । ਜਿਥੇ ਉਹ ਪ੍ਰਲੋਕ ਗਮਨ (ਜੇਠ ਸੁਦੀ 5 ਸੰਮਤ 1869 ਮੁਤਾਬਿਕ 14 ਜੂਨ ਸੰਮਤ 1812 ਈ: ਐਤਵਾਰ) ਤੀਕ ਰਹੇ । ਇਥੇ ਰਹਿਕੇ ਆਪਨੇ ਸਿੱਖ ਧਰਮ ਅਤੇ ਸ਼ਸਤ੍ਰ ਵਿਦਿਆ ਦਾ ਪੂਰਨ ਪ੍ਰਚਾਰ ਕੀਤਾ । ਬਾਬਾ



Digitized by Panjab Digital Library | www.panjabdigilib.org

ਜੀ ਦੇ ਅਦਭੁਤ ਸ਼ਸਤ੍ਰਾਂ ਦਾ ਹੁਣ ਵੀ ਗੁਰਦਵਾਰੇ ਦਰਸ਼ਨ ਹੁੰਦਾ ਹੈ। ਇਨ੍ਹਾਂ ਦੇ ਪਰਮ ਭਗਤ ਬਾਬਾ ਸਰੂਪ ਸਿੰਘ ਜੀ, ਜੋ ਮੇਰੇ (ਗ੍ਰੰਥ ਕਰਤਾ ਦੇ) ਬਜ਼ੁਰਗ ਹੋਏ ਹਨ, ਬਾਬਾ ਜੀ ਦੇ ਪ੍ਰਲੋਕ ਗਮਨ ਪਿਛੋਂ ਗੁਰਦਵਾਰੇ ਦੇ ਮਹੰਤ ਥਾਪੇ ਗਏ।

(ਮਹਾਨ ਕੋਸ਼ ਸਫਾ 508)

ਹਕੀਕਤ ਇਹ ਹੈ ਕਿ ਨਾਭੇ ਵਿਚ ਬਾਬਾ ਅਜਾਪਾਲ ਸਿੰਘ ਦਾ ਡੇਰਾ ਹੈ। ਸੰਮਤ 1869 ਵਿਚ ਉਨ੍ਹਾਂ ਦੇ ਚਲਾਣੇ ਬਾਅਦ ਭਾਈ ਕਾਹਨ ਸਿੰਘ ਦੇ ਪੜਦਾਦਾ ਬਾਬਾ ਸਰੂਪ ਸਿੰਘ ਜੀ ਉਸ ਡੇਰੇ ਦੇ ਮਹੰਤ ਥਾਪੇ ਗਏ। ਉਨ੍ਹਾਂ ਨੇ 49 ਸਾਲ ਉਸ ਡੇਰੇ ਦੀ ਮਹੰਤੀ ਕੀਤੀ। ਹਾੜ ਵਦੀ 7 ਸੰਮਤ 1918 ਬਿ: ਮੁਤਾਬਿਕ 29 ਜੂਨ ਸੰਨ 1861 ਈਸਵੀ ਨੂੰ ਬਾਵਾ ਸਰੂਪ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਬਾਅਦ ਬਾਬਾ ਨਰਾਇਣ ਸਿੰਘ ਉਸ ਡੇਰੇ ਦੇ ਮਹੰਤ ਨੀਯਤ ਕੀਤੇ ਗਏ, ਜੋ ਬਾਬਾ ਸਰੂਪ ਸਿੰਘ ਦੇ ਪੋਤਰੇ ਅਤੇ ਭਾਈ ਕਾਹਨ ਸਿੰਘ ਨਾਭਾ ਦੇ ਪਿਤਾ ਸਨ। ਇਹ ਪਿਛੋਂ ਪਿੱਥੋ ਰਿਆਸਤ ਨਾਭੇ ਦੇ ਸਨ।

ਸੰਭਵ ਹੈ ਕਿ ਭਾਈ ਕਾਹਨ ਸਿੰਘ ਨੇ ਆਪਣੇ ਪਿਤਾ ਪਿਤਾਮਾ ਜਾਂ ਡੇਰੇ ਦੀ ਮਹਾਨਤਾ ਦਰਸਾਉਣ ਲਈ ਇਹ ਵਾਰਤਾ ਲਿਖੀ ਹੋਵੇ।

ਬਾਬਾ ਅਜਾਪਾਲ ਸਿੰਘ ਬਾਰੇ ਸਵਾਮੀ ਕਲਿਆਣ ਦਾਸ ਆਪਣੀ ਪੁਸਤਕ 'ਸੱਚ ਦੀ ਖੋਜ' ਭਾਗ ਪਹਿਲਾ ਸਫ਼ਾ 104 ਪਰ ਲਿਖਦੇ ਹਨ—

'ਅਜਾਪਾਲ ਸਿੰਘ ਰਿਆਸਤ ਨਾਭੇ ਪਿੰਡ ਪਿੱਥੋਵਾਲ ਦੇ



Digitized by Panjab Digital Library | www.panjabdigilib.org

ਰਹਿਣ ਵਾਲੇ ਰਾਮੇ ਬੱਕਰੀਆਂ ਵਾਲੇ ਦੇ ਘਰ ਪੈਦਾ ਹੋਇਆ। ਅਤੇ ਇਸ ਨੇ ਨਾਭੇ ਕੋਲ ਰਹਿਣਾ ਸ਼ੁਰੂ ਕੀਤਾ ਤੇ ਅਜਾਪਾਲ ਸਿੰਘ ਦਾ ਸਰੂਪ ਸਿੰਘ, ਇਸ ਦਾ ਨਰੈਣ ਸਿੰਘ, ਇਹ ਮਹਾ-ਰਾਜਾ ਨਾਭੇ ਦੇ ਗਰੰਥੀ ਸੀ। ਜਿਸ ਕਰਕੇ ਇਸ ਦਾ ਨਾਮ ਭਾਈ ਪੈ ਗਿਆ। ਅਤੇ ਭਾਈ ਨਰੈਣ ਸਿੰਘ ਦਾ ਭਾਈ ਕਾਹਨ ਸਿੰਘ ਹੋਇਆ। ਸੋ ਇਸ ਤਰ੍ਹਾਂ ਅਜਾਪਾਲ ਸਿੰਘ ਦੇ ਪਿੰਡ ਤੇ ਉਸ ਦੇ ਪਿਤਾ ਤੇ ਔਲਾਦ ਦਾ ਸਾਰਾ ਪਤਾ ਮਿਲਦਾ ਹੈ। ਜਿਸ ਕਰਕੇ ਅਜਾਪਾਲ ਸਿੰਘ ਗੁਰੂ ਗੋਬਿੰਦ ਸਿੰਘ ਜੀ ਨਹੀਂ ਸਨ।'

ਸਵਾਮੀ ਜੀ ਦੀ ਇਹ ਲਿਖਤ ਕਾਫੀ ਵਜ਼ਨਦਾਰ ਮਾਲੂਮ ਹੁੰਦੀ ਹੈ। ਇਸ ਲਈ ਕਿ ਸੰਸਕ੍ਰਿਤ ਵਿਚ 'ਅਜਾ' ਬਕਰੀ ਨੂੰ ਕਹਿੰਦੇ ਹਨ। ਅਜਾਪਾਲ ਸਿੰਘ ਦੇ ਅਰਥ ਹਨ– 'ਬਕਰੀ ਪਾਲ।'

ਅੱਜ ਕਲ ਬਾਬਾ ਅਜਾਪਾਲ ਸਿੰਘ ਦੇ ਡੇਰੇ ਦੀ ਨਵੀਨ ਇਮਾਰਤ ਬਣ ਰਹੀ ਹੈ। ਉਸਦੀ ਕਮੇਟੀ ਵਲੋਂ ਬੋਰਡ ਲਾਇਆ ਗਿਆ ਹੈ-'ਬਾਬਾ ਜੀ ਸ੍ਰੀ ਦਸਮੇਸ਼ ਜੀ ਦੇ ਨਗਾਰਚੀ ਸਨ।'

ਇਹ ਵੀ ਦਰੁਸਤ ਹੈ, ਕਿਉਂਕਿ ਬਾਬਾ ਜੀ ਨਗਾਰਾ ਵਜਾਉਣ ਦੇ ਸ਼ੌਕੀਨ ਸਨ। ਜਿਸ ਬਾਰੇ ਭਾਈ ਕਾਹਨ ਸਿੰਘ ਸੰਨ 1899 ਈ: ਵਿਚ ਛਪੇ ਹੋਏ 'ਗੁਰਮਤ ਸੁਧਾਕਰ' ਵਿਚ ਲਿਖਣ ਕਿ ਉਨ੍ਹਾਂ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ, ਤੇ ਉਨ੍ਹਾਂ ਨਾਲ ਰਹੇ। ਦੂਜੀ ਥਾਵੇਂ ਲਿਖਣ ਕਿ ਉਨ੍ਹਾਂ ਦੇ ਪਿਛੇ ਤੇ ਵੰਸ਼ ਦਾ ਕੁਝ ਪਤਾ ਨਹੀਂ। ਤੀਸਰੀ ਥਾਵੇਂ ਕਹਿਣ ਕਿ ਮੈਂ ਇਸ ਮਾਮਲੇ ਬਾਰੇ ਕੋਈ ਪੱਕੀ ਰਾਇ ਕਾਇਮ ਨਹੀਂ



Digitized by Panjab Digital Library | www.panjabdigilib.org

ਕੀਤੀ, ਉਸ ਬਾਬਾ ਅਜਾਪਾਲ ਸਿੰਘ ਨੂੰ ਨਵੀਨ ਕੂਕੇ ਲਿਖਾਰੀ ਦਸਮੇਸ਼ ਜੀ ਪ੍ਰਗਟ ਕਰਕੇ ਗੁਰਤਾ ਦੀ ਸੰਗਲੀ ਜੋੜਨ, ਪਰਲੇ ਦਰਜੇ ਦੀ ਹਮਾਕਤ ਹੈ ।

ਸੁਆਦਲੀ ਗੱਲ ਹੈ ਕਿ ਜਿਸ ਭਾਈ ਕਾਹਨ ਸਿੰਘ ਦੀ ਲਿਖਤ ਦੀ ਆੜ ਵਿਚ ਕੂਕੇ ਆਪਣੇ ਗੁਰੂ ਡਮ ਦੀ ਸੰਗਲੀ ਬਾਬਾ ਬਾਲਕ ਸਿੰਘ ਨਾਲ ਜੋੜਦੇ ਹਨ, ਉਨ੍ਹਾਂ ਨੇ ਕਿਸੇ ਇਕ ਥਾਂ ਵੀ ਨਹੀਂ ਲਿਖਿਆ ਕਿ ਬਾਬਾ ਅਜਾਪਾਲ ਸਿੰਘ ਨੇ ਹਜ਼ਰੋ ਜਾ ਕੇ ਬਾਲਕ ਸਿੰਘ ਜੀ ਨੂੰ ਗੱਦੀ ਦਿਤੀ। ਇੰਨਾਂ ਨੇ ਅੱਧੀ ਸਾਖੀ ਭਾਈ ਕਾਹਨ ਸਿੰਘ ਦੀ ਚੁਰਾ ਲਈ ਹੈ ਤੇ ਬਾਕੀ ਦੀ ਆਪਣੇ ਕੋਲੋਂ ਜੋੜ ਲਈ ਹੈ ।

ਭਾਈ ਕਾਹਨ ਸਿੰਘ ਦੀ ਸਭ ਤੋਂ ਪਹਿਲੀ ਪੁਸਤਕ 'ਗੁਰਮਤ ਪ੍ਰਭਾਕਰ' ਸੰਨ **1898** ਵਿਚ ਅਤੇ ਦੂਜੀ ਪੁਸਤਕ 'ਗੁਰਮਿਤ ਸੁਧਾਕਰ' ਸੰਨ **1899** ਈ: ਵਿਚ ਭਾਵ ਅੱਜ ਤੋਂ **73** ਸਾਲ ਪਹਿਲੇ ਪ੍ਰਕਾਸ਼ਤ ਕਰਵਾਈ । ਉਹ 'ਗੁਰਮਤ ਸੁਧਾਕਰ' ਵਿਚ ਲਿਖਦੇ ਹਨ-'ਗੁਰੂ ਗ੍ਰੰਥ ਸਾਹਿਬ ਜੀ ਕੋ ਗੁਰੂ ਕਾ ਆਤਮ ਰੂਪ ਹੋਣੇ ਕਰਕੇ ਆਤਮਿਕ ਗੁਰਿਆਈ ਮਿਲੀ ਹੈ । ਖਾਲਸਾ ਕੋ ਗੁਰੂ ਕੀ ਦੇਹ ਰੂਪ ਹੋਣ ਕਰਕੇ ਸਰੀਰਕ ਗੁਰਤਾ ਪ੍ਰਾਪਤ ਹੋਈ ਹੈ ।'

(ਕਲਾ ੧੬ ਅੰਕ ੧੨੯ ਦਾ ਫੁਟ ਨੋਟ)

ਵਿਚਾਰਨ ਵਾਲੀ ਗੱਲ ਹੈ ਕਿ ਸ੍ਰੀ ਦਸਮੇਸ਼ ਜੀ ਸੰਮਤ **1765** ਮੁਤਾਬਿਕ **1708** ਈ: ਵਿਚ ਜੋਤੀ ਜੋਤ ਸਮਾਏ। ਉਸ ਤੋਂ **208** ਸਾਲ ਬਾਅਦ ਤੀਕ ਕਿਸੇ ਸਿੱਖ ਜਾਂ ਅਨਸਿੱਖ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਦਸਮੇਸ਼ ਜੀ



Digitized by Panjab Digital Library | www.panjabdigilib.org

ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਰਹੇ ਤੇ ਉਨ੍ਹਾਂ ਨੇ ਕਿਸੇ ਨੂੰ ਗੱਦੀ ਦਿਤੀ ਹੈ ।

ਭਾਈ ਕਾਹਨ ਸਿੰਘ ਦੀ ਲਿਖਤ ਚੁਰਾਕੇ ਸਭ ਤੋਂ ਪਹਿਲੇ ਨਵੀਨ ਕੂਕਾ ਲਿਖਾਰੀ ਸੰਤ ਨਿਧਾਨ ਸਿੰਘ ਆਲਮ ਨੇ ਸੰਨ 1932 ਵਿਚ 'ਗੁਰੂ ਪਦ ਨਿਰਣਯ' ਵਿਚ ਲਿਖਿਆ—

'ਅਸਾਂ ਸ੍ਰ: ਬਹਾਦਰ ਕਾਹਨ ਸਿੰਘ ਜੀ ਦੇ ਲੇਖਾਂ ਅਨੁ-ਸਾਰ ਦਸਮ ਪਾਤਸ਼ਾਹ ਦਾ ਸ੍ਰੀ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਬਹੁਤ ਮੁਦਤ ਤੀਕ ਜੀਵਤ ਰਹਿਣਾ ਦਰਸਾਇਆ ਸੀ । ਏਥੋਂ ਤੀਕ ਕਿ ਸ੍ਰੀ ਦਸਮੇਸ਼ ਜੀ ਯਾਰਵੇਂ ਸਤਿਗੁਰੂ ਬਾਲਕ ਸਿੰਘ ਜੀ ਨੂੰ ਆਪਣੀ ਗੱਦੀ ਸੌਂਪਕੇ ਜੋਤੀ ਜੋਤ ਸਮਾਏ । (ਸਫ਼ਾ 89)

ਸ੍ਰੀ ਦਸਮੇਸ਼ ਜੀ ਦੇ ਸਵਾ ਦੋ ਸੌ ਸਾਲ ਬਾਅਦ ਕੂਕਾ ਗੁਰੂ ਡਮ ਦੀ ਲੜੀ ਜੋੜਨ ਲਈ ਸੰਤ ਨਿਧਾਨ ਸਿੰਘ ਨੇ ਜੋ ਮਨ ਘੜਤ ਕਹਾਣੀ ਨਸ਼ਰ ਕੀਤੀ, ਉਸ ਪਰ ਸਿੱਖਾਂ ਵਿਚ ਬਹਿਸ ਚਲਣੀ ਕੁਦਰਤੀ ਗੱਲ ਸੀ । ਉਸ ਬਾਰੇ ਭਾਈ ਸੇਵਾ ਸਿੰਘ ਨੇ 'ਖਾਲਸਾ ਸਮਾਚਾਰ' ਵਿਚ ਲਿਖਿਆ । ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਨੇ ਭਾਈ ਕਾਹਨ ਸਿੰਘ ਨੂੰ ਸਦਕੇ ਪੁੱਛਿਆ ਕਿਉਂਕਿ ਕੂਕੇ ਗੁਰੂ ਡਮ ਦੇ ਰੇਤਲੇ ਮਹਿਲ ਉਨ੍ਹਾਂ ਦੀ ਲਿਖਤ ਦੇ ਆਸਰੇ ਹੀ ਖੜ੍ਹਾ ਕਰਦੇ ਸਨ ।

ਨਵੰਬਰ 1932 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦਵਾਰੇ ਡੌਂਡੀ ਕਰਵਾਕੇ ਇਕ ਦੀਵਾਨ ਕੀਤਾ ਗਿਆ । ਜਿਸ ਵਿਚ ਭਾਈ ਕਾਹਨ ਸਿੰਘ ਨੇ ਹੇਠ ਦਰਜ ਲਿਖਤੀ ਬਿਆਨ ਪੜ੍ਹਿਆ—



Digitized by Panjab Digital Library | www.panjabdigilib.org

'ਬਾਬਾ ਅਜਾਪਾਲ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਆਪਣਾ ਗੁਰੂ ਮੰਨਦੇ ਸਨ। ਜਿਹਾ ਕਿ ਮੇਰੇ ਫੁਟ ਨੋਟ ਤੋਂ ਕਿ ਬਾਬਾ ਜੀ ਹਰ ਕੰਮ ਵਿਚ ਗੁਰੂ ਸਿੰਘ ਦਾ ਜ਼ਿਕਰ ਤ੍ਰਿਤਯਾ ਪੁਰਖ (ਸਾਹਿਬ ਗੁਰੂ ਗੋਬਿੰਦ ਸਿੰਘ ਜੀ) ਵਾਸਤੇ ਕੀਤਾ ਕਰਦੇ ਸਨ,ਜ਼ਾਹਰ ਹੈ।'

'ਬਾਬਾ ਜੀ ਬਾਬਤ ਜੋ ਕੁਝ ਮੈਂ 'ਗੁਰਮਤ ਸੁਧਾਕਰ' ਗ੍ਰੰਥ ਦੀ ਪਹਿਲੀ ਐਡੀਸ਼ਨ 'ਚ ਲਿਖਿਆ ਸੀ, ਅਰਥਾਤ ਬਾਬਾ ਜੀ ਨੇ ਸ੍ਰੀ ਗੁਰੂ ਗੋਬਿੰਦ ਜੀ ਤੋਂ ਅੰਮ੍ਰਿਤ ਛਕਿਆ ਸੀ, ਬਿਲਕੁਲ ਠੀਕ ਹੈ। ਦੂਜੀਆਂ ਐਡੀਸ਼ਨਾਂ ਵਿਚ ਸੁਭਾਵਕ ਰਹਿ ਗਿਆ ਹੈ। ਅਗਲੀ ਐਡੀਸ਼ਨ ਜਦ ਛਪੀ, ਦਰਜ ਕਰ ਦਿਤਾ ਜਾਵੇਗਾ।

'ਮੇਰਾ ਪੂਰਨ ਵਿਸ਼ਵਾਸ ਹੈ ਕਿ ਸਾਹਿਬ ਕਲਗੀਧਰ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਗਰੰਥ ਸਾਹਿਬ ਜੀ ਨੂੰ ਗਦੀ ਦੇ ਕੇ ਸਦਾ ਲਈ ਜਗਤ ਗੁਰੂ ਥਾਪ ਦਿਤਾ। ਕਿਸੇ ਹੋਰ ਪੁਰਸ਼ ਨੂੰ ਗੁਰਗਦੀ ਦੇ ਕੇ ਸਿਲਸਿਲਾ ਗੁਰਿਆਈ ਨਹੀਂ ਤੋਰਿਆ ਜੈਸੇ ਕਿ ਅਗੇ ਮੈਂ ਆਪਣੇ ਕਈ ਗਰੰਥਾਂ ਵਿਚ ਲਿਖ ਚੁਕਾ ਹਾਂ।' ਪੰਥ ਸੇਵਕ(ਸਹੀ) ਕਾਹਨ ਸਿੰਘ ਨਾਭਾ

ਇਹ ਲਿਖਤ ਕਈ ਅਖਬਾਰਾਂ ਵਿਚ ਪ੍ਰਕਾਸ਼ਤ ਹੋਈ। ਇਸਦੇ ਪਿਛੋਂ ਕੂਕੇ ਲਿਖਾਰੀ ਜਾਂ ਉਹਨਾਂ ਦਾ ਭਾੜੇ ਤੇ ਕੀਤਾ ਹੋਇਆ ਮਹਾਸ਼ਾ ਸ਼ਿਵ ਲਾਲ ਭਾਬੀ ਕਾਹਨ ਸਿੰਘ ਦੀ ਆੜ ਵਿਚ ਆਪਣੇ ਗੁਰੂ ਡਮ ਨੂੰ ਸਾਬਤ ਕਰਨ, ਇਹ ਪਰਲੇ ਦਰਜੇ ਦਾ ਧੋਖਾ ਤੇ ਚਾਰ ਸੌ ਵੀਹ ਹੈ।

ਨਵੀਨ ਕੂਕੇ ਲਿਖਾਰੀਆਂ ਨੇ ਆਪਣੇ ਕਲਪਤ ਗੁਰੂ ਡਮ ਦੀ ਸੰਗਲੀ ਜੋੜਨ ਲਈ ਜਿਥੇ ਬਾਬਾ ਅਜਾਪਾਲ ਸਿੰਘ ਦੀ



Digitized by Panjab Digital Library | www.panjabdigilib.org

ਆੜ ਲਈ ਹੈ, ਉਥੇ ਸਾਰੇ ਇਤਿਹਾਸ ਨੂੰ ਨਜ਼ਰ ਅੰਦਾਜ਼ ਕਰਕੇ ਇਹ ਗਲਤ ਬਿਆਨੀ ਵੀ ਕੀਤੀ ਹੈ ਕਿ ਸ੍ਰੀ ਕਲਗੀ-ਧਰ ਸੰਮਤ 1765 ਈ: ਵਿਚ ਹਜ਼ੂਰ ਸਾਹਿਬ ਨਾਦੇੜ ਵਿਚ ਜੋਤੀ ਜੋਤ ਨਹੀਂ ਸਮਾਏ। ਅਸੀਂ ਇਸ ਪਰ ਵੀ ਸੰਖੇਪ ਜੇਹੀ ਵਿਚਾਰ ਕਰਦੇ ਹਾਂ।

ਗੁਰੂ ਸਾਹਿਬ ਨੇ ਸੰਮਤ 1761 ਦੇ ਮਹਾਨ ਜੰਗ ਦੇ ਬਾਅਦ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕੀਤਾ। 7 ਪੋਹ ਨੂੰ ਚਮਕੌਰ ਸਾਹਿਬ ਦੀ ਜੰਗ ਹੋਈ। ਉਸ ਤੋਂ ਉਪ੍ਰੰਤ ਆਪ ਮਾਲਵੇ ਵਿਚ ਚਲੇ ਗਏ। ਵਿਸਾਖ 1762 ਵਿਚ ਮੁਕਤਸਰ ਦੀ ਜੰਗ ਹੋਈ।

5 ਕਤਕ 1762 ਨੂੰ ਮਾਲਵੇ ਤੋਂ ਰਾਜਪੂਤਾਨੇ ਵਲ ਕੂਚ ਕੀਤਾ। ਜੈ ਪੁਰ ਦੇ ਇਲਾਕੇ ਵਿਚ ਦਾਦੂ ਦੁਆਰੇ ਦੇ ਮਹੰਤ ਜੈਤ ਰਾਮ ਨੂੰ ਮਿਲੇ। ਦੂਜੇ ਪਾਸੇ ਔਰੰਗਜ਼ੇਬ ਦੀ ਮੌਤ ਹੋ ਗਈ। ਦਿੱਲੀ ਦੇ ਤਖਤ ਲਈ ਉਸ ਦੇ ਪੁੱਤਰਾਂ ਮੁਅੱਜ਼ਮ (ਬਹਾਦਰ ਸ਼ਾਹ) ਅਤੇ ਤਾਰਾ ਆਜ਼ਮ ਵਿਚਕਾਰ ਝਗੜਾ ਹੋ ਗਿਆ। ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਰਾਹੀਂ ਗੁਰੂ ਸਾਹਿਬ ਤੋਂ ਸਹਾਇਤਾ ਮੰਗੀ। ਆਪ ਨੇ ਭਾਈ ਧਰਮ ਸਿੰਘ ਦੀ ਅਗਵਾਈ ਹੇਠ ਇਕ ਜਥਾ ਭੇਜਿਆ। ਜਾਜੂ ਦੇ ਮੁਕਾਮ ਪਰ ਦੋਹਾਂ ਭਰਾਵਾਂ ਦੀ ਲੜਾਈ ਹੋਈ। ਉਸ ਵਿਚ ਬਹਾਦਰ ਸ਼ਾਹ ਦੀ ਜਿੱਤ ਹੋਈ, ਤਾਰਾ ਆਜ਼ਮ ਮਾਰਿਆ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਹਾਦਰ ਸ਼ਾਹ ਦੀ ਪਹਿਲੀ ਮੁਲਾਕਾਤ 24 ਜੁਲਾਈ ਸੰਨ 1707 ਨੂੰ ਆਗਰੇ ਵਿਚ ਹੋਈ। ਜਿਸਦਾ ਜ਼ਿਕਰ ਸ਼ਾਹੀ ਰਿਕਾਰਡ ਵਿਚ



Digitized by Panjab Digital Library | www.panjabdigilib.org

ਮਿਲ ਦਾ ਹੈ। ਉਸਦੇ ਬਾਹਦ ਗੁਰੂ ਸਾਹਿਬ ਤੇ ਬਹਾਦਰ ਸ਼ਾਹ ਦੋਵੇਂ ਦੱਖਣ ਵਿਚ ਚਲੇ ਪਏ। ਨਾਦੇੜ ਤੋਂ ਗੁਰੂ ਸਾਹਿਬ ਨੇ ਬੰਦੇ ਬਹਾਦਰ ਨੂੰ ਪੰਜ ਤੀਰ, ਨਿਸ਼ਾਨ ਸਾਹਿਬ, ਹੁਕਮਨਾਮਾ ਅਤੇ ਪੰਜ ਸਿੰਘ(ਪਿਆਰੇ) ਨਾਲ ਦੇਕੇ ਪੰਜਾਬ ਵੱਲ ਭੇਜਿਆ। ਜਿਸਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਦਿਤੀਆਂ।

ਵਜ਼ੀਰ ਖਾਂ ਸੂਬਾ ਸਰਹਿੰਦ ਨੇ ਗੁਰੂ ਜੀ ਅਤੇ ਬਹਾਦਰ ਸ਼ਾਹ ਦੀ ਨਿਕਟਤਾ ਵੇਖਕੇ ਦੋ ਪਠਾਣ ਗੁਰੂ ਸਾਹਿਬ ਨੂੰ ਕਤਲ ਕਰਨ ਲਈ ਨਾਦੇੜ ਭੇਜੇ। ਉਹ ਦਿੱਲੀ ਵਿਚ ਮਾਤਾ ਸੁੰਦਰੀ ਤੋਂ ਪਤਾ ਕਰਕੇ ਉਥੇ ਪੁਜੇ। ਇਕ ਦਿਨ ਸ਼ਾਮ ਦੇ ਵਕਤ ਉਨ੍ਹਾਂ ਨੇ ਤੰਬੂ ਵਿਚ ਜਾ ਕੇ ਉਨ੍ਹਾਂ ਦੇ ਪੇਟ ਵਿਚ ਖੰਜਰ ਮਾਰਿਆ। ਇਕ ਨੂੰ ਗੁਰੂ ਸਾਹਿਬ ਨੇ ਉਥੇ ਹੀ ਝਟਕਾ ਦਿਤਾ। ਦੂਜੇ ਨੂੰ ਸਿੱਖਾਂ ਨੇ ਪਾਰ ਬੁਲਾਇਆ।

ਅਕਤੂਬਰ ਸੰਨ 1708 ਈ: ਵਿਚ ਬਹਾਦਰ ਸ਼ਾਹ ਨੂੰ ਬਿਦਰ ਰਿਆਸਤ ਹੈਦਰਾਬਾਦ ਵਿਚ ਇਤਲਾਹ ਪੁੱਜੀ ਕਿ ਗੁਰੂ ਸਾਹਿਬ ਜਮਸ਼ੈਦ ਖਾਂ ਪਠਾਣ ਦੇ ਹੱਥੋਂ ਖੰਜਰ ਨਾਲ ਜ਼ਖਮੀ ਹੋਏ ਤੇ ਪਠਾਣ ਮਾਰਿਆ ਗਿਆ ਹੈ।

ਪੇਟ ਦਾ ਜ਼ਖਮ ਡੂੰਘਾ ਸੀ। ਉਹ ਸੀਤਾ ਗਿਆ। ਪਰ ਦਸਮੇਸ਼ ਪਿਤਾ ਨੇ ਇਕ ਦਿਨ ਕਮਾਨ ਚੜ੍ਹਾਈ। ਜਿਸ ਕਾਰਨ ਜ਼ਖਮ ਦੇ ਟਾਂਕੇ ਟੁੱਟ ਗਏ। ਕਤਕ ਸੁਦੀ 5 ਸੰਮਤ 1765 ਨੂੰ ਜਤੀ ਜੋਤ ਸਮਾ ਗਏ। ਆਪਦਾ ਅੰਤਮ ਸੰਸਕਾਰ ਕੀਤਾ ਗਿਆ। ਉਸ ਪਵਿੱਤ੍ਰ ਅਸਥਾਨ ਦਾ ਨਾਂ ਸਚਖੰਡ ਸ੍ਰੀ ਹਜ਼ੂਰ ਸਾਹਿਬ ਹੈ ਅਤੇ ਖਾਲਸਾ ਪੰਥ ਦੇ ਚਾਰ ਤਖਤਾਂ ਵਿਚੋਂ ਇਕ ਹੈ।



Digitized by Panjab Digital Library | www.panjabdigilib.org

ਸਿੱਖ ਜਗਤ ਅਤੇ ਅਨਸਿੱਖ ਇਤਿਹਾਸਕਾਰ ਇਸਨੂੰ ਮੰਨਦੇ ਹਨ। ਪਰ ਵੀਹਵੀਂ ਸਦੀ ਦੇ ਦੋ ਤਿੰਨ ਕੂਕੇ ਲਿਖਾਰੀ ਗੁਰਤਾ ਦੀ ਝੂਠੀ ਕਹਾਣੀ ਦਰੁਸਤ ਸਾਬਤ ਕਰਨ ਲਈ ਇਸ ਤੋਂ ਇਨਕਾਰੀ ਹਨ। ਉਹ 'ਜੰਵ ਕੁਪੱਤੀ ਸੁਥਰਾ ਭਲੇ ਮਾਣਸ' ਵਾਲੀ ਗਲ ਕਰਦੇ ਹਨ।

ਅਸੀਂ ਦਸਮੇਸ਼ ਜੀ ਦੇ ਕੁਝ ਸਮਕਾਲੀ ਤੇ ਬਾਅਦ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਪੇਸ਼ ਕਰਦੇ ਹਾਂ-

ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਦਾ ਜ਼ਿਕਰ ਬਹਾਦਰ ਸ਼ਾਹ ਦੇ ਰੋਜ਼ਨਾਮਚੇ ਤੇ 'ਤਵਾਰੀਖ ਬਹਾਦਰ ਸ਼ਾਹੀ' ਵਿਚ ਮਿਲਦਾ ਹੈ। ਦੂਜੇ ਜੈ ਪੁਰ ਦਾ ਰਾਜਾ ਜੈ ਸਿੰਘ ਸਵਾਈ ਔਰੰਗਜ਼ੇਬ ਦਾ ਦਰਬਾਰੀ ਸੀ। ਬਹਾਦਰ ਸ਼ਾਹ ਨਾਲ ਵੀ ਉਦੇ ਸੰਬੰਧ ਚੰਗੇ ਸਨ। ਜੈ ਪੁਰ ਦੀ ਲਾਇਬਰੇਰੀ ਵਿਚ ਮੁਗਲ ਹਕੂਮਤ ਦੇ ਕੁਝ ਅਖ਼ਬਾਰਾਤੇ ਮੁਅੱਲਾ ਮੌਜੂਦ ਹਨ। ਉਨ੍ਹਾਂ ਵਿਚ ਦਸਮ ਪਾਤਸ਼ਾਹ ਤੇ ਬਹਾਦਰ ਸ਼ਾਹ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ।

'ਅਖ਼ਬਾਰਾਤੇ ਮੁਅੱਲਾ' ਵਿਚ ਦਰਜ ਹੈ ਕਿ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਜ਼ਖਮੀ ਹੋਣ ਦੀ ਇਤਲਾਹ ਮਿਲੀ। ਉਸ ਨੇ ਆਪਣੇ ਜਰਾਹ ਜ਼ਖ਼ਮ ਸੀਉਣ ਲਈ ਭੇਜੇ। ਜ਼ਖ਼ਮ ਅੱਲਾ ਹੋਣ ਅਤੇ ਜ਼ੋਰ ਨਾਲ ਤੀਰ ਕਮਾਣ ਚੜ੍ਹਾਉਣ ਕਰਕੇ ਖੁਲ੍ਹ ਗਿਆ।

ਬਹਾਦਰ ਸ਼ਾਹ ਨੂੰ ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਦੀ ਇਤਲਾਹ ਮਿਲੀ। ਉਸਨੇ ਇਕ ਖਿਲਅਤ ਮਾਤਾ ਸੁੰਦਰੀ ਦੇ ਗੋਦ ਲੀਤੇ ਪੁਤਰ ਅਜੀਤ ਸਿੰਘ ਨੂੰ ਬੁਰਹਾਨ ਪੁਰ



Digitized by Panjab Digital Library | www.panjabdigilib.org

ਭੇਜੀ। ਦੂਜੀ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੂੰ ਖੁਸ਼ ਕਰਨ ਲਈ ਖੰਜਰ ਮਾਰਨ ਵਾਲੇ ਜਮਸ਼ੇਦ ਖ਼ਾਂ ਦੇ ਪੁੱਤਰ ਨੂੰ ਭੇਜੀ। ਇਸ ਤਰ੍ਹਾਂ ਬਾਦਸ਼ਾਹ ਨੇ ਦੂਹਰੀ ਚਾਲ ਚੱਲੀ। ਸਿੱਖਾਂ ਨੂੰ ਪ੍ਰਸੰਨ ਕਰਨ ਲਈ ਦਸਮ ਪਾਤਸ਼ਾਹ ਦੇ ਅੰਤਮ ਸੰਸਕਾਰ ਵਾਲੇ ਦਿਨ ਇਕ ਖਿਲਅਤ ਅਜੀਤ ਸਿੰਘ ਨੂੰ ਭੇਜ ਦਿਤੀ। ਦੂਜੀ ਵਜ਼ੀਰ ਖ਼ਾਂ ਨੂੰ ਖੁਸ਼ ਕਰਨ ਲਈ ਜਮਸ਼ੇਦ ਖ਼ਾਂ ਦੇ ਪੁੱਤਰ ਨੂੰ ਵੀ ਭੇਜੀ।

ਔਰੰਗਜ਼ੇਬ ਅਤੇ ਦਸਮ ਪਾਤਸ਼ਾਹ ਦਾ ਇਕ ਸਮਕਾਲੀ ਖ਼ਾਫ਼ੀ ਖ਼ਾਂ ਸੀ, ਜਿਸ ਦਾ ਅਸਲ ਨਾਮ ਹਾਸ਼ਮ ਸੀ। ਚੂੰਕਿ ਔਰੰਗਜ਼ੇਬ ਦੇ ਸਮੇਂ ਕਿਸੇ ਨੂੰ ਤਵਾਰੀਖ ਲਿਖਣ ਦੀ ਆਗਿਆ ਨਹੀਂ ਸੀ। ਹਾਸ਼ਮ ਨੇ ਖੁਫੀਆ ਤੌਰ ਤੇ ਔਰੰਗਜ਼ੇਬ ਦੇ ਰਾਜ ਦੇਕੁਝ ਸਾਲਾਂ ਦੇ ਹਾਲਾਤ ਲਿਖੇ, ਜਿਸ ਕਰਕੇ ਉਸਦਾ ਨਾਮ ਖ਼ਾਫ਼ੀ ਖ਼ਾਂ ਪ੍ਰਸਿੱਧ ਹੋਇਆ।ਉਸਦੀ ਪੁਸਤਕ'ਮੁੰਤਖਿਬਲੁਬਾਬ' ਸੰਨ 1874 ਈ: ਵਿਚ ਕਲਕਤੇ ਵਿਚ ਛਪੀ।

ਖ਼ਾਫ਼ੀ ਖ਼ਾਂ ਆਪਣੀ ਤ੍ਵਾਰੀਖ 'ਮੁੰਤਖਿਬਲੁਬਾਬ' ਵਿਚ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਬਾਰੇ ਲਿਖਦਾ ਹੈ-

'ਦਰ ਅਯਾਮੇ ਕਿ ਬਹਾਦਰ ਸ਼ਾਹ ਬਾਦਸ਼ਾਹ ਮੁਤਵਜਾ ਹੈਦਰਾਬਾਦ ਗਰਦੀਦੰਦ,ਗੋਬਿੰਦ ਨਾਮ ਅਜ਼ ਸਰ ਗਰੋਹਾਂ ਆਂ ਕੌਮ ਬਦਨਾਮ ਬਹਜ਼ੂਰ ਰਸੀਦਾ ਬਾ ਦੋ ਸਦ ਸਵਾਰ ਨੇਜ਼ਾ ਦਰ ਪਿਆਦਾ ਦਰ ਰਕਾਬ ਰਫ਼ਾਕਤ ਨਮੂਦ। ਬਾਹਦ ਦੋ ਸਿਹ ਮਾਹ ਜ਼ਖਮ ਜਮ ਧਰ ਨਾਗਹਾਨੀ ਕਿ ਕਾਤਲੇ ਊ ਮਾਲੂਮ ਨਾ ਸ਼ੁਦ ਗਰਦੀਦ ਬਦਾਰਲ ਬਵਾਰ ਪੇਵਜਤ।'

(ਮੁੰਤਖਿਬਲੁਬਾਬ ਭਾਗ 2 ਸਫ਼ਾ 682)



Digitized by Panjab Digital Library | www.panjabdigilib.org

ਪੰਜਾਬੀ ਅਨੁਵਾਦ—

'ਉਨ੍ਹਾਂ ਦਿਨਾਂ ਵਿਚ ਜਦ ਬਹਾਦਰ ਸ਼ਾਹ ਬਾਦਸ਼ਾਹ ਨੇ ਹੈਦਰਾਬਾਦ ਵਲ ਧਿਆਨ ਦਿੱਤਾ, ਉਸ ਨੂੰ ਬਦਨਾਮ ਕੌਮ (ਔਰੰਗਜ਼ੇਬ ਵਿਰੁਧ ਬਗਾਵਤ ਕਰਕੇ) ਅਤੇ ਗਰੋਹ ਦਾ ਮੋਢੀ (ਗੁਰੂ) ਗੋਬਿੰਦ (ਸਿੰਘ) ਦੋ ਸੌ ਘੋੜ ਸਵਾਰ ਅਤੇ ਪਿਆ-ਦਿਆਂ ਸਮੇਤ ਬਾਦਸ਼ਾਹ ਪਾਸ ਪੁਜਿਆ। ਮਿਤ੍ਰਤਾ ਦੇ ਸੰਬੰਧ ਕਰਕੇ ਉਸ ਦੇ ਨਾਲ ਰਹਿਣ ਲਗਾ। ਦੋ ਤਿੰਨ ਮਹੀਨਿਆਂ ਪਿਛੋਂ ਉਸਨੂੰ ਜਮਦਾਹੜ ਦਾ ਜ਼ਖਮ ਲਗਾ, ਪਰ ਉਸਦੇ ਕਾਤਲ ਦਾ ਪਤਾ ਨਹੀਂ ਲਗ ਸਕਿਆ। ਇਸ ਤਰ੍ਹਾਂ ਉਸਦਾ ਦੇਹਾਂਤ ਹੋ ਗਿਆ।

ਜਿਸ ਵਕਤ ਖਾਫ਼ੀ ਖਾਂ ਨੇ 'ਮੁੰਤਖਿਬਲੁਬਾਬ' ਵਿਚ ਦਸਮ ਪਾਤਸ਼ਾਹ ਦੇ ਜਮਦਾਹੜ ਨਾਲ ਜ਼ਖਮੀ ਹੋ ਕੇ ਜੋਤੀ ਜੋਤ ਸਮਾਉਣ ਦਾ ਪ੍ਰਸੰਗ ਲਿਖਿਆ ਹੈ, ਉਸ ਵਕਤ ਨਾਮਧਾਰੀਆਂ ਦੇ ਕਲਪਤ ਗਿਆਰਵੇਂ ਬਾਹਰਵੇਂ ਗੁਰੂ ਬਾਬਾ ਬਾਲਕ ਸਿੰਘ ਅਤੇ ਬਾਬਾ ਰਾਮ ਸਿੰਘ ਦਾ ਜਨਮ ਵੀ ਨਹੀਂ ਸੀ ਹੋਇਆ।

ਪ੍ਰਸਿੱਧ ਅੰਗਰੇਜ਼ ਯਾਤਰੀ ਜਾਰਜ ਫਾਰੈਸਟਰ ਸੰਨ 1783 ਵਿਚ ਪੰਜਾਬ ਵਿਚ ਆਇਆ। ਉਸਨੇ ਕਸ਼ਮੀਰ ਦਾ ਸਫਰ ਕੀਤਾ। ਫਾਰਸਟਰ ਬਾਰਾਂ ਮਿਸਲਾਂ ਦੇ ਅੰਤ ਸਮੇਂ ਤੇ ਮਹਾਰਾਜਾ ਰਣਜੀਤ ਸਿੰਘ, ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਦੇ ਜਨਮ ਤੋਂ ਪਹਿਲੇ ਇਥੇ ਆਇਆ। ਉਸ ਵਕਤ ਪੰਜਾਬ ਵਿਚ ਅੰਗਰੇਜ਼ਾਂ ਦਾ ਨਾਮੋ-ਨਿਸ਼ਾਨ ਨਹੀਂ ਸੀ। ਆਪਣੇ ਸਫਰਨਾਮੇ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀਜੋਤ ਸਮਾਉਣ ਤੇ ਗੁਰਤਾ



Digitized by Panjab Digital Library | www.panjabdigilib.org

ਬਾਰੇ ਲਿਖਦਾ ਹੈ—

'ਗੁਰੂ ਗੋਬਿੰਦ ਸਿੰਘ ਜੀ ਨਾਲ ਇਕ ਪਠਾਨ ਸਿਪਾਹੀ ਨੇ ਚਲਾਕੀ ਨਾਲ ਸਿਵਾਹਘਾਤ ਕੀਤਾ ਕਿ ਆਪ 1708 ਈ: ਨੂੰ ਨਾਦੇੜ ਸ਼ਹਿਰ ਵਿਚ ਪਿਛੇ ਕੋਈ ਸੰਤਾਨ ਨਾ ਛਡਕੇ ਉਨ੍ਹਾਂ ਜ਼ਖਮਾਂ ਨਾਲ ਹੀ ਚਲਾਣਾ ਕਰ ਗਏ। ਸਿੱਖਾਂ ਨੂੰ ਇਹ ਰਵਾਯਤ ਦੇ ਗਏ ਕਿ ਸਿੱਖਾਂ ਦੇ ਦਸ ਗੁਰੂ ਹਨ। ਉਨ੍ਹਾਂ ਨੇ ਸਿੱਖਾਂ ਨੂੰ ਪ੍ਰਗਟ ਕਰ ਦਿੱਤਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਥਾਵੇਂ ਕਿਸੇ ਨੂੰ ਗੱਦੀ ਦਾ ਵਾਰਸ ਨਾ ਚੁਣਨ।'

ਮਿਸਲਾਂ ਦੇ ਸਮੇਂ ਇਕ ਬਖ਼ਤ ਮੱਲ ਸ਼ੇਰੇ ਪੰਜਾਬ ਮਹਾ-ਰਾਜਾ ਰਣਜੀਤ ਸਿੰਘ ਦੇ ਦਾਦਾ ਸ: ਚੜ੍ਹਤ ਸਿੰਘ ਸ਼ੁਕਰ-ਚੱਕੀਏ ਦਾ ਮੀਰ ਮੁਣਸ਼ੀ ਸੀ। ਉਸ ਨੇ ਸ਼ੇਰੇ ਪੰਜਾਬ ਦੇ ਸਮੇਂ 'ਖਾਲਸਾ ਨਾਮਾ' ਇਕ ਪੁਸਤਕ ਲਿਖੀ। ਉਸ ਵਿਚ ਦਰਜ ਹੈ ਕਿ ਸੂਬਾ ਸਰਹਿੰਦ ਵਜ਼ੀਰ ਖਾਂ ਦੀ ਸਾਜ਼ਸ਼ ਨਾਲ ਦਸਮੇਸ਼ ਸਤਿਗੁਰੂ ਨੂੰ ਇਕ ਪਠਾਣ ਨੇ ਨਾਦੇੜ (ਮਹਾਰਾਸ਼ਟਰ) ਵਿਚ ਖੰਜਰ ਦਾ ਵਾਰ ਕੀਤਾ। ਜਿਸ ਕਾਰਨ ਉਹ ਉਥੇ ਜੋਤੀ ਜੋਤ ਸਮਾ ਗਏ।

ਇਕ ਹੱਥ ਲਿਖਤ ਪੁਸਤਕ 'ਚਤੁਰ ਜੁਗੀ' ਹੈ। ਉਸ 'ਚ ਦਰਜ ਹੈਕਿ ਸਰਹਿੰਦ ਦੇ ਸੂਬੇ ਵਲੋਂ ਦੋ ਪਠਾਣ ਨਾਦੇੜ ਪੁਜੇ। ਉਨ੍ਹਾਂ ਨੇ ਇਕ ਦਿਨ ਸ਼ਾਮ ਨੂੰ ਜਦ ਕਿ ਦਸਮ ਪਾਤਸ਼ਾਹ ਆਰਾਮ ਕਰ ਰਹੇ ਸਨ, ਉਨ੍ਹਾਂ ਦੀ ਖੱਬੀ ਵੱਖੀ ਵਿਚ ਛੁਰਾ ਮਾਰਿਆ। ਇਕ ਗੁਰੂ ਸਾਹਿਬ ਨੇ ਉਥੇ ਹੀ ਝਟਕਾ ਦਿੱਤਾ। ਦੂਜਾ ਪਠਾਣ ਨੱਠ ਤੁਰਿਆ, ਉਸਨੂੰ ਸਿੱਖਾਂ ਨੇ ਖਤਮ ਕਰ ਦਿੱਤਾ। ਛੁਰੇ ਦੇ ਵਾਰ ਕਾਰਨ ਹੀ ਦਸਮ ਪਾਤਸ਼ਾਹ ਨਾਦੇੜ



Digitized by Panjab Digital Library | www.panjabdigilib.org

ਹਜ਼ੂਰ ਸਾਹਿਬ ਵਿਖੇ ਜੋਤੀ ਜੋਤ ਸਮਾਏ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਇਕ ਦਰਬਾਰੀ ਲੇਖਕ ਮੁਨਸ਼ੀ ਸੋਹਨ ਲਾਲ ਸੀ। ਉਸ ਨੇ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਅਤੇ ਗੁਰਤਾ ਬਾਰੇ ਆਪਣੀ ਪੁਸਤਕ ਵਿਚ ਜੋ ਲਿਖਿਆ ਹੈ, ਉਸਦਾ ਵਰਣਨ ਪਿਛਲੇ ਕਾਂਡ ਵਿਚ ਕਰ ਆਏ ਹਾਂ।

ਦੂਜਾ ਦਰਬਾਰੀ ਗਣੇਸ਼ ਦਾਸ ਵਡਹਿਰਾ ਸੀ, ਜੋ ਸ਼ੇਰੇ ਪੰਜਾਬ ਦੇ ਮਹਿਕਮਾ ਮਾਲ ਵਿਚ ਵੀ ਰਿਹਾ। ਉਸਨੇ ਸੰਨ 1849 ਈ: ਵਿਚ ਫਾਰਸੀ ਵਿਚ 'ਚਾਰ ਬਾਗ ਪੰਜਾਬ' ਲਿਖੀ ਹੈ। ਉਹ ਖਾਲਸਾ ਕਾਲਜ ਦੇ ਇਤਿਹਾਸਕ ਖੋਜ ਵਿਭਾਗ ਨੇ ਨੇ ਪ੍ਰਕਾਸ਼ਤ ਕੀਤੀ ਹੈ।

ਗਣੇਸ਼ ਦਾਸ ਵਡਹਿਰੇ ਨੇ ਸੰਨ 1849 ਭਾਵ ਅੱਜ ਤੋਂ 123 ਵਰ੍ਹੇ ਪਹਿਲੇ ਆਪਣੀ ਪੁਸਤਕ 'ਚਾਰ ਬਾਗ ਪੰਜਾਬ' ਦੇ ਸਫਾ 118 ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਦੇੜ ਵਿਖੇ ਜੋਤੀ ਜੋਤ ਸਮਾਉਣ ਬਾਰੇ ਲਿਖਿਆ ਹੈ–ਦੋ ਪਠਾਣ ਨਾਦੇੜ ਪੁਜੇ। ਉਹ ਗੁਰੂ ਸਾਹਿਬ ਨਾਲ ਸ਼ਤਰੰਜ ਖੇਡਦੇ ਸਨ। ਉਸ ਦੌਰਾਨ 'ਬਚਾ ਅਫਗਾਨ ਜੋਸ਼ੀਦਾ ਕਾਰਦ ਬਰ ਬਦਨ ਮੁਬਾਰਕ ਰਸਾਨੀਦਾ ਮਜਰੂਹ ਕਰਦ।'

ਭਾਵ–ਇਕ ਪਠਾਣ ਦੇ ਪੁਤ੍ਰ ਨੇ ਜੋਸ਼ ਵਿਚ ਆਕੇ ਦਸਮੇਸ਼ ਜੀ ਦੇ ਮੁਬਾਰਕ ਸਰੀਰ ਪਰ ਕਰਦ ਦਾ ਵਾਰ ਕੀਤਾ ਤੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿਤਾ।

ਅੱਗੇ ਚੱਲਕੇ ਗਣੇਸ਼ ਦਾਸ ਲਿਖਦਾ ਹੈ-

'ਅਗਰ ਚਿ ਗੁਰੂ ਹਮ ਤੌਫ਼ੀਕ ਇੰਤਕਾਮ ਯਾਫ਼ਤਾ ਬਯਕ



Digitized by Panjab Digital Library | www.panjabdigilib.org

ਤੇਗ ਕਾਰੀ ਕਾਰਸ਼ ਤਮਾਮ ਕਰਦੰਦ ।

ਭਾਵ-ਗੁਰੂ ਸਾਹਿਬ ਨੇ ਆਪਣੀ ਸ੍ਰੀ ਸਾਹਿਬ ਨਾਲ ਇਕ ਪਠਾਣ ਉਤੇ ਵਾਰ ਕਰਕੇ ਬਦਲਾ ਲੈ ਲਿਆ ਤੇ ਉਸਦਾ ਅੰਤ ਕਰ ਦਿਤਾ—

'ਉਸ ਜ਼ਖਮ ਕਾਰਨ ਹੀ ਦਸਮ ਪਾਤਸ਼ਾਹ ਸੰਮਤ 1765 ਬਿਕ੍ਰਮੀ ਵਿਚ ਨਾਦੇੜ ਵਿਚ ਜੋਤੀ ਜੋਤ ਸਮਾਏ ।'

'ਚੁਨਾਚਿ ਦੇਹੁਰਾ ਗੁਰੂ ਓ ਮਕਾਨ ਦਖਨ ਬਮੰਜ਼ਲ ਅਫਜ਼ਲ ਨਗਰ ਮੁਰੰਮਤ ਗਰਦੀਦ ।'

ਭਾਵ-ਜਿਥੇ ਗੁਰੂ ਸਾਹਿਬ ਜੋਤੀ ਜੋਤ ਸਮਾਏ ਸਨ, ਦੱਖਣ ਵਿਚ ਉਨ੍ਹਾਂ ਦਾ ਦੇਹੁਰਾ ਤੇ ਮਕਾਨ ਬਣਾਏ ਗਏ । ਉਸ ਅਸਥਾਨ ਦਾ ਨਾਂ ਅਫ਼ਜ਼ਲ ਨਗਰ (ਅਬਚਲ ਨਗਰ) ਹੈ ।

ਅਕਾਲੀ ਕੌਰ ਸਿੰਘ ਜੀ ਕੋਲ ਇਕ ਲਿਖਤੀ ਵਾਰਤਕ ਮਹਿਮਾ ਪ੍ਰਕਾਸ਼ ਸੀ । ਉਸ ਵਿਚ ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੇ ਉਨ੍ਹਾਂ ਦੇ ਅੰਤਮ ਸੰਸਕਾਰ ਬਾਰੇ ਲਿਖਿਆ—

'ਬਹੁੜ ਗੁਰੂ ਜੀ ਸ਼ਸਤਰ ਪੈਧੇ । ਫਿਰ ਈਂਧਨ ਕੇ ਊਪਰ ਜਾਇ ਕਰ ਪੌਢੇ, ਅਰ ਜੋਤੀ ਜੋਤ ਸਮਾਣੇ । ਤਬ ਖਾਲਸੇ ਬੈਸੰਤਰ ਕੀ ਅਹੂਤੀ ਕੀਨੀ । ਸੰਮਤ 1765 ਕਤਕ ਸੁਦੀ ਪੰਚਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ।'

'ਰਾਮ ਹਰੀ' ਪੁਸਤਕਾਲਾ ਭੈਣੀ ਸੰਮਤ 1849 ਬਿਕ੍ਰਮੀ ਦੀਆਂ ਲਿਖਤ ਪਰਚੀਆਂ ਹਨ, ਉਨ੍ਹਾਂ ਵਿਚ ਦਰਜ ਹੈ—

'ਬਹੁੜ ਗੁਰੂ ਜੀ ਬਸਤ੍ਰ ਪੈਧੇ । ਫੇਰ ਸ਼ਸਤ੍ਰ ਪੈਧੇ । ਫਿਰ ਈਂਧਨ ਕੇ ਊਪਰ ਜਾਇਕਰ ਪੌਢੇ ਅਰ ਜੋਤੀ ਜੋਤ ਸਮਾਣੇ ।



Digitized by Panjab Digital Library | www.panjabdigilib.org

ਤਬ ਖਾਲਸੇ ਬੈਸੰਤਰ ਲਗਾਇਆ ਸਰੀਰ ਕਉ । ਬੈਸੰਤਰ ਕੀ ਅਹੂਤੀ ਕੀਨੀ । ਸਿਸਕਾਰ ਗੁਰੂ ਜੀ ਕੇ ਸਰੀਰ ਕਾ ਕੀਆ ।'

[ਗੁਰੂ ਪਦ ਨਿਰਣਯ ਪੰਨਾ ੯੮

ਭਾਈ ਸੁਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਜੋਤੀ ਜੋਤ ਸਮਾਉਣ ਤੇ ਅੰਤਮ ਸੰਸਕਾਰ ਦਾ ਪ੍ਰਸੰਗ ਇਉਂ ਲਿਖਦੇ ਹਨ, ਸਿੱਖਾਂ ਨੇ ਕਿਹਾ-

ਤਾਂਤੇ ਇਹੈ ਬਿਨੈ ਹਮ ਪਾਵੈ ।
ਕਹਾ ਖਾਲਸਾ ਸੀਸ ਟਿਕਾਵੈ ।
ਤਾਂਤੇ ਅੰਚਰ1 ਹਮ ਪਕਰਾਵਹੁ ।
ਜਹਾਂ ਆਪ ਸੋ ਠੌਰ2 ਬਤਾਵਹੁ ।

ਅੱਗੇ ਚਲਕੇ ਭਾਈ ਸੁਖਾ ਸਿੰਘ ਲਿਖਦੇ ਹਨ-

ਹੁਕਮ ਹੋਆ ਬਤੀਆ ਸੁਨ ਭਾਈ ।
ਆਗੈ ਰਖਯੋ ਗੰਢ ਮਮ ਪਾਈ ।
ਸ੍ਰੀ ਅਸਧੁਜ ਕਾਲ ਰੂਪ ਕਹਾਯੋ ।
ਅਕਾਲ ਪੁਰਖ ਕੀ ਚਰਨੀ ਲਾਯੋ।
ਤਾਕਹ ਨਿਰਖ ਜਪੋ ਮਨ ਮਾਹੀ ।
ਅਧਿਕ ਸੁਖ ਹੈ ਤੁਮੈਂ ਮਹਾਹੀ ।੨੫।
ਲੋਕ ਸੁਖੀ ਪ੍ਰਲੋਕ ਬਨਾਯੋ ।
ਸ੍ਰੀ ਹਰਿ ਜੂ ਕੋ ਚਰਨਿਨ ਧਿਆਯੋ ।
ਸ੍ਰੀ ਅਸ ਗੋਦ ਕਾਲਕਾ ਮਾਈ ।

---

1. ਪਲਾ ।        2. ਥਾਂ ।



Digitized by Panjab Digital Library | www.panjabdigilib.org

ਤੁਮ ਕਹ ਮਮ ਢਾਰਿਓ ਸੁਨ ਭਾਈ ।੨੬।
ਦਸ ਮਹਲਨ ਕੀ ਪੜੀਐ ਬਾਨੀ ।
ਅਚੁਤ ਸੁਖ ਪਾਵਹੁ ਨਿਰਬਾਨੀ ।
ਹਮ ਕਹਿ ਲਖੇ ਨ ਇਨ ਤੇ ਦੂਰੀ ।
ਹਮ ਤੁਮਰੇ ਸਦ ਸੰਗ ਹਜੂਰੀ ।੨੭।
ਚੌਕੀ ਸ਼ਬਦ ਪੁਰਖ ਗੁਰ ਕਰੀਐ ।
ਰਹਤ ਖਾਲਸੇ ਕੀ ਉਰ ਧਰੀਐ ।
ਪੰਚ ਸੁ ਮੇਲ* ਪੰਥਕੋ ਤਿਯਾਗੀ ।
ਗੁਰ ਮੂਰਤ ਹੂਜੈ ਅਨੁਰਾਗੀ ।੨੮।

ਦੋਹਰਾ-ਸ੍ਰੀ ਅਸ ਪੁਰਖ ਅਕਾਲ ਕਉ ਸੌਂਪ ਸਭੈ ਤੁਮ ਦੀਨ ।
ਖੜਗ ਗੋਦ ਮੈਂ ਮਾਤ ਜਯੋ ਵਿਚਰਹੁ ਸਦਾ ਪ੍ਰਬੀਨ ।
[ਗੁਰ ਬਿਲਾਸ ਪਾ: ੧੦ ਅਧਿ: ੩੦

ਭਾਈ ਸੁਖਾ ਸਿੰਘ ਦੀ ਲਿਖਤ ਤੋਂ ਵੀ ਸਪਸ਼ਟ ਹੈ ਕਿ ਦਸਮ ਪਾਤਸ਼ਾਹ ਨਦੇੜ ਵਿਚ ਜੋਤੀ ਜੋਤ ਸਮਾਏ । ਉਨ੍ਹਾਂ ਦਾ ਅੰਤਮ ਸੰਸਕਾਰ ਹੋਇਆ । ਪ੍ਰਸਿੱਧ ਇਤਿਹਾਸਕਾਰ ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ ਸਿੰਘਾਂ ਨੇ ਅੰਤਮ ਸਮੇਂ ਬੇਨਤੀ ਕੀਤੀ-

ਨੌ ਪਾਤਸ਼ਾਹ ਅੰਤ ਕੋ ਸਾਰੇ ।
ਸੰਗਤ ਲਰ ਪਕਰਾਇ ਉਦਾਰੇ ।
ਪੁਨ ਬੈਕੁੰਠ ਗਮਨ ਕੋ ਕਰੈਂ ।

---

*ਧੀਰਮਲੀਏ,ਰਾਮਰਾਈਏ,ਸਿਰਗੁੰਮ,ਨੜੀ ਮਾਰ, ਕੁੜੀ ਮਾਰ



Digitized by Panjab Digital Library | www.panjabdigilib.org

ਹਮ ਕਿਸਕੇ ਪਗ1 ਪਰ ਸਿਰ ਧਰੈਂ।
ਕਿਹ ਕੇ ਕਰ ਬਿਲੰਬ2 ਕੋ ਚਲੈਂ।
ਪੰਥ ਖਾਲਸਾ ਤੁਮਰੋ ਭਲੈਂ।

ਸ੍ਰੀ ਦਸਮੇਸ਼ ਜੀ ਨੇ ਉੱਤਰ ਦਿਤਾ-

ਗੰਢ ਅਕਾਲ ਪੁਰਖ ਕੋ ਪਾਯੋ।
ਸੌਂਪਨ ਕਰ ਅੰਚਲ ਪਕਰਾਯੋ।
ਪਢੀਅਹ ਸਰਬ ਗੁਰਨ ਕੀ ਬਖਾਨੀ।
ਰਖਅਹਿ ਰਹਿਤ ਜੋ ਹਮਹੁ ਬਾਨੀ।
ਪਾਯੋ ਮਾਤ ਕਾਲਕਾ ਗੋਦ।
ਪੰਥ ਖਾਲਸਾ ਲਹੈ ਪ੍ਰਮੋਦ3।
ਕਰਦ ਕਮਾਨ ਪਾਨ4 ਸੋ ਧਰਾ।
ਪਾਠ ਅਰਦਾਸ ਸੰਪੂਰਨ ਕਰਾ।
ਪੁਨ ਮਖਮਲ ਕਮਰ ਕਸ ਲੀਨੀ।
ਕੰਧੇ ਧਣਖ ਟਿਕਾਵਨ ਕੀਨੀ।
ਕਰਦ ਪਾਗ5 ਮੇਂ ਧਰੀ ਬਨਾਇ।
ਲਈ ਹਾਥ ਮੈਂ ਤੁਪਕ6 ਉਠਾਇ।
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤੇ।
ਸ੍ਰੀ ਮੁਖ ਤੇ ਉਚਰਨ ਕੀਯੋ ਜੋਤਿ ਜਾਗਤੀ ਅਤੇ।
ਸੁੰਨ ਸਮਾਧਿ ਅਨਹਦ ਲਿਵਲਾਈ।
ਜੋਗ ਅਗਨਿ ਤੂਰਨ ਉਪਜਾਈ।

---

1. ਚਰਨਾਂ ਪਰ। 2. ਆਸਰੇ। 3. ਪ੍ਰਸੰਨਤਾ ਖੁਸ਼ੀ
4. ਹੱਥਾਂ ਵਿਚ। 5. ਦਸਤਾਰ। 6. ਬੰਦੂਕ।



Digitized by Panjab Digital Library | www.panjabdigilib.org

ਚੜਿ ਆਕਾਸ਼ ਕੇ ਪੰਥ ਪਧਾਰੇ।
ਹਾਇ ਹਾਇ ਨਰ ਖਰੇ ਪੁਕਾਰੇ।

[ਗੁਰ ਪ੍ਰਤਾਪ ਸੂਰਜ

ਭਾਈ ਸਾਹਿਬ ਇਹ ਵੀ ਲਿਖਦੇ ਹਨ—

ਦਸਮ ਪਾਤਸ਼ਾਹ ਦੇ ਅੰਗੀਠੇ ਵਾਲੀ ਥਾਂ ਪਰ ਕੋਈ ਯਾਦਗਾਰ ਬਨਾਉਣ ਤੋਂ ਵਰਜਿਆ ਅਤੇ ਕਿਹਾ-

'ਚਿਨਹਿ ਮਹਿਲ ਤਿਸ ਕੁਲ ਗਲ ਜਾਇ।
ਯਾਤੇ ਕਹੀ ਨਹੀ ਬਿਸਰਾਇ।

ਭਾਵ-ਜੋ ਸਾਡੀ ਸਮਾਧਿ ਬਣਾਏਗਾ, ਉਸਦੀ ਕੁਲ ਨਹੀਂ ਰਹੇਗੀ।

ਪਿਛਲੀ ਸਦੀ ਵਿਚ ਹੋਏ ਬਾਬਾ ਰਾਮ ਸਿੰਘ ਦੇ ਸਮਕਾਲੀ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਤਵਾਰੀਖ ਗੁਰੂ ਖਾਲਸਾ ਆਦਿਕ ਅਨੇਕ ਗ੍ਰੰਥ ਲਿਖੇ ਹਨ। ਉਨ੍ਹਾਂ ਨੇ ਇਹ ਕਿਤੇ ਨਹੀਂ ਲਿਖਿਆ ਕਿ ਸ੍ਰੀ ਦਸਮੇਸ਼ ਜੀ ਅਜਾਪਾਲ ਸਿੰਘ ਦੇ ਰੂਪ ਵਿਚ ਭੇਸ ਬਦਲ ਕੇ ਨਾਭੇ ਵਿਚ ਰਹੇ ਹਨ ਜਾਂ ਉਨ੍ਹਾਂ ਨੇ ਬਾਬਾ ਬਾਲਕ ਸਿੰਘ ਨੂੰ ਗੱਦੀ ਦਿਤੀ ਹੈ।

ਅਜ ਤੋਂ ਚੁਰਾਸੀ ਸਾਲ ਪਹਿਲੇ ਮਿਤੀ 1 ਹਾੜ ਸੰਮਤ 1946 ਬਿ: ਨੂੰ ਗਿਆਨੀ ਗਿਆਨ ਸਿੰਘ ਜੀ ਦੇ ਦਸਖਤਾਂ ਹੇਠ ਪੱਥਰ ਦੇ ਛਾਪੇ ਦਾ ਜੋ ਪੰਥ ਪ੍ਰਕਾਸ਼ ਪ੍ਰਕਾਸ਼ਤ ਹੋਇਆ, ਉਸ ਵਿਚ ਦਰਜ ਹੈ ਕਿ ਦਸਮ ਪਾਤਸ਼ਾਹ ਪਰ ਪਠਾਣਾਂ ਨੇ ਖੰਜਰ ਦਾ ਵਾਰ ਕੀਤਾ। ਸਾਹਿਬ ਜ਼ਖਮੀ ਹੋ ਗਏ। ਪੇਟ ਦਾ ਜ਼ਖਮ ਸੀਤਾ ਗਿਆ। ਪਰ ਤੀਰ ਕਮਾਣ ਚੜ੍ਹਾਉਣ ਕਰਕੇ ਜਖਮ ਦੇ



Digitized by Panjab Digital Library | www.panjabdigilib.org

ਟਾਂਕੇ ਫੁੱਟ ਗਏ। ਫਿਰ ਗਿਆਨੀ ਜੀ ਲਿਖਦੇ ਹਨ-

ਜੈਸੇ ਹੁਕਮ ਅਕਾਲ ਕਾ ਥਾ ਸੋਈ ਮਾਨਾ।
ਚਹਯੋ ਜਰਾਹ ਹਕੀਮ ਨੇ ਫਿਰ ਜ਼ਖਮ ਸਿਲਾਨਾ।
ਨਹਿ ਸਿਲਵਾਯੋ ਸਤਿਗੁਰੂ ਖੁਦ ਹੀ ਬੰਧ ਰਾਖਾ।
ਤਨ ਸਥੂਲ ਤਿਆਗਨ ਹਿਤ ਤਿਆਰਾ ਲਾਖਾ।
ਚੰਦਨ ਆਦਿ ਸਮਗ੍ਰੀ ਜਬ ਗੁਰ ਮੰਗਵਾਈ।
ਪਿਖ ਸਿਖ ਸਭ ਬਿਯਾਕੁਲ ਭਏ ਕਿਛ ਪੇਸ਼ ਨਾ ਜਾਈ।
ਸਭ ਸਿੰਘ ਕਰ ਜੋਰਕੈ ਇਮ ਅਰਜ਼ ਗੁਜਾਰੀ।
ਆਪ ਲੋਪ ਤਨ ਕਰਨ ਦੀ ਅਬ ਕੀਨੀ ਤਿਆਰੀ।
ਸੰਗਤ ਕਿਸਕੇ ਆਸਰੇ ਫਿਰ ਜੀਐ ਵਿਚਾਰੀ।
ਇਹ ਸੁਨ ਤਬ ਸ੍ਰੀ ਗੁਰੂ ਜੀ ਕਰ ਦਯਾ ਉਚਾਰੀ।
ਹਮ ਅਬ ਸੁ ਗੁਰ ਥਾਪ ਹੈਂ ਜੋ ਸਭ ਸੈ ਭਾਰੀ।
ਅਜਰ ਅਮਰ ਅਖੰਡ ਰਹਿ ਇਕ ਰਸ ਸਮ ਭਾਵੈ।
ਭੇਦ ਪੱਖ ਬਿਨ ਸਭੀ ਕੋ ਉਪਦੇਸ਼ ਦਿੜਾਵੈ।
ਇਮ ਕਹਿ ਗੁਰੂ ਗਰੰਥ ਦਾ ਪ੍ਰਕਾਸ਼ ਕਰਾਯੋ।
ਪੈਸੇ ਪਾਂਚ ਨਲੇਰ ਲੈ ਤਿਸ ਆਗ ਟਿਕਾਯੋ।
ਕਰ ਪ੍ਰਕਰਮਾ ਗੁਰੂ ਜੀ ਅਬ ਬੰਦਨ ਕੀਉ।
ਗੁਰੂ ਰੂਪ ਬਪ ਪੂਜ ਕੇ ਸਵ ਤੈ ਪੂਜਵਈਉ।

ਸ੍ਰੀ ਗੁਰੂ ਜੀ ਦੇ ਸਚਖੰਡ ਪਧਾਰਨ ਦੇ ਅੰਤਮ ਦ੍ਰਿਸ਼ ਨੂੰ ਇਉਂ ਬਿਆਨਦੇ ਹਨ-

ਤਬ ਜਾਇ ਪਹੁੰਚੇ ਸਚਖੰਡ
ਅਖੰਡ ਗੁਰ ਕਾ ਲੋਕ ਜੋ।
ਜਿਹ ਕਬੀ ਬਿਆਪਤ ਨਾਹਿ ਮਾਯਾ



Digitized by Panjab Digital Library | www.panjabdigilib.org

ਰਹਿਤ ਮੋਦ ਅਸ਼ੋਕ ਜੋ ।
ਗੁਰ ਆਦਿ ਮਹਾਦਿਕ ਨਵ ਗੁਰੂ
ਸਿਖ ਭਗਤ ਗਯਾਨੀ ਜੋ ਤਹਾਂ ।
ਥੇ ਆਏ ਅਗੋਂ ਲੈ ਗਏ
ਕਰ ਅਤਿ ਉਤਸਵ ਸੋ ਮਹਾਂ ।

[ਪੰਥ ਪ੍ਰਕਾਸ਼ ਪੰਨਾ 285

ਹੋਰ ਵੀ ਅਨੇਕ ਦੇਸੀ ਬਦੇਸ਼ੀ, ਪ੍ਰਾਚੀਨ ਤੇ ਨਵੀਨ ਇਤਿਹਾਸਕਾਰਾਂ ਨੇ ਸਤਿਗੁਰੂ ਦੇ ਨਾਦੇੜ ਵਿਚ ਜੋਤੀ ਜੋਤ ਸਮਾਉਣ ਦਾ ਪ੍ਰਸੰਗ ਇਨ ਬਿਨ ਲਿਖਿਆ ਹੈ-

ਪਿਛਲੇ 265 ਸਾਲ ਤੋਂ ਪੰਥ ਖਾਲਸਾ ਗੁਰੂ ਜੀ ਦੇ ਅੰਤਮ ਬਿਸਮਰਾਮ ਅਸਥਾਨ ਸਚਖੰਡ ਹਜ਼ੂਰ ਸਾਹਿਬ ਦੀ ਯਾਤਰਾ, ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਕਰਦਾ ਆ ਰਿਹਾ ਹੈ ।

ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਪਾਸ ਨਾਦੇੜ ਦੇ ਪੁਜਾਰੀ ਆਏ ਮਹਾਰਾਜੇ ਨੇ ਉਨ੍ਹਾਂ ਦਾ ਸਤਿਕਾਰ ਕੀਤਾ । ਸੱਤਰ ਹਜ਼ਾਰ ਰੁਪਏ ਹਜ਼ੂਰ ਸਾਹਿਬ ਲਈ ਭੇਟ ਕੀਤੇ । ਸੰਨ 1832-37 ਈ: ਤਕ ਸ਼ੇਰੇ ਪੰਜਾਬ ਨੇ ਤਿੰਨ ਲੱਖ ਰੁਪਏ ਦੀ ਲਾਗਤ ਨਾਲ ਇਮਾਰਤ ਦੀ ਸੇਵਾ ਕਰਵਾਈ ।

[ਦੇਖੋ ਗਿਆਨ ਅੰਮ੍ਰਿਤ ਜਨਵਰੀ 1971

ਨਾਦੇੜ ਰਿਆਸਤ ਹੈਦਰਾਬਾਦ ਵਿਚ ਸੀ । ਉਥੇ ਨਜ਼ਾਮ ਦੇ ਵਿਰੁਧ ਬਗਾਵਤ ਹੋਈ । ਜਿਸਨੂੰ ਦਬਾਉਣ ਲਈ ਉਸਨੇ ਮ: ਰਣਜੀਤ ਸਿੰਘ ਦੀ ਸਹਾਇਤਾ ਮੰਗੀ, ਮਹਾਰਾਜੇ ਨੇ ਫ਼ੌਜ ਭੇਜੀ,ਬਗਾਵਤ ਦਬ ਗਈ । ਨਜ਼ਾਮ ਹੈਦਾਰਾਬਾਦ ਨੇ ਸ਼ੁਕਰਾਨੇ ਵਜੋਂ ਦੀਵਾਨ ਚੰਦੂ ਲਾਲ ਰਾਹੀਂ ਸਵਾ ਲੱਖ ਰੁਪਿਆ ਨਕਦ



Digitized by Panjab Digital Library | www.panjabdigilib.org

ਦਿਤਾ ਤੇ ਸੱਤ ਪਿੰਡ ਹਜ਼ੂਰ ਸਾਹਿਬ ਦੇ ਨਾਮ ਜਗੀਰ ਲਾਈ। ਇਕ ਕੀਮਤੀ ਚਾਨਣੀ, ਮ: ਰਣਜੀਤ ਸਿੰਘ ਨੂੰ ਭੇਜੀ। ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ੇਖਾਨੇ ਵਿਚ ਮੌਜੂਦ ਹੈ।

ਇਸ ਤੋਂ ਬਿਨਾਂ ਸਿੱਖ ਰਿਆਸਤਾਂ ਨਾਭਾ, ਪਟਿਆਲਾ, ਜੀਂਦ, ਫਰੀਦ ਕੋਟ ਅਤੇ ਕਪੂਰਥਲਾ ਨੇ ਵੀ ਹਜ਼ੂਰ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ।

ਪੰਥ ਦੇ ਵਾਲੀ ਤੇ ਸਰਬੰਸ ਦਾਨੀ ਸ੍ਰੀ ਦਸਮੇਸ਼ ਪਿਤਾ ਦੀ ਅੰਤਮ ਆਰਾਮ-ਗਾਹ ਦਾ ਨਾਮ ਸਚਖੰਡ ਇਸ ਲਈ ਹੈ ਕਿ ਸਾਹਿਬ ਉਥੇ ਸਚਖੰਡ ਪਧਾਰੇ ਹਨ। ਉਸਨੂੰ 'ਹਜ਼ੂਰ ਸਾਹਿਬ' ਇਸ ਲਈ ਕਹਿੰਦੇ ਹਨ ਕਿ ਕਲਗੀਧਰ ਨਾਮ ਰੂਪ ਸਪਿਰਟ ਤੇ ਅਧਿਕਾਰਾਂ ਕਰਕੇ ਖਾਲਸਾ ਪੰਥ ਵਿਚ ਲੀਨ ਹੋ ਗਏ ਹਨ। ਉਸ ਅੰਮ੍ਰਿਤ ਦਾਤੇ ਨੂੰ ਖਾਲਸਾ ਸਦਾ ਹਾਜ਼ਰ ਹਜ਼ੂਰ ਸਮਝਦਾ ਹੈ। ਦਖਣ ਵਿਚ ਹਜ਼ੂਰ ਸਾਹਿਬ ਖਾਲਸੇ ਦਾ ਚੌਥਾ ਤਖਤ ਹੈ।

ਜੇ ਅੱਜ ਇਕ ਦੋ ਕੂਕੇ ਲਿਖਾਰੀ ਬਾਬਾ ਅਜਾਪਾਲ ਸਿੰਘ ਬਾਰੇ ਭਾਈ ਕਾਹਨ ਸਿੰਘ ਦੀ ਅੱਧੀ ਤਰਦੀਦ ਸ਼ੁਦਾ ਕਹਾਣੀ ਚੁਰਾ ਕੇ ਅਤੇ ਅੱਧੀ ਕੋਲੋਂ ਜੋੜ ਕੇ ਬਾਬਾ ਜੀ ਨੂੰ ਸ੍ਰੀ ਦਸਮੇਸ਼ ਜੀ ਦਸਣ ਤੇ ਉਸ ਤੋਂ ਬਾਬਾ ਬਾਲਕ ਸਿੰਘ ਨੂੰ ਕਲਪਤ ਗੱਦੀ ਦੁਆਣ ਤਾਂ ਉਸਨੂੰ ਕੋਈ ਮੰਨ ਨਹੀਂ ਸਕਦਾ।

ਅਜੀਬ ਤੇ ਸੁਆਦਲੀ ਗਲ ਹੈ ਕਿ ਕੂਕੇ ਜਿਸ ਅਜਾਪਾਲ ਸਿੰਘ ਨੂੰ ਗੁਰੂ ਦਸਦੇ ਹਨ, ਉਸ ਦੇ ਡੇਰੇ ਦੀ ਯਾਤਰਾ ਲਈ ਨਾ ਬਾਬਾ ਬਾਲਕ ਸਿੰਘ ਤੇ ਨਾ ਬਾਬਾ ਰਾਮ ਸਿੰਘ ਗਏ ਹਨ। ਨਾ ਹੀ ਅੱਜ ਤੀਕ ਕਿਸੇ ਕੂਕੇ ਨੇ ਨਾਭੇ ਵਲ ਮੂੰਹ ਕੀਤਾ ਹੈ।



Digitized by Panjab Digital Library | www.panjabdigilib.org

## ੫.

# ਗੁਰੂ ਡਮ ਦਾ ਅਜੀਬ ਗੋਰਖ ਧੰਦਾ

ਨਵੀਨ ਕੂਕਾ ਗੁਰੂ ਡਮੀ ਲਿਖਾਰੀਆਂ ਨੇ ਸ੍ਰੀ ਦਸਮੇਸ਼ ਜੀ ਦੇ ਹਜ਼ੂਰ ਸਾਹਿਬ ਵਿਚ ਜੋਤੀ ਜੋਤ ਸਮਾਉਣ ਤੇ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਮ ਦੇ ਭੇਸ ਵਟਾਕੇ ਗੁਪਤ ਵਿਚਰਨ ਦੀ ਜੋ ਝੂਠੀ ਕਹਾਣੀ ਘੜੀ ਹੈ, ਉਸਦਾ ਕੁਝ ਪੋਸਟ ਮਾਰਟਮ ਅਸੀਂ ਪਿਛਲੇ ਲੇਖ ਵਿਚ ਕਰ ਆਏ ਹਾਂ। ਇਹ ਕਲਪਤ ਅਤੇ ਮਨਘੜਤ ਕਹਾਣੀ ਲਿਖਕੇ ਕੂਕੇ ਲਿਖਾਰੀ ਇਕ ਅਜੇਹੀ ਜਿਲ੍ਹਣ ਅਤੇ ਗੋਰਖ ਧੰਦੇ ਵਿਚ ਫਸ ਗਏ ਹਨ, ਜਿਸ ਵਿਚੋਂ ਉਨ੍ਹਾਂ ਲਈ ਨਿਕਲਣਾ ਕਠਨ ਹੋ ਗਿਆ ਹੈ।

ਸਿੱਧਾਂਤਕ ਅਤੇ ਇਤਿਹਾਸਕ ਤੌਰ ਤੇ ਇਹ ਗਲ ਸਪਸ਼ਟ ਹੈ ਕਿ ਜੇ ਸ੍ਰੀ ਦਸਮ ਪਾਤਸ਼ਾਹ ਸ਼ਖਸੀ ਗੁਰਤਾ ਕਾਇਮ ਰਖਣਾ ਚਾਹੁੰਦੇ ਤਾਂ ਉਨ੍ਹਾਂ ਨੇ ਪੰਜਾਂ ਪਿਆਰਿਆਂ ਨੂੰ ਗੁਰ ਮੰਤ੍ਰ ਦੇਣ, ਅੰਮ੍ਰਿਤ ਛਕਾਉਣ ਅਤੇ ਜੋਤੀ ਜੋਤ ਸਮਾਉਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦੇਣ ਦੀ ਲੋੜ ਨਹੀਂ ਸੀ।

ਜੇ ਦਸਮ ਪਾਤਸ਼ਾਹ ਸ਼ਖਸੀ ਗੁਰਤਾ ਦਾ ਸਿਲਸਿਲਾ ਜਾਰੀ ਰਖਣਾ ਚਾਹੁੰਦੇ ਤਾਂ ਉਹ ਚਾਰ ਸਾਹਿਬਜ਼ਾਦਿਆਂ ਵਿਚੋਂ ਕਿਸੇ ਇਕ ਨੂੰ ਬਚਾਕੇ ਰਖ ਸਕਦੇ ਸਨ। ਪਰ ਉਨ੍ਹਾਂ ਨੇ ਚਾਰੇ



Digitized by Panjab Digital Library | www.panjabdigilib.org

ਲਾਲ ਕੁਰਬਾਨ ਕਰ ਦਿਤੇ ।

ਕਲਗੀਧਰ ਜੀ ਬੰਦਾ ਬਹਾਦਰ ਨੂੰ ਗੁਰੂ ਥਾਪ ਸਕਦੇ ਸਨ, ਪਰ ਨਹੀਂ ਥਾਪਿਆ। ਸਤਿਗੁਰੂ ਨੇ ਸੰਨ 1808 ਈਸਵੀ ਵਿਚ ਜਦ ਬੰਦੇ ਨੂੰ ਪੰਜਾਬ ਭੇਜਿਆ, ਉਸ ਨੂੰ ਪੰਜ ਤੀਰ, ਨਿਸ਼ਾਨ, ਨਗਾਰਾ ਆਦਿ ਦੇਣ ਦੇ ਨਾਲ ਪੰਜ ਸਿੰਘ (ਪਿਆਰੇ) ਵੀ ਨਾਲ ਦਿਤੇ ਅਤੇ ਕਿਹਾ-

ਪੰਜ ਸਿੰਘ ਤੂੰ ਲੈਕੇ ਸਾਥ। ਕਰ ਅਰਦਾਸ ਪੂਰੀ ਹੋਇ ਬਾਤ।

[ਪ੍ਰਾਚੀਨ ਪੰਥ ਪ੍ਰਕਾਸ਼ ਭਾਈ ਰਤਨਸਿੰਘ ਭੰਗੂ ਪੰਨਾ 82

ਇਸ ਤੋਂ ਸਪਸ਼ਟ ਹੈ ਕਿ ਕੂਕਿਆਂ ਦੇ ਗੁਰੂ ਡਮ ਦੀ ਕਹਾਣੀ ਬਿਲਕੁਲ ਬੇ-ਬੁਨਿਆਦ ਹੈ। ਇਕ ਗਲਤ ਗਲ ਨੂੰ ਸਿੱਧ ਕਰਨ ਲਈ ਇਹ ਲੋਪਟ ਕਬੂਤਰ ਵਾਂਗ ਕਲਾਬਾਜੀਆਂ ਮਾਰਦੇ ਹਨ। ਪੋਲੀਆਂ ਤੇ ਆਪਾ ਵਿਰੋਧੀ ਦਲੀਲਾਂ ਅਤੇ ਸਾਖੀਆਂ ਪੇਸ਼ ਕਰਦੇ ਹਨ।

ਸ੍ਰੀ ਦਸਮੇਸ਼ ਜੀ ਦੇ ਢਾਈ ਸੌ ਸਾਲ ਬਾਅਦ ਸਭ ਤੋਂ ਪਹਿਲੇ ਕੂਕਾ ਲਿਖਾਰੀ ਸੰਤ ਨਿਧਾਨ ਸਿੰਘ ਨੇ ਸੰਨ 1932 ਵਿਚ ਇਹ ਕਲਪਤ ਅਤੇ ਝੂਠੀ ਕਹਾਣੀ ਆਪਣੀ ਪੁਸਤਕ 'ਗੁਰੂ ਪਦ ਪ੍ਰਕਾਸ਼' ਵਿਚ ਲਿਖੀ-

'ਇਹ ਦਸਮ ਪਾਤਸ਼ਾਹ ਦੀ ਹਕੂਮਤ ਦੇ ਮੁਕਾਬਲੇ ਪਰ ਇਕ ਡਿਪਪੋਮੈਟਕ ਚਾਲ ਸੀ ਕਿ ਹਕੂਮਤ ਨੂੰ ਗੁਰੂ ਜੀ ਦੇ ਪ੍ਰਲੋਕ ਗਮਨ ਦਾ ਨਿਸਚਾ ਹੋ ਜਾਵੇ। ਤਾਂਕਿ ਆਪਣੇ ਦੁਆਰੇ ਕੀਤੀ ਬਗਾਵਤ ਦੀ ਮੌਤ ਸਮਝਕੇ ਢਿੱਲੀ ਹੋ ਜਾਵੇ। ਦੂਸਰੇ ਬੰਨੇ ਕਿਸੇ ਗੁਪਤ ਰੂਪ ਵਿਚ ਵਿਚਰਕੇ ਆਪਣੇ ਉਦੇਸ਼ ਨੂੰ ਪੂਰਾ ਕਰਨ। ਗੁਰੂ ਸਾਹਿਬ ਦੂਸਰੇ ਭੇਸ ਵਿਚ ਬਾਬਾ ਅਜਾਪਾਲ



Digitized by Panjab Digital Library | www.panjabdigilib.org

ਸਿੰਘ ਨਾਮ ਦੁਆਰਾ ਗੁਪਤ ਤੌਰ ਤੇ ਆਪਣੇ ਕੰਮ ਵਿਚ ਰੁਝੇ ਰਹੇ ਅਤੇ ਸੰਮਤ 1869 ਬਿਕ੍ਰਮੀ ਨੂੰ ਜੋਤੀ ਜੋਤ ਸਮਾਏ।'

[ਗੁਰੂ ਪਦ ਪ੍ਰਕਾਸ਼

ਜਿਸ ਮਹਾਂਬਲੀ ਨਿਰਭੈ ਜੋਧੇ ਸਤਿਗੁਰੂ ਨੇ ਬਿਤਾਲੀ ਸਾਲ ਗੱਜ ਵੱਜ ਕੇ ਮੁਗਲ ਹਕੂਮਤ ਦੇ ਜਬਰ ਜ਼ੁਲਮ ਵਿਰੁਧ ਜਹਾਦ ਕੀਤਾ, ਸਪਸ਼ਟ ਤੇ ਖੁੱਲ੍ਹੀ ਲੜਾਈ ਲੜੀ, ਜਿਸ ਨੇ ਚਮਕੌਰ ਦੀ ਗੜ੍ਹੀ'ਚੋਂ ਨਿਕਲਣ ਸਮੇਂ ਤਾੜੀ ਮਾਰਕੇ ਗੱਜ ਕੇ ਕਿਹਾ-

'ਹਿੰਦ ਦਾ ਪੀਰ ਚਲਿਆ ਹੈ।'ਸਭ ਕੁਝ ਵਾਰਕੇ ਔਰੰਗਜ਼ੇਬ ਨੂੰ ਦੀਨ ਕਾਂਗੜ ਤੋਂ 'ਜ਼ਫਰਨਾਮਾ'(ਜੈਤ ਪਤ੍ਰ)ਲਿਖਿਆ ਉਸਨੇ ਕੀ ਡਿਪਲੋਮੇਸੀ ਵਰਤਣੀ ਸੀ ? ਉਨ੍ਹਾਂ ਨੇ ਆਪਣਾ ਨਾਂ ਤੇ ਭੇਸ ਬਦਲ ਲਿਆ ਅਤੇ ਗੁਪਤ ਰੂਪ ਵਿਚ ਰਹੇ, ਇਹ ਦਸਮੇਸ਼ ਜੀ ਦੇ ਸੁਭਾਅ, ਆਚਰਣ ਦੇ ਉਲਟ ਤੇ ਮਿਥਿਆਵਾਦ ਹੈ ।

ਸ੍ਰੀ ਰਣਬੀਰ ਐਡੀਟਰ 'ਮਿਲਾਪ' ਦਿਲੀ ਨੇ ਉਰਦੂ ਵਿਚ ਦਸਮ ਪਾਤਸ਼ਾਹ ਦਾ ਜੀਵਨ ਚਰਿਤ੍ਰ 'ਯੁਗ ਪੁਰਸ਼' ਗੁਰੂ ਗੋਬਿੰਦ ਸਿੰਘ, ਲਿਖਿਆ ਹੈ। ਉਸ ਵਿਚ ਉਨ੍ਹਾਂ ਨੇ ਬੜੇ ਸੁੰਦਰ ਸ਼ਬਦਾਂ ਵਿਚ ਅਤੇ ਯੁਕਤੀ ਪੂਰਬਕ ਉਪ੍ਰੋਕਤ ਝੂਠ ਦਾ ਖੰਡਨ ਕੀਤਾ।

ਸ੍ਰੀ ਰਣਬੀਰ ਲਿਖਦੇ ਹਨ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤਾ ਚਿਰ ਛੁਪਕੇ ਰਹਿਣਾ ਉਨ੍ਹਾਂ ਦੇ ਨਿਡਰ ਤੇ ਜੁਰਅਤ ਭਰੇ ਆਚਾਰਨ ਦੇ ਵਿਰੁਧ ਸੀ। ਇਹ ਗਲ ਅਸੀਂ ਉਨ੍ਹਾਂ ਦੇ ਸਾਰੇ ਜੀਵਨ ਵਿਚ ਵੇਖਦੇ ਹਾਂ। ਉਮਰ ਦੇ ਨਾਲ ਮਨੁੱਖ ਦੀ ਸ਼ਕਲ ਬਦਲ ਜਾਂਦੀ ਹੈ, ਪਰ ਬੁਨਿਆਦੀ ਆਚਰਨ ਕਦੀ



Digitized by Panjab Digital Library | www.panjabdigilib.org

ਨਹੀਂ ਬਦਲਦਾ। ਉਹ ਗੁਰੂ ਮਹਾਰਾਜ ਜਿਨ੍ਹਾਂ ਨੇ ਆਪਣੇ ਪਿਤਾ ਦਾ ਬਲੀਦਾਨ ਕੀਤਾ, ਪਿਆਰੇ ਸਾਥੀਆਂ ਅਤੇ ਧਨ ਸੰਪਤੀ ਨੂੰ ਵਾਰ ਦਿਤਾ, ਜੇਹੜੇ ਮੌਤ ਨੂੰ ਇਕ ਖੇਡ ਸਮਝਦੇ ਸਨ, ਭਗਵਾਨ ਤੋਂ ਇਹ ਵਰ ਮੰਗਦੇ ਸਨ–

ਜਬ ਆਵ ਕੀ ਅਉਧ ਨਿਦਾਨ ਬਨੈ.
ਅਤਿ ਹੀ ਰਨ ਮੈਂ ਤਬ ਜੂਝ ਮਰੋਂ।

ਭਾਵ–ਜਦ ਮੇਰਾ ਅੰਤ ਸਮਾਂ ਆਵੇ ਤਦ ਮੈਂ ਮੈਦਾਨਿ ਜੰਗ ਵਿਚ ਲੜਦਾ ਲੜਦਾ ਮਰ ਜਾਵਾਂ। ਉਹ ਸਤਿਗੁਰੂ ਡਰਕੇ ਛੁਪਕੇ ਤੇ ਨਾਂ ਬਦਲਕੇ ਬਹਿ ਜਾਣ, ਮੁਗਲ ਹਾਕਮਾਂ ਨੂੰ ਉਨ੍ਹਾਂ ਦਾ ਪਤਾ ਨਾ ਲਗੇ, ਇਹ ਗਲ ਉਸ ਪਰਮ ਪੂਜ ਮਹਾ ਪੁਰਸ਼ ਦੇ ਬੁਨਿਆਦੀ ਆਚਰਣ ਦੇ ਵਿਰੁਧ ਹੈ। ਫਿਰ ਨਾਭਾ ਜਾਂ ਪਟਿਆਲਾ ਵਿਚ ਜਿਥੇ ਸਿੱਖ ਰਾਜਿਆਂ ਦੀ ਹਕੂਮਤ ਸੀ, ਉਨ੍ਹਾਂ ਨੂੰ ਛੁਪ ਕੇ ਰਹਿਣ ਦੀ ਕਈ ਲੋੜ ਨਹੀਂ ਸੀ ?

ਅਗੇ ਚਲਕੇ ਸ੍ਰੀ ਰਣਬੀਰ ਲਿਖਦੇ ਹਨ–

'ਦੂਜੇ ਅਜਾਪਾਲ ਸਿੰਘ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਦਵਤਾ ਅਤੇ ਸਾਹਿਤਕਾਰੀ ਦੇ ਅਨੁਕੂਲ ਨਹੀਂ ਹੈ' 'ਅਜਾ' ਸੰਸਕ੍ਰਿਤ ਦਾ ਸ਼ਬਦ ਹੈ। ਜਿਸਦੇ ਅਰਥ ਬਕਰੀ ਹਨ। ਅਜ਼ਾਪਾਲ ਦਾ ਮਤਲਬ ਹੈ-ਬਕਰੀਆਂ ਪਾਲਣ ਵਾਲਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਕ੍ਰਿਤ ਦੇ ਬੜੇ ਵਿਦਵਾਨ ਸਨ। ਉਹ ਆਪਣੇ ਲਈ ਅਜੇਹਾ ਨਾਂ ਕਿਉਂ ਰਖਦੇ ? ਬਕਰੀ ਪਾਲ ਨਾਂ ਮਹਾਰਾਜ ਦੀ ਵਿਦਵਤਾ ਤੇ ਸਾਹਿਤਕਾਰੀ ਦੇ ਉਲਟ ਹੈ।'

ਜਿਸ ਦਸਮੇਸ਼ ਪਿਤਾ ਨੇ ਖ਼ੰਡੇ ਦਾ ਅੰਮ੍ਰਿਤ ਛਕਾਕੇ ਗਿਦੜਾਂ ਨੂੰ ਸ਼ੇਰ ਬਣਾਇਆ—'ਸਵਾ ਲਾਖ ਸੇ ਏਕ ਲੜਾਊਂ,



Digitized by Panjab Digital Library | www.panjabdigilib.org

ਤਬੈ ਗੋਬਿੰਦ ਸਿੰਘ ਨਾਮ ਕਹਾਊਂ । ਚਿੜੀਆਂ ਸੇ ਮੈਂ ਬਾਜ ਤੁੜਾਊਂ ।' ਦਾ ਨਾਹਰਾ ਲਾਇਆ, ਆਨੰਦਪੁਰ ਵਿਚ ਦਸ ਲੱਖ ਮੁਗ਼ਲ ਸੈਨਾ ਤੇ ਮੁਲਖਈਏ ਨਾਲ ਨਿਰਭੈ ਹੋਕੇ ਲੜਦੇ ਰਹੇ, ਉਹ ਨਾਭੇ ਵਿਚ ਅਜਾਪਾਲ ਸਿੰਘ (ਬਕਰੀ ਪਾਲ) ਬਣਕੇ ਰਹੇ, ਇਸ ਤੋਂ ਵੱਧ ਕੇ ਝੂਠ ਤੇ ਕੁਸੱਤ ਹੋ ਨਹੀਂ ਸਕਦਾ ?

ਸ੍ਰੀ ਆਲਮ ਤੇ ਇੰਦਰ ਸਿੰਘ ਨੇ ਇਕ ਹੋਰ ਗ਼ਲਤ ਬਿਆਨੀ ਕੀਤੀ ਹੈ । ਉਹ ਇਹ-'ਭਾਈ ਦਇਆ ਸਿੰਘ ਆਦਿਕ ਆਗੂ ਸਿੱਖਾਂ ਨੇ ਬਾਕੀ ਸਿੱਖਾਂ ਨੂੰ ਭੁਲੇਖੇ ਵਿਚ ਪਾਈ ਰਖਿਆ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ ਹਨ ਜਾਂ ਉਨ੍ਹਾਂ ਦਾ ਅੰਤਮ ਸੰਸਕਾਰ ਹੋ ਗਿਆ ਹੈ । ਨਹੀਂ ਤਾਂ ਸਿੱਖ ਜ਼ਰੂਰ ਗੁਰੂ ਜੀ ਦੀ ਢੂੰਡ ਭਾਲ ਕਰਦੇ ।'

ਇਹ ਗਲ ਇਸ ਲਈ ਗ਼ਲਤ ਹੈ ਕਿ ਸ੍ਰੀ ਦਸਮ ਪਾਤ-ਸ਼ਾਹ ਜੀ ਕਤਕ ਸੁਦੀ 5 ਸੰਮਤ 1765 ਨੂੰ ਨਾਦੇੜ ਵਿਚ ਜੋਤੀ ਜੋਤ ਸਮਾਏ ਹਨ । ਭਾਈ ਦਇਆ ਸਿੰਘ ਜੀ ਉਨ੍ਹਾਂ ਤੋਂ ਇਕ ਮਹੀਨਾ ਪਹਿਲੇ 11 ਅਸੂ ਸੰਮਤ 1765 ਬਿਕ੍ਰਮੀ ਨੂੰ ਚਲਾਣਾ ਕਰ ਗਏ ਸਨ ।

ਸ੍ਰੀ ਆਲਮ ਤੇ ਚਕ੍ਰਵਰਤੀ ਤੋਂ ਸਮੇਂ ਦਾ ਖੱਪਾ ਨਹੀਂ ਮਿਲਦਾ । ਦਸਮ ਪਾਤਸ਼ਾਹ ਕਤਕ ਸੁਦੀ 5 ਸੰਮਤ 1765 ਨੂੰ ਨਾਦੇੜ ਵਿਚ ਜੋਤੀ ਜੋਤ ਸਮਾਏ । ਬਾਬਾ ਅਜਾਪਾਲ ਸਿੰਘ ਸੰਮਤ 1830 ਬਿਕ੍ਰਮੀ ਵਿਚ ਨਾਭੇ ਆਏ । ਕੂਕੇ ਦਸਣ ਕਿ ਉਹ ਪੈਂਹਠ ਸਾਲ ਕਿਥੇ ਛੁਪ ਕੇ ਰਹੇ ?

ਦੂਜੀ ਗਲ ਹੋਰ ਹੈ ਕਿ ਕਲਗੀਧਰ ਦਾ ਜਨਮ ਪੋਹ ਸੁਦੀ ਸਪਤਮੀ ਸੰਮਤ 1723 ਬਿ: ਨੂੰ ਪਟਨੇ ਵਿਚ ਹੋਇਆ । ਬਾਬਾ



Digitized by Panjab Digital Library | www.panjabdigilib.org

ਅਜਾਪਾਲ ਸਿੰਘ ਜੇਠ ਸੁਦੀ 5 ਸੰਮਤ 1869 ਬਿਕ੍ਰਮੀ ਨੂੰ ਨਾਭੇ ਵਿਚ ਸਮਾਏ। ਇਸ ਹਿਸਾਬ ਨਾਲ ਦਸਮਤ ਪਾਤਸ਼ਾਹ ਦੀ ਉਮਰ 146 ਸਾਲ ਬਣਦੀ ਹੈ। ਕੀ ਕੋਈ ਹੋਸ਼ ਹਵਾਸ਼, ਅਕਲ ਤੇ ਦਲੀਲ ਰਖਣ ਵਾਲਾ ਮੰਨ ਸਕਦਾ ਹੈ ਕਿ ਸ੍ਰੀ ਦਸਮ ਪਾਤਸ਼ਾਹ ਦੀ ਉਮਰ 146 ਸਾਲ ਹੋਈ ਹੈ ? ਕਦਾਚਿਤ ਨਹੀਂ।

ਸ੍ਰੀ ਆਲਮ ਨੇ ਦਸਮੇਸ਼ ਜੀ ਦੇ ਗੁਪਤ ਵਿਚਰਨ ਦੀ ਜੋ ਕਹਾਣੀ ਘੜੀ ਹੈ, ਭਾਈ ਕਾਹਨ ਸਿੰਘ ਨਾਭਾ ਉਸਦਾ ਜ਼ੋਰ-ਦਾਰ ਖੰਡਨ ਕਰਦੇ ਹਨ। ਉਹ ਬਾਬਾ ਅਜਾਪਾਲ ਸਿੰਘ ਬਾਰੇ ਲਿਖਦੇ ਹਨ—

'ਕਦੇ ਕਦੇ ਬਾਬਾ ਸਾਹਿਬ ਰਹਿਰਾਸ ਦੇ ਪਾਠ ਪਿਛੋਂ ਨੌਬਤ ਵਜਾਉਣੀ ਆਰੰਭ ਕਰਦੇ ਤੇ ਪਹੁ ਫੁਟਣ ਤੀਕ ਅਖੰਡ ਵਜਾਇਆ ਕਰਦੇ। ਨੌਬਤ ਦਾ ਆਵਾਜ਼ਾ ਦੀ ਸਾਧਾਰਨ ਨਹੀਂ ਸੀ ਹੁੰਦਾ।'

ਪਹਿਲੀ ਗਲ ਇਹ ਹੈ ਕਿ ਸਿਖੀ ਵਿਚ ਸ਼ਸਤ੍ਰ ਅਭਿਆਸ ਘੋੜ ਸੁਆਰੀ ਅਤੇ ਨੌਬਤ ਜਾਂ ਨਗਾਰਾ ਵਜਾਉਣਾ ਛੇਵੀਂ ਪਾਤਸ਼ਾਹੀ ਨੇ ਪ੍ਰਚਲਤ ਕੀਤਾ। ਪਰ ਗੁਰੂ ਸਾਹਿਬ ਕਦੀ ਆਪ ਨੌਬਤ ਨਹੀਂ ਸਨ ਵਜਾਉਂਦੇ, ਸਦਾ ਸਿੱਖ ਵਜਾਉਂਦੇ ਸਨ। ਜੇਹਾ ਕਿ ਦਸਮ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਸਮੇਂ ਬਾਬਾ ਜੀਵਨ ਸਿੰਘ ਨੂੰ ਨੌਬਤ ਵਜਾਉਣ ਦਾ ਹੁਕਮ ਦਿਤਾ।

ਦੂਜੀ ਗਲ ਇਹ ਹੈ ਕਿ ਜੇਹੜਾ ਸ਼ਖਸ ਸਾਰੀ ਰਾਤ ਨੌਬਤ ਵਜਾਉਂਦਾ ਹੈ, ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕਿ ਗੁਪਤ ਵਿਚਰਦਾ ਹੈ ? ਇਸਤੋਂ ਕੂਕਿਆਂ ਨੂੰ ਗੁਪਤ ਵਿਚਰਨ



Digitized by Panjab Digital Library | www.panjabdigilib.org

ਦੇ ਝੂਠ ਦਾ ਪੋਲ ਖੁਲ੍ਹ ਜਾਂਦਾ ਹੈ।

ਕੂਕੇ ਲਿਖਾਰੀ ਬਾਵਾ ਸਰੂਪ ਸਿੰਘ ਮਹੰਤ ਡੇਰਾ ਬਾਬਾ ਅਜਾਪਾਲ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ ਕਿ ਗਿਆਨੀ ਸੰਤ ਸਿੰਘ ਗੁੰਥੀ ਸ੍ਰੀ ਦਰਬਾਰ ਸਾਹਿਬ ਨਾਭੇ ਜਾਕੇ ਅਜਾਪਾਲ ਸਿੰਘ ਨੂੰ ਮਿਲੇ। ਉਨ੍ਹਾਂ ਨੇ ਸਿੱਖ ਜਨਤਾ, ਮਹਾਰਾਜਾ ਰਣਜੀਤ ਸਿੰਘ ਤੇ ਆਪਣੇ ਸ਼ਗਿਰਦ ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੂੰ ਕਿਉਂ ਨਾ ਦਸਿਆ ਕਿ ਸ੍ਰੀ ਦਸਮੇਸ਼ ਜੀ ਗੁਪਤ ਰੂਪ ਵਿਚ ਨਾਭੇ ਵਿਚ ਹਨ ?

ਇਸ ਤੋਂ ਸਪਸ਼ਟ ਹੈ ਕਿ ਬਾਬਾ ਅਜਾਪਾਲ ਸਿੰਘ ਨੂੰ ਸ੍ਰੀ ਦਸਮੇਸ਼ ਜੀ ਦਸਣ ਦੀ ਝੂਠੀ ਕਹਾਣੀ ਕੂਕਿਆਂ ਨੇ ਹੁਣ ਘੜੀ ਹੈ।

ਕਿਸੇ ਸ਼ਾਇਰ ਦਾ ਕਥਨ ਹੈ—

'ਸਾਜ਼ ਬਿਗੜਾ ਹੋ ਤੋ ਆਤੀ ਹੈ ਸਦਾ ਬਿਗੜੀ ਹੂਈ।

ਜਿਸ ਆਦਮੀ ਦਾ ਮਸਤਕ ਦਰੁਸਤ ਨਾ ਹੋਵੇ ਉਸ ਦੀ ਗਲ ਦਰੁਸਤ ਨਹੀਂ ਹੁੰਦੀ।

ਕੂਕੇ ਲਿਖਾਰੀ ਇਤਿਹਾਸ ਦੀ ਗਲਤ ਵਿਆਖਿਆ ਕਰਦੇ ਹੋਏ ਇਹ ਲਿਖਦੇ ਹਨ ਕਿ ਦਸਮ ਪਾਤਸ਼ਾਹ ਜੋਤੀ ਜੋਤ ਨਹੀਂ ਸਮਾਏ, ਉਹ ਜੰਗਲ ਵਿਚ ਇਕ ਲਕੜੀਆਂ ਲਿਆਉਣ ਵਾਲੇ ਸਾਧੂ ਨੂੰ ਮਿਲੇ। ਰੁਸਤਮ ਰਾਉ ਤੇ ਬਾਲਾ ਜੀ ਨੂੰ ਉਨ੍ਹਾਂ ਨੂੰ ਰਿਹਾ ਕਰਵਾਇਆ।

ਗੁਰਬਾਣੀ ਦਾ ਵਾਕ ਹੈ-'ਗੁਰੂ ਮੇਰੈ ਸੰਗਿ ਸਦਾ ਹੈ ਨਾਲੇ' ਭਟਾਂ ਨੇ ਕਿਹਾ ਹੈ-

ਜੋ ਧਰਤ ਧਿਆਨ ਬਸਤ ਤਿਹ ਨੇਰੈ।'



Digitized by Panjab Digital Library | www.panjabdigilib.org

ਅਸੀਂ ਸਤਿਗੁਰੂਆਂ ਨੂੰ ਆਤਮਿਕ ਤੌਰ ਤੇ ਸਦਾ ਅਜਰ, ਅਮਰ ਤੇ ਅੰਗ ਸੰਗ ਸਮਝਦੇ ਹਾਂ। ਜਦ ਅਸੀਂ ਉਨ੍ਹਾਂ ਦਾ ਧਿਆਨ ਸਿਮਰਨ ਕਰਦੇ ਹਾਂ, ਉਨ੍ਹਾਂ ਦਾ ਪਵਿੱਤ੍ਰ ਜੀਵਨ ਅਤੇ ਗੁਰਬਾਣੀ ਸਾਨੂੰ ਆਤਮਿਕ ਬਲ ਪ੍ਰਦਾਨ ਕਰਦੇ ਹਨ। ਕਈ ਸਿਦਕੀ ਸਿੱਖ ਸੰਕਟ ਸਮੇਂ ਗੁਰੂ ਪ੍ਰਮੇਸ਼ਰ ਦੀ ਅਰਦਾਸ ਕਰਦੇ ਹਨ। ਸੰਕਟ ਨਵਿਰਤ ਹੋ ਜਾਣ ਪਰ ਕਹਿੰਦੇ ਹਨ 'ਗੁਰੂ ਨੇ ਸਾਡਾ ਸੰਕਟ ਕਟਿਆ ਹੈ।' ਇਹ ਆਤਮ ਦਰਸ਼ਨ ਹਨ, ਸਰੀਰਕ ਨਹੀਂ।

ਕੂਕਾ ਗੁਰੂ ਡਮੀ ਹੁਣ ਤੀਕ ਕਈ ਲੋਕਾਂ ਨੂੰ ਟਪਲਾ ਦਿੰਦੇ ਰਹੇ ਹਨ ਕਿ 'ਬਾਬਾ ਰਾਮ ਸਿੰਘ ਜੀ ਜ਼ਿੰਦਾ ਹਨ। ਚੀਨੀ ਵਾਲੇ ਸੰਗਤ ਨੂੰ ਦਰਸ਼ਨ ਦੇਣਗੇ।' ਕੁਝ ਸਾਲ ਹਏ ਇਤਿਹਾਸ ਖੋਜੀ ਸ: ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਜਲੰਧਰ ਰੇਡੀਉ 'ਤੇ ਤਕਰੀਰ ਕੀਤੀ। ਜਿਸ ਵਿਚ ਕਿਹਾ ਕਿ ਬਾਬਾ ਰਾਮ ਸਿੰਘ ਜੀ ਬਰਮਾ ਵਿਚ ਗੁਜ਼ਰ ਗਏ ਹਨ। ਕੂਕਿਆਂ ਨੇ 'ਅਸ਼ੋਕ' ਜੀ ਨੂੰ ਰਜਿਸ-ਟਰੀ ਨੋਟਿਸ ਭੇਜਿਆ, ਜਿਸ ਵਿਚ ਦਰਜ ਸੀ ਕਿ ਬਾਬਾ ਜੀ ਜ਼ਿੰਦਾ ਹਨ। ਤੁਸੀਂ ਗਲਤ ਬਿਆਨੀ ਕੀਤੀ ਹੈ, ਇਸਦੀ ਤਰਦੀਦ ਕਰੋ। ਅਸ਼ੋਕ ਜੀ ਨੇ ਕਿਹਾ ਤੁਸੀਂ ਦਸੋ ਬਾਬਾ ਜੀ ਕਿਥੇ ਹਨ ? ਇਸ ਪਰ ਕੂਕੇ ਚੁਪ ਕਰ ਰਹੇ।

ਜਿੰਨਾਂ ਦੀ ਸੋਚਣੀ ਏਨੀ ਗਲਤ ਤੇ ਅਨ-ਸਾਇੰਟਿਫਿਕ ਹੋਵੇ, ਉਹ ਸਿੱਖ ਇਤਿਹਾਸ ਦੀ ਕਿਸੇ ਸਾਖੀ ਦੀ ਗ਼ਲਤ ਵਿਆਖਿਆ ਕਰਨ ਤਾਂ ਕੋਈ ਵੱਡੀ ਗੱਲ ਨਹੀਂ।

ਕੂਕਾ ਲਿਖਾਰੀ ਭਾਈ ਤਾਰਨ ਸਿੰਘ ਵਹਿਮੀ ਨੇ ਬਾਬਾ ਅਜਾਪਾਲ ਸਿੰਘ ਨੂੰ ਅੰਗਰੇਜ਼ ਭਗਤ ਵੀ ਪ੍ਰਗਟ ਕੀਤਾ ਹੈ।



Digitized by Panjab Digital Library | www.panjabdigilib.org

'ਵਹਿਮੀ' ਬਾਬਾ ਸਰੂਪ ਸਿੰਘ ਦੇਹੂਹਵਾਲੇ ਨਾਲ ਆਪਣੀ ਪੁਸਤਕ 'ਨਦੇੜੋਂ ਬਾਦ' ਦੇ ਸਫ਼ਾ 120 ਪਰ ਲਿਖਦਾ ਹੈ—

'ਬਾਘ ਸਿੰਘ (ਬਾਬਾ ਅਜਾਪਾਲ ਸਿੰਘ ਦੇ ਸੇਵਕ) ਨੇ ਹੈਰਾਨ ਹੋ ਕੇ ਕਹਿਆ ਖਾਲਸਾ ਜੀ, ਗੁਰੂ ਸਿੰਘ ਜੀ ਕੀ ਸਵਾਰੀ ਕਹਾਂ ਕੋ ਚਲੀ ਹੈ ? ਉਸ ਸਿੰਘ ਨੇ ਕਹਿਆ ਦੋ ਘੜੀ ਅੰਦਰ ਠਹਿਰਕੇ ਗੁਰੂ ਸਿੰਘ ਜੀ ਦੀ ਸਵਾਰੀ ਲੁਧਿਆਣੇ ਕੋ ਜਾਉਗੀ। ਅੰਗਰੇਜ਼ਾਂ ਨੂੰ ਕਹਿਣ ਵਾਸਤੇ ਕਿ ਤੁਮ ਲੁਧਿਆਨੇ ਹੀ ਠਹਿਰੋ। ਅਗੇ ਹਾਲ ਨਹੀਂ ਜਾਣਾ।'

ਜਿਸ ਦਸਮ ਪਾਤਸ਼ਾਹ ਨੇ ਸਾਰੀ ਉਮਰ ਮੁਗਲ ਸਾਮਰਾਜ ਵਿਰੁਧ ਘੋਲ ਕੀਤਾ, ਉਸਨੂੰ ਅੰਗਰੇਜ਼ਾਂ ਨੂੰ ਲੁਧਿਆਣੇ ਜਾ ਕੇ ਕਹਿਣ ਦੀ ਕੀ ਲੋੜ ਸੀ ਕਿ ਅਗੇ ਨਹੀਂ ਜਾਣਾ ?

ਇਹ ਗਲ ਲਾਰਡ ਵੈਲਜ਼ਲੀ ਦੇ ਸਬ ਸੀਡੀਅਰ ਸਿਸਟਮ ਦਾ ਸੰਕੇਤ ਕਰਦੀ ਹੈ। ਜਿਸ ਅਨੁਸਾਰ ਅੰਗਰੇਜ਼ਾਂ ਨੇ ਸਤਲੁਜੋਂ ਪਾਰ ਦੀਆਂ ਰਿਆਸਤਾਂ, ਨਾਭਾ, ਪਟਿਆਲਾ, ਜੀਂਦ, ਫਰੀਦਕੋਟ ਆਦਿਕ ਪਰ ਅਧਿਕਾਰ ਕਰ ਲਿਆ ਸੀ ਅਤੇ ਲੁਧਿਆਣੇ ਛਾਉਣੀ ਪਾ ਲਈ ਸੀ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਜਿਸਨੂੰ ਅੰਗਰੇਜ਼ ਖਤਮ ਕਰਨਾ ਚਾਹੁੰਦੇ ਸਨ।

ਅਖੀਰ ਵਿਚ ਇਕ ਗਲ ਕਹਿਣੀ ਚਾਹੁੰਦੇ ਹਾਂ ਕਿ ਬਾਬਾ ਅਜਾਪਾਲ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਭਾਦਰਾ (ਰਾਜਸਥਾਨ) ਦੇ ਇਕ ਰਾਜਪੂਤ ਦੀ ਸਹਾਇਤਾ ਕੀਤੀ।

ਦਸਮ ਪਾਤਸ਼ਾਹ ਦੇ 1765 ਵਿਚ ਜੋਤੀ ਜੋਤ ਸਮਾਉਣ ਦੇ ਪਿਛੋਂ ਬੰਦੇ ਬਹਾਦਰ ਨੇ ਪੰਜਾਬ ਵਿਚ ਆਕੇ ਮੁਗਲ ਰਾਜ



Digitized by Panjab Digital Library | www.panjabdigilib.org

ਦੀਆਂ ਜੜ੍ਹਾਂ ਹਿਲਾ ਦਿਤੀਆਂ।

ਤੱਤ ਖਾਲਸੇ ਅਤੇ ਬੰਦਈਆਂ ਦਾ ਝਗੜਾ ਹੋਇਆ। ਬਹਾਦਰ ਸ਼ਾਹ ਬੰਦੇ ਦਾ ਪਿਛਾ ਕਰਨ ਲਈ ਪੰਜਾਬ ਆਇਆ ਪਰ ਸੰਨ 1712 ਵਿਚ ਮਰ ਗਿਆ। ਉਸਤੋਂ ਬਾਅਦ ਵੀ ਬੰਦੇ ਨੇ 4 ਸਾਲ ਪੰਜਾਬ ਵਿਚ ਤਰਥਲੀ ਮਚਾਈ ਰਖੀ। ਫਰਖਸੀਅਰ ਬਾਦਸ਼ਾਹ ਦੇ ਸਮੇਂ ਬੰਦਾ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਸੱਤ ਸੌ ਸਾਥੀਆਂ ਸਮੇਤ ਫੜਕੇ ਦਿਲੀ ਲਿਜਾਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ। ਉਸਤੋਂ ਬਾਅਦ 20 ਸਾਲ ਲਗਾਤਾਰ ਸਿੱਖਾਂ ਪਰ ਅਕਹਿ ਜ਼ੁਲਮ ਹੋਇਆ।

1803 ਬਿ: ਵਿਚ ਛੋਟਾ ਤੇ 1818 ਵਿਚ ਵੱਡਾ ਘਲੂਘਾਰਾ ਹੋਇਆ। ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਢਾਹ ਦਿਤਾ, ਸਰੋਵਰ ਪੂਰ ਦਿਤਾ। ਅਜੇਹੇ ਸੰਕਟ ਦੇ ਸਮੇਂ ਭਾਦਰੇ ਵਿਚ ਰਾਜਪੂਤ ਦੀ ਸਹਾਇਤਾ ਕਰਨ ਵਾਲੇ ਗੁਰੂ ਨੇ ਪੰਥ ਦੀ ਬਹੁੜੀ ਕਿਉਂ ਨਾ ਕੀਤੀ ? ਉਹ ਕਿਵੇਂ ਛੁਪਕੇ ਰਹਿ ਸਕਦੇ ਸਨ ? ਬਾਰਾਂ ਮਿਸਲਾਂ ਨੇ ਅਬਦਾਈ ਨੂੰ ਮਾਰਕੇ ਨੱਠਾ ਦਿਤਾ। ਚਾਲੀ ਸਾਲ ਪੰਜਾਬ ਉਤੇ ਰਾਜ ਕੀਤਾ। ਉਸ ਤੋਂ ਪਿਛੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਇਆ। ਨਾਭੇ ਪਟਿਆਲੇ ਦੇ ਸਿਖ ਰਾਜੇ ਸਨ। ਉਸ ਹਾਲਤ ਵਿਚ ਦਸਮ ਪਾਤਸ਼ਾਹ ਨੂੰ ਗੁਪਤ ਵਿਚਰਨ ਅਤੇ ਛੁਪ ਕੇ ਰਹਿਣ ਦੀ ਕੀ ਲੋੜ ਸੀ ? ਕੂਕਿਆਂ ਕੋਲ ਇਸਦਾ ਕੋਈ ਉਤਰ ਨਹੀਂ ਹੈ।



Digitized by Panjab Digital Library | www.panjabdigilib.org

## ੯.

# ਬਾਬਾ ਬਾਲਕ ਸਿੰਘ ਦੀ ਕਲਪਤ ਗੁਰਤਾ

ਉਨੀਵੀਂ ਸਦੀ ਵਿਚ ਸੂਬਾ ਸਰਹੱਦ ਵਿਚ ਦੋ ਸਿੱਖ ਲਹਿਰਾਂ ਦਾ ਜਨਮ ਹੋਇਆ। ਇਕ ਨਿਰੰਕਾਰੀ ਤੇ ਦੂਜੇ ਕੂਕੇ ਜਾਂ ਨਾਮਧਾਰੀ। ਨਿਰੰਕਾਰੀ ਸੰਪ੍ਰਦਾਇ ਦੇ ਬਾਨੀ ਪਸ਼ੌਰ ਨਿਵਾਸੀ ਬਾਬਾ ਦਿਆਲ (ਸੰਨ 1783-1855) ਸਨ। ਉਹ ਦਸਾਂ ਸਤਿਗੁਰੂਆਂ ਦੇ ਸਾਦਿਕ ਸਿੱਖ, ਗੁਰਬਾਣੀ ਦੇ ਪ੍ਰੀਤਵਾਨ ਅਤੇ ਸੁਧਾਰਕ ਵਿਚਾਰਾਂ ਦੇ ਸਨ। ਗੁਰਬਾਣੀ ਦੀ ਕਥਾ ਕਰਦਿਆਂ 'ਧੰਨ ਨਿਰੰਕਾਰ' ਸ਼ਬਦ ਵਰਤਦੇ ਸਨ। ਇਸ ਲਈ ਉਨ੍ਹਾਂ ਦੇ ਸਤਿਸੰਗੀਆਂ ਨੂੰ 'ਨਿਰੰਕਾਰੀ' ਕਹਿੰਦੇ ਸਨ। ਨਿਰੰਕਾਰੀ ਜਨਮ, ਵਿਆਹ ਅਤੇ ਮ੍ਰਿਤਕ ਸੰਸਕਾਰ ਗੁਰਮਤਿ ਅਨੁਸਾਰ ਕਰਦੇ ਹਨ।

ਦੂਜੇ ਬਾਬਾ ਬਾਲਕ ਸਿੰਘ ਜੀ ਹਜ਼ਰੋ ਜ਼ਿਲਾ ਕੈਂਬਲਪੁਰ ਨਿਵਾਸੀ ਹੋਏ ਹਨ। ਜੋ 'ਕੂਕਾ' ਜਾਂ 'ਨਾਮਧਾਰੀ' ਸੰਪ੍ਰਦਾਇ ਦੇ ਬਾਨੀ ਸਮਝੇ ਜਾਂਦੇ ਹਨ। ਇਹ ਵੀ ਗੁਰੂ ਕੇ ਸਿੱਖ ਤੇ ਚੰਗੇ ਭਜਨ ਬੰਦਗੀ ਵਾਲੇ ਸਨ।

ਬਾਬਾ ਬਾਲਕ ਸਿੰਘ ਜੀ ਦਾ ਜਨਮ ਸੰਮਤ 1856 ਬਿ: ਵਿਚ ਪਿੰਡ ਸਰਵਾਲਾ ਜ਼ਿਲਾ ਕੈਂਬਲਪੁਰ ਵਿਚ ਭਾਈ ਦਿਆਲ ਸਿੰਘ ਦੇ ਘਰ ਮਾਤਾ ਭਾਗ ਭਰੀ ਸ੍ਰੀ ਦਸਮੇਸ਼ ਜੀ ਤੋਂ 91



Digitized by Panjab Digital Library | www.panjabdigilib.org

ਸਾਲ ਬਾਅਦ ਹੋਇਆ । ਨਵੀਨ ਕੂਕੇ ਲਿਖਾਰੀਆਂ ਸ੍ਰੀ ਆਲਮ ਅਤੇ ਚਕ੍ਰਵਰਤੀ ਨੇ ਬਿਨਾਂ ਕਿਸੇ ਸਬੂਤ ਦੇ ਜਨਮ ਸੰਮਤ 1841 ਮਿਥ ਲਿਆ ਹੈ। ਇਸ ਹਿਸਾਬ ਨਾਲ ਉਹ ਦਸਮ ਪਾਤਸ਼ਾਹ ਤੋਂ 76 ਸਾਲ ਬਾਅਦ ਹੋਏ ਹਨ ।

ਬਾਬਾ ਜੀ ਪਿੰਡ ਛੋਈ ਜ਼ਿਲਾ ਕੈਂਬਲ ਪੁਰ ਵਿਚ ਦੁਕਾਨ ਕਰਦੇ ਸਨ । ਉਥੋਂ ਹਜ਼ਰੋਂ ਆ ਗਏ । ਇਸ ਲਈ ਹਜ਼ਰੋਂ ਨਿਵਾਸੀ ਪ੍ਰਸਿੱਧ ਹੋਏ ਹਨ ।

ਇਕ ਮਨੌਤ ਹੈ ਕਿ ਬਾਬਾ ਜੀ ਉਸ ਇਲਾਕੇ ਦੇ ਇਕ ਸਹਿਧਾਰੀ ਗੁਰਮੁਖ ਸਿੱਖ ਭਗਤ ਜਵਾਹਰ ਮਲ ਤੋਂ ਉਪਦੇਸ਼ ਲਿਆ ਤੇ ਭਜਨ ਬੰਦਗੀ ਕਰਕੇ ਪ੍ਰਸਿੱਧ ਹੋਏ । ਆਪ ਦਸਾਂ ਸਤਿਗੁਰੂਆਂ ਨੂੰ ਇਸ਼ਟ ਦੇਵ ਮੰਨਦੇ ਸਨ । ਗੁਰਬਾਣੀ ਦੀ ਵਿਚਾਰ ਤੇ ਸ਼ਬਦ ਕੀਰਤਨ ਦੇ ਬੜੇ ਪ੍ਰੇਮੀ ਸਨ । ਲੋਕੀਂ ਉਨ੍ਹਾਂ ਨੂੰ ਭਾਈ ਸਾਹਿਬ ਕਹਿਕੇ ਬੁਲਾਉਂਦੇ ਅਤੇ ਸਤਿਕਾਰ ਕਰਦੇ ਸਨ । ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਸਿੱਖ, ਉਦਾਸੀ ਨਿਰਮਲੇ ਤੇ ਨਿਹੰਗ ਸਿੰਘਾਂ ਦਾ ਹਾਲ ਲਿਖਿਆ ਹੈ, ਉਥੇ ਪੰਥ ਪ੍ਰਕਾਸ਼ ਵਿਚ ਉਨ੍ਹਾਂ ਬਾਰੇ ਲਿਖਦੇ ਹਨ-

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋ ਕੇ,
ਅੰਬਰ ਕੇ ਮਾਲਕ ਅਡੰਬਰੋ ਕੇ ਤਿਆਗੀ ਹੈਂ ।

ਬਾਬਾ ਜੀ ਨੇ ਇਹ ਕਦੀ ਨਹੀਂ ਕਿਹਾ ਕਿ ਉਹ ਸਿੱਖ ਪੰਥ ਦੇ 11ਵੇਂ ਗੁਰੂ ਹਨ ਜਾਂ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਾਪਾਲ ਸਿੰਘ ਦੇ ਰੂਪ ਵਿਚ ਗੁਰਤਾ ਦਿਤੀ ਹੈ । ਭਾਈ ਰਤਨ ਸਿੰਘਭੰਗੂ,ਭਾਈ ਸੰਤੋਖ ਸਿੰਘ,ਗਿਆਨੀ ਗਿਆਨ ਸਿੰਘ ਆਦਿਕ ਕਿਸੇ ਸਮਕਾਲੀ ਇਤਿਹਾਸਕਾਰ ਨੇ ਇਹ ਗਲ



Digitized by Panjab Digital Library | www.panjabdigilib.org

ਨਹੀਂ ਲਿਖੀ ਹੈ। ਗੁਰਤਾ ਦੀ ਫਰਜ਼ੀ ਕਹਾਣੀ ਸੰਮਤ 1932 ਈ: ਵਿਚ ਪਹਿਲੇ ਵੇਰ ਸੰਤ ਨਿਧਾਨ ਸਿੰਘ ਆਲਮ ਨੇ ਨਸ਼ਰ ਕੀਤਾ ਹੈ।

ਚਾਰ ਸਾਲ ਹੋਏ ਇਕ ਹੋਰ ਕੂਕਾ ਲਿਖਾਰੀ ਤਰਨ ਸਿੰਘ ਸਿੰਘ ਵਹਿਮੀ ਨੇ ਇਕ ਪੁਸਤਕ 'ਨਾਦੇੜੋਂ ਬਾਦ ਦਸਮ ਗੁਰ ਦਰਸ਼ਨ' ਛਪਵਾਈ ਹੈ। ਜਿਸ ਵਿਚ ਆਲਮ ਤੇ ਚਕ੍ਰਵਰਤੀ ਦੀ ਨਕਲ ਕਰਨ ਦੇ ਨਾਲ ਸਫਾ 168-69 ਦੇ ਵਿਚਕਾਰ ਸ੍ਰੀ ਦਸਮੇਸ਼ ਜੀ ਦੀ ਇਕ ਗਲਤ ਤਸਵੀਰ ਦਿਤੀ ਹੈ। ਜਿਸ ਵਿਚ ਉਹ ਬਾਬਾ ਬਾਲਕ ਸਿੰਘ ਨੂੰ ਗੁਰਤਾ ਦਾ ਤਿਲਕ ਦਿੰਦੇ ਵਿਖਾਏ ਹਨ। ਉਨ੍ਹਾਂ ਦੇ ਲਾਗੇ ਇਕ ਸੇਵਾਦਾਰ ਘੋੜਾ ਪਕੜਕੇ ਖਲੋਤਾ ਹੈ।

ਅਸੀਂ ਪਿਛੇ ਟੂਕ ਮਾਤ੍ਰ ਦਸ ਆਏ ਹਾਂ ਕਿ ਸੰਨ 1928 'ਚ ਇਹ ਕਲਪਤ ਤਸਵੀਰ ਸ੍ਰਕਾਰ ਨੇ ਜ਼ਬਤ ਕਰ ਲਈ ਸੀ। ਹੁਣ ਉਸਨੂੰ ਦੋਬਾਰਾ ਛਾਪਣ ਦਾ ਅਪਰਾਧ ਕੀਤਾ ਗਿਆ ਹੈ।

ਜਿਸ ਤਰ੍ਹਾਂ ਝੂਠੇ ਗਵਾਹ ਆਪਣੇ ਬਿਆਨਾਂ ਤੋਂ ਥਿੜਕਦੇ ਹਨ, ਇਸੇ ਤਰ੍ਹਾਂ ਕੂਕੇ ਲਿਖਾਰੀ ਬਾਬਾ ਬਾਲਕ ਸਿੰਘ ਦੀ ਕਲਪਤ ਗੁਰਤਾ ਬਾਰੇ ਆਪਣੀਆਂ ਲਿਖਤਾਂ ਵਿਚ ਉਖੜਦੇ ਹਨ। ਆਪਾ ਵਿਰੋਧੀ ਗੁਰਤਾ ਤੇ ਬੇਦਲਲੀਆਂ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਇਹ ਪਤਾ ਲਹੀ ਲਗਦਾ ਕਿ ਪਿਛੇ ਕੀ ਲਿਖ ਆਏ ਹਨ ਅਤੇ ਅਗੋਂ ਕੀ ਲਿਖ ਰਹੇ ਹਨ ?

ਉਦਾਹਰਨ ਲਈ ਭਾਈ ਤਰਨ ਸਿੰਘ ਵਹਿਮੀ ਨੇ ਆਪਣੀ ਪੁਸਤਕ 'ਨਾਦੇੜੋਂ ਬਾਦ ਦਸਮ ਗੁਰ ਦਰਸ਼ਨ' ਦੇ ਸਫਾ 168 ਪਰ ਤਸਵੀਰ ਦੇ ਸਾਹਮਣੇ ਗਿਆਨੀ ਗਿਆਨ ਸਿੰਘ ਦੇ 'ਪੰਥ



Digitized by Panjab Digital Library | www.panjabdigilib.org

ਪ੍ਰਕਾਸ਼' ਵਿਚੋਂ ਇਕ ਕਬਿੱਤ ਦਿਤਾ ਹੈ—

ਸੰਮਤ ਅਠਾਰਾਂ ਸੌ ਅਠਾਨਵੇਂ ਮੈਂ ਪਲਟਨ,
ਗਈ ਸੀ ਸੋ ਹਜ਼ਰੋ ਮੇਂ ਰਾਜ ਕਾਜ ਕਿਤ ਹੈ।
ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ,
ਰਾਮ ਸਿੰਘ ਦਰਸਾਤੇ ਜਾਂਤੇ ਜਿਤ ਕਿਤ ਹੈ।
ਪੇਖ ਅਧਿਕਾਰੀ ਈਸ ਅੰਸ ਅਵਤਾਰੀ,
ਬਾਲਕ ਮ੍ਰਿਗਾਰੀ ਦੀਉ ਨਾਮ ਮੁਦ ਥਾਇਕੈ।

ਭਾਵ—ਬਾਬਾ ਰਾਮ ਸਿੰਘ ਜੀ ਲਾਹੌਰ ਦਰਬਾਰ ਦੀ
੧੮੪੧ ਪਲਟਨ ਵਿਚ ਨੌਕਰ ਸਨ, ਉਨ੍ਹਾਂ ਦੀ ਪਲਟਨ ਸੰਮਤ 1898 ਬਿ: ਵਿਚ ਕਿਸੇ ਰਾਜਸੀ ਕੰਮ ਲਈ ਹਜ਼ਰੋ ਗਈ। ਉਨ੍ਹਾਂ ਨੂੰ ਸੰਤਾਂ ਸਾਧਾਂ ਦੇ ਮਿਲਣ ਜੁਲਣ ਦਾ ਬੜਾ ਸ਼ੌਕ ਸੀ। ਜਿਥੇ ਕਿਤੇ ਉਹ ਜਾਂਦੇ ਸਨ, ਸੰਤਾਂ ਸਾਧੂਆਂ ਦੇ ਦਰਸ਼ਨ ਕਰਦੇ ਸਨ। ਬਾਬਾ ਬਾਲਕ ਸਿੰਘ ਨੂੰ ਵੀ ਮਿਲਣ ਗਏ। ਉਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਨੂੰ ਅਧਿਕਾਰੀ ਸਮਝਕੇ ਖੁਸ਼ੀ ਨਾਲ ਨਾਮ ਦਿਤਾ।

ਵਹਿਮੀ ਵਲੋਂ ਪੰਥ ਪ੍ਰਕਾਸ਼ ਵਿਚੋਂ ਸੰਮਤ 1898 ਵਿਚ ਬਾਬਾ ਬਾਲਕ ਸਿੰਘ ਅਤੇ ਰਾਮ ਸਿੰਘ ਜੀ ਦੀ ਪਹਿਲੀ ਮੁਲਕਾਤ ਦਾ ਜ਼ਿਕਰ ਕਰਨਾ ਅਤੇ ਉਸਦੇ ਸਾਹਮਣੇ ਕਲਪਤ ਤਸਵੀਰ ਦੇਣੀ, ਜਿਸ ਵਿਚ ਸ੍ਰੀ ਦਸਮੇਸ਼ ਜੀ ਬਾਬਾ ਬਾਲਕ ਸਿੰਘ ਨੂੰ ਗੱਦੀ ਦਿੰਦੇ ਦਰਸਾਏ ਹਨ, ਇਸਤੋਂ ਵਧ ਕੇ ਹਾਸੋ-ਹੀਣੀ ਤੇ ਆਪਾ ਵਿਰੋਧੀ ਗੱਲ ਕੀ ਹੋ ਸਕਦੀ ਹੈ?

ਭਾਈ ਤਰਨ ਸਿੰਘ ਵਹਿਮੀ ਨੇ ਆਪਣੀ ਪੁਸਤਕ ਦੇ ਸਫਾ 168-69 ਪਰ ਇਕ ਹੋਰ ਗਲਤੀ ਕੀਤੀ ਹੈ। ਉਹ



Digitized by Panjab Digital Library | www.panjabdigilib.org

ਇਹ ਕਿ ਗਿਆਨੀ ਗਿਆਨ ਸਿੰਘਜੀਦੀ ਉਪ੍ਰੋਕਤ ਕਵਿਤਾ ਦੇ ਨਾਲ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਪੁਸਤਕ 'ਮਾਲਵੇਂ-ਦਰ' (ਜੀਵਨ ਬਾਬਾ ਰਾਮ ਸਿੰਘ) ਵਿਚੋਂ ਇਕ ਕਵਿਤਾ ਦਿਤੀ ਹੈ। ਜਿਸ ਵਿਚ ਚਕ੍ਰਵਰਤੀ ਜੀ ਲਿਖਦੇ ਹਨ-

ਪੈਸੇ ਪੰਜ ਦਸਤਾਰ ਤੇ ਮਾਲਾ ਨਾਲ ਨਲੀਯੇਰ।
ਮੱਥੇ ਗੁਰਤਾ ਦਾ ਤਿਲਕ ਕਰ ਦਿਤਾ ਬਿਨ ਦੇਰ।
ਅਠਾਰਾਂ ਸੌ ਅਠਾਨਵੇਂ ਸੰਮਤ ਬਿਕ੍ਰਮ ਜੀਤ।
ਅਸੂ ਦੀ ਸੰਗਰਾਂਦ ਦਾ ਦਿਨ ਪਵਿਤ੍ਰ ਪੁਨੀਤ।
ਭਾਰਤ ਦੀ ਕਲਿਆਣ ਦਾ ਇਸ ਦਿਨ ਬਝਾ ਮੁਢ।
ਹੋਈ ਧਰਮ ਸਥਾਪਣਾ ਤਾਪ ਪਾਪ ਗਏ ਉਡ।

[ਮਾਲਵੇਂਦਰ ਪੰਨਾ 26

ਭਾਈ ਤਰਨ ਸਿੰਘ ਵਹਿਮੀ ਨੇ ਤਿਲਕ ਦੇਣ ਦੀ ਜੋ ਝੂਠੀ ਤਸਵੀਰ ਦਿਤੀ ਹੈ, ਉਸਦੇ ਹੇਠ ਸੰਤ ਇੰਦਰ ਸਿੰਘ ਦੀ ਇਕ ਹੋਰ ਕਵਿਤਾ ਦਿਤੀ ਹੈ। ਉਹ ਇਸ ਪ੍ਰਕਾਰ ਹੈ-

ਅਠਾਰਾਂ ਛੇ ਨੌ ਬਿਕ੍ਰਮੀ ਦਸਮੀ ਸੁਦੀ ਵੈਸਾਖ।
ਦਰਸ਼ਨ ਦੇ ਦਸਮੇਸ਼ ਗੁਰ ਪੂਰੀ ਕੀਤੀ ਸਾਖ।
ਆਣ ਅਚਾਨਕ ਇੰਵ ਨੂੰ ਸਤਿਗੁਰ ਸ੍ਰੀ ਦਸਮੇਸ਼।
ਗੁਰਤਾ ਸੌਂਪੀ ਤਿਲਕ ਦੇ ਬਾਲਕ ਸਿੰਘ ਵਿਸ਼ੇਸ਼।

-ਸੰਤ ਇੰਦਰ ਸਿੰਘ ਚਕ੍ਰਵਰਤੀ

ਜੀਵਨ ਬਾਬਾ ਰਾਮ ਸਿੰਘ ਅਰਥਾਤ'ਮਾਲਵੇਂਦਰ' ਵਿਚ ਚਕ੍ਰਵਰਤੀ ਜੀ ਗੱਦੀ ਦੀ ਤਾਰੀਖ ਅਸੂ ਦੀ ਸੰਗਰਾਂਦ ਸੰਮਤ 1898 ਦੇਣ ਤੇ ਤਸਵੀਰ ਉਤੇ ਵੈਸਾਖ ਸੁਦੀ ਦਸਵੀਂ ਸੰਮਤ 1869 ਕਰ ਦੇਣ ਆਪਾ ਵਿਰੋਧੀ ਗੱਲ ਹੈ। |੪| ੨ |੧੫|



Digitized by Panjab Digital Library | www.panjabdigilib.org

ਫ਼ਾਰਸੀ ਦੀ ਕਹਾਵਤ ਹੈ–

ਦਰੋਗ ਗੋ ਹਾਫ਼ਜ਼ਾ ਨਾ ਬਾਸ਼ਦ ।

ਭਾਵ—ਝੂਠ ਬੋਲਣ ਵਾਲੇ ਦਾ ਚੇਤਾ ਨਹੀਂ ਹੁੰਦਾ ।

ਸੰਮਤ 1869 ਵਿਚ ਤਾਂ ਬਾਬਾ ਅਜਾਪਾਲ ਸਿੰਘ ਚਲਾਣਾ ਕਰ ਗਏ ਸਨ । ਉਨ੍ਹਾਂ ਨੇ ਗੱਦੀ ਕੀ ਦੇਣੀ ਸੀ ?

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਬਾਬਾ ਬਾਲਕ ਸਿੰਘ ਤੇ ਸ੍ਰੀ ਰਾਮ ਸਿੰਘ ਜੀ ਦੇ ਸਮਕਾਲੀ ਸਨ । ਉਹ ਮਹਾਰਾਜਾ ਪਟਿਆਲਾ ਸਿੰਘ ਦੀ ਫ਼ੌਜ ਵਿਚ ਨੌਕਰ ਸਨ । ਸੰਮਤ 1902 ਬਿ: (ਸੰਨ 1845) ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀ ਜੋ ਪਹਿਲੀ ਲੜਾਈ ਹੋਈ,ਉਸ ਵਿਚ ਗਿਆਨੀ ਜੀ ਸ਼ਾਮਲ ਸਨ । ਗੋਲੀ ਲਗਣ ਕਰਕੇ ਉਨ੍ਹਾਂ ਦੀ ਲੱਤ ਬੇਕਾਰ ਹੋ ਗਈ । ਫੌਜ ਦੀ ਨੌਕਰੀ ਛੱਡਕੇ ਨਿਰਮਲੇ ਸਾਧੂ ਬਣ ਗਏ । ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ ਵਿਚ ਉਨ੍ਹਾਂ ਨੇ ਵਿਦਿਆ ਪ੍ਰਾਪਤ ਕੀਤੀ ।

ਸੰਮਤ 1911 ਤੋਂ 1952 ਤੀਕ ਇਕਤਾਲੀ ਸਾਲ ਫਿਰਕੇ ਗਿਆਨੀ ਜੀ ਨੇ ਇਤਿਹਾਸਕ ਮਸਾਲਾ ਇਕੱਤਰ ਕੀਤਾ । ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ ਆਦਿਕ ਗ੍ਰੰਥ ਲਿਖੇ । ਪੰਥ ਪ੍ਰਕਾਸ਼ ਵਿਚ ਦਸਾਂ ਸਤਿਗੁਰੂਆਂ ਦਾ ਬ੍ਰਿਤਾਂਤ ਲਿਖਣ ਦੇ ਨਾਲ ਉਨ੍ਹਾਂ ਨੇ ਉਦਾਸੀ, ਨਿਰਮਲੇ,ਨਿਹੰਗ ਸਿੰਘਾਂ ਤੇ ਕੂਕਿਆਂ ਅਰਥਾਤ ਨਾਮਧਾਰੀਆਂ ਦਾ ਜ਼ਿਕਰ ਵੀ ਕੀਤਾ ਹੈ ।

ਬਾਬਾ ਬਾਲਕ ਸਿੰਘ ਤੇ ਸ੍ਰੀਰਾਮ ਸਿੰਘ ਜੀ ਦੇ ਸਮਕਾਲੀ ਹੋਣ ਕਰਕੇ ਗਿਆਨੀ ਗਿਆਨ ਸਿੰਘ ਦਾ ਸੰਮਤ ਪ੍ਰਮਾਣੀਕ ਮੰਨਿਆ ਜਾ ਸਕਦਾ ਹੈ । ਨਾ ਕਿ ਸੌ ਸਾਲ ਬਾਅਦ ਹੋਏ ਸੰਤ



Digitized by Panjab Digital Library | www.panjabdigilib.org

ਨਿਧਾਨ ਸਿੰਘ ਆਲਮ ਤੇ ਚਕ੍ਰਵਰਤੀ ਗੁਰਤਾ ਦੀ ਗਲਤ ਕਹਾਣੀ ਦੇ ਜੋ ਸੀਮਤ ਕਲਪਤ ਕਰ ਗਏ ਹਨ। ਜਾਂ ਬਾਬਾ ਅਜਾਪਾਲ ਸਿੰਘ ਦੇ ਗੁਰੂ ਹੋਣ 'ਤੇ ਉਸ ਤੋਂ ਬਾਬਾ ਬਾਲਕ ਸਿੰਘ ਨੂੰ ਗੱਦੀ ਦੁਆਉਣ ਲਈ ਜੋ ਮਨਘੜਤ ਦਲੀਲਾਂ ਜਾਂ ਘਟਨਾਵਾਂ ਪੇਸ਼ ਕਰਦੇ ਹਨ, ਉਹੀ ਉਨ੍ਹਾਂ ਦਾ ਖੰਡਨ ਕਰ ਦਿੰਦੀਆਂ ਹਨ।

ਇਸ ਬਾਰੇ ਕੁਝ ਨੁਕਾਤੇ ਵਿਚਾਰ ਲਈ ਪੇਸ਼ ਕਰਦੇ ਹਾਂ।

1. ਬਾਬਾ ਅਜਾਪਾਲ ਸਿੰਘ ਦੇ ਡੇਰੇ ਦੇ ਮਹੰਤ ਬਾਬਾ ਸਰੂਪ ਸਿੰਘ, ਭਾਈ ਨਰਾਇਣ ਸਿੰਘ ਅਤੇ ਭਾਈ ਕਾਹਨ ਸਿੰਘ ਕਰਤਾ ਮਹਾਨ ਕੋਸ਼ ਲਿਖਦੇ ਹਨ ਕਿ ਬਾਬਾ ਅਜਾਪਾਲ ਸਿੰਘ ਜੀ ਨਾਭੇ ਤੋਂ ਬਾਹਰ ਨਹੀਂ ਗਏ। ਪਰ ਕੂਕੇ ਲਿਖਾਰੀ ਉਨ੍ਹਾਂ ਨੂੰ ਨਾਭੇ ਤੋਂ ਹਜ਼ਰੋ, ਪਸ਼ੌਰ ਬਲਕਿ ਕਾਬਲ ਤੀਕ ਅਪੜਾ ਦਿੰਦੇ ਹਨ। ਨਾਭੇ ਤੋਂ ਲਾਹੌਰ 150 ਮੀਲ ਹੈ, ਲਾਹੌਰ ਤੋਂ ਪਸ਼ੌਰ 280 ਮੀਲ ਤੇ ਅਗੇ ਕਾਬਲ 250 ਮੀਲ ਹੈ।

ਦਸਮ ਪਾਤਸ਼ਾਹ ਸੱਤ ਸੌ ਮੀਲ ਤੁਰੇ ਜਾਣ ਤੇ ਸਾਰੇ ਰਾਹ ਵਿਚ ਕਿਸੇ ਸਿੱਖ ਨੂੰ ਪਤਾ ਨਾ ਲਗੇ ਕਿ ਉਹ ਜਾ ਰਹੇ ਹਨ?

2. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ। ਛੇਵੀਂ ਪਾਤਸ਼ਾਹੀ ਗਵਾਲੀਅਰ, ਕਸ਼ਮੀਰ ਅਤੇ ਨਾਨਕ ਮਤੇ ਗਏ ਹਨ। ਨੌਵੀਂ ਪਾਤਸ਼ਾਹੀ ਨੇ ਅਨੰਦਪੁਰ ਤੋਂ ਗੋਹਾਟੀ (ਆਸਾਮ) ਤੀਕ ਸਫਰ ਕੀਤਾ। ਦਸਮ ਪਾਤਸ਼ਾਹ ਪਟਨੇ ਤੋਂ ਆਨੰਦ ਪੁਰ ਆਏ। ਉਥੋਂ 1761 ਵਿਚ ਦਿੱਲੀ, ਆਗਰਾ ਤੇ ਰਾਜਥਾਨ 'ਚ ਹੁੰਦੇ ਹੋਏ ਨਾਦੇੜ (ਮਹਾਰਾਸ਼ਟਰ) ਵਿਚ ਗਏ ਹਨ। ਇਤਿਹਾਸ ਵਿਚ ਸਤਿਗੁਰੂਆਂ ਦੇ ਦੇਸ਼ਾਟਕ



Digitized by Panjab Digital Library | www.panjabdigilib.org

ਦਾ ਜ਼ਿਕਰ ਮਿਲਦਾ ਹੈ। ਨਿਸ਼ਾਨ ਤੇ ਅਸਥਾਨ ਮੌਜੂਦ ਹਨ।

ਬਾਬਾ ਅਜਾਪਾਲ ਸਿੰਘ ਨਾਭੇ ਤੋਂ ਕਾਬਲ ਤੀਕ ਤੁਰੇ ਜਾਣ ਤੇ ਮੁੜਕੇ ਵੀ ਪਰਤ ਆਉਣ, ਪਰ ਉਨ੍ਹਾਂ ਦਾ ਇਤਿਹਾਸ ਵਿਚ ਕੋਈ ਜ਼ਿਕਰ ਤੇ ਨਿਸ਼ਾਨ ਨਾ ਮਿਲੇ। ਇਹ ਇਸ ਗਲ ਦਾ ਸਬੂਤ ਹੈ ਕਿ ਕੂਕਿਆਂ ਦੀ ਕਹਾਣੀ ਮਨਘੜਤ ਹੈ।

3. ਬਾਬਾ ਅਜਾਪਾਲ ਸਿੰਘ ਅਤੇ ਬਾਬਾ ਬਾਲਕ ਸਿੰਘ ਦੇ ਸਮੇਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਉਸ ਨੂੰ ਕਿਉਂ ਨਾ ਪਤਾ ਲਗਾ ਕਿ ਮੇਰੇ ਰਾਜ ਵਿਚੋਂ ਗੁਰੂ ਲੰਘ ਰਿਹਾ ਹੈ ?

4. ਗੁਰਤਾ ਬਾਰੇ ਗੁਰਬਾਣੀ ਦਾ ਵਾਕ ਹੈ—

ਜਿ ਹੁੰਦੈ ਗੁਰੂ ਬਹਿ ਟਿਕਿਆ
ਤਿਸੁ ਜਨ ਕੀ ਵਡਿਆਈ ਵਡੀ ਹੋਈ॥

[ਵਾਰ ਗਉੜੀ ਮ: ੪

ਗੁਰਤਾ ਦੇਣ ਦੀ ਮਰਯਾਦਾ ਇਹ ਰਹੀ ਹੈ ਕਿ ਸੰਗਤ ਦੇ ਸਾਹਮਣੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈਕੇ ਛੇਵੀਂ ਪਾਤਸ਼ਾਹੀ ਤੀਕ ਤਿਲਕ ਬਾਬਾ ਬੁੱਢਾ ਜੀ ਨੇ ਦਿਤਾ ਹੈ। ਸਤਵੀਂ, ਅੱਠਵੀਂ ਤੇ ਨੌਵੀਂ ਪਾਤਸ਼ਾਹੀ ਨੂੰ ਭਾਈ ਭਾਨਾ ਤੇ ਗੁਰਦਿਤਾ ਜੀ ਨੇ ਤੇ ਦਸਵੀਂ ਪਾਤਸ਼ਾਹੀ ਨੂੰ ਭਾਈ ਰਾਮਕੌਰ(ਬਾਬਾ ਗੁਰਬਖਸ਼ਸਿੰਘ) ਜੀ ਨੇ ਤਿਲਕ ਦਿਤਾ ਹੈ। ਕੂਕੇ ਦਸਣ ਕਿ ਸ੍ਰੀ ਬਾਲਕਸਿੰਘ ਨੂੰ ਕਿਹੜੀ ਸੰਗਤ ਦੇ ਸਾਹਮਣੇ ਕਿਸ ਨੇ ਤਿਲਕ ਦਿਤਾ ਹੈ ?

ਜਦ ਬਾਬਾ ਰਾਮ ਸਿੰਘ ਜੀ ਦੀ ਪਲਟਨ ਹਜ਼ਰੋ ਗਈ, ਉਸ ਪਲਟਨ ਦੇ ਸਿੰਘਾਂ ਅਤੇ ਸੂਦਾਰਾਂ ਨੂੰ ਕਿਉਂ ਨਾ ਪਤਾ ਵਗਾ ਕਿ ਸ੍ਰੀ ਬਾਲਕ ਸਿੰਘ ਗੁਰੂ ਹਨ ?



Digitized by Panjab Digital Library | www.panjabdigilib.org

5. ਤਰਨ ਸਿੰਘ ਵਹਿਮੀ ਦੀ ਪੁਸਤਕ 'ਨਦੇੜੋਂ ਬਾਅਦ' ਵਿਚ ਸਫਾ 168 ਪਰ ਗੁਰਤਾ ਦੇਣ ਦੀ ਜੋ ਤਸਵੀਰ ਦਿਤੀ ਗਈ ਹੈ, ਉਸ ਵਿਚ ਲਾਗੇ ਇਕ ਸੇਵਾਦਾਰ ਤੇ ਘੋੜਾ ਦਸਿਆ ਗਿਆ ਹੈ, ਦਸੋ ਸੇਵਾਦਾਰ ਦਾ ਕੀ ਨਾਮ ਸੀ ਅਤੇ ਕਿਹੜੇ ਪਿੰਡ ਦਾ ਸੀ ? ਦੂਸਰੇ ਗੁਰਤਾ ਦੇਣ ਸਮੇਂ ਨਾਲ ਘੋੜੇ ਦਾ ਕੀ ਕੰਮ ਸੀ ?

6. ਜੇ ਸੰਤ ਚਕ੍ਰਵਰਤੀ ਜੀ ਦੀ ਲਿਖਤ 'ਮਾਲਵੇਂਦਰ' ਅਨੁਸਾਰ ਸੰਮਤ 1898 ਵਿਚ ਗੁਰਤਾ ਦੇਣੀ ਮੰਨੀ ਜਾਏ ਤਾਂ ਦਸਮੇਸ਼ ਜੀ ਦੀ ਉਮਰ 133 ਸਾਲ ਬਣਦੀ ਹੈ । ਜੇ ਤਸਵੀਰ ਪਰ ਦਿਤੀ ਲਿਖਤ ਅਨੁਸਾਰ ਮੰਨ ਲਈ ਜਾਏ ਤਾਂ 104 ਸਾਲ ਬਣਦੀ ਹੈ । ਪਰ ਤਸਵੀਰ ਵਿਚ ਸ੍ਰੀ ਦਸਮੇਸ਼ ਜੀ ਦੀ ਉਮਰ ਮਸਾਂ 40-45 ਸਾਲ ਵਿਖਾਈ ਗਈ ਹੈ । ਇਸਦਾ ਮਤਲਬ ਹੈ ਕਿ ਗੁਰਤਾ ਦੀ ਕਹਾਣੀ ਅਤੇ ਤਸਵੀਰ ਦੋਵੇਂ ਬਿਲਕੁਲ ਗ਼ਲਤ ਹਨ ।

7. ਸ੍ਰੀ ਆਲਮ ਨੇ 'ਗੁਰੂ ਪਦ ਪ੍ਰਕਾਸ਼' ਵਿਚ ਇਕ ਹੋਰ ਗ਼ਲਤ ਬਿਆਨੀ ਕੀਤੀ ਹੈ । ਉਹ ਇਹ ਕਿ ਸ: ਤੋਲਾ ਰਾਮ ਸਿੰਘ ਮੈਂਬਰ ਚੀਫ਼ ਖਾਲਸਾ ਦੀਵਾਨ ਕੈਂਬਲ ਪੁਰ ਨੇ ਮੈਨੂੰ ਦਸਿਆ ਹੈ ਕਿ ਇਕ ਨੰਬਰਦਾਰ ਮੁਹੰਮਦ ਖ਼ਾਂ ਦਾ ਬਿਆਨ ਹੈ ਕਿ ਇਕ ਮਹਾਂ ਪੁਰਖ ਪਿੰਡ ਛੋਈ ਦੀ ਪਹਾੜੀ ਤੋਂ ਉਤਰਕੇ ਆਏ । ਉਨ੍ਹਾਂ ਨੂੰ ਦਰਿਆ ਅਟਕ ਵਿਚ ਗੁਸਲ ਕਰਦਿਆਂ ਇਕ ਮੁਸਲਮਾਨ ਫ਼ਕੀਰ ਨੇ ਵੇਖਿਆ । ਉਨ੍ਹਾਂ ਮਹਾਂ ਪੁਰਸ਼ਾਂ ਦਾ ਤੇਜ ਬੇ-ਮਿਸਾਲ ਸੀ । ਪੰਜ ਸਿੰਘ ਉਨ੍ਹਾਂ ਦੇ ਨਾਲ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਹਰੋ ਨਦੀ ਦੇ ਕਿਨਾਰੇ ਸ੍ਰੀ



Digitized by Panjab Digital Library | www.panjabdigilib.org

ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਕੇ ਗੁਰਿਆਈ ਅਰਪਨ ਕੀਤੀ। (ਗੁਰੂ ਪਦ ਪ੍ਰਕਾਸ਼ ਹਿਸਾ ਤੀਜਾ ਅੰਗ 14-17 (ਨਾਦੇੜੋਂ ਬਾਦ ਪੰਨਾ 116)

ਪਹਿਲੀ ਗਲ ਇਹ ਹੈ ਕਿ ਬਾਬਾ ਬਾਲਕ ਸਿੰਘ ਦੀ ਕਲਪਤ ਗੁਰਤਾ ਲਈ 'ਮੁਹਤਬਰ ਗਵਾਹ' ਵੀਹਵੀਂ ਸਦੀ ਵਿਚ ਹੋਏ ਇਕ ਮੁਸਲਮਾਨ ਜ਼ੈਲਦਾਰ ਨੂੰ ਪੇਸ਼ ਕਰਨਾ ਬੇ-ਮਾਇਨੀ ਹੈ। ਦੂਜੇ ਜੇ ਸ: ਤੋਲਾ ਰਾਮ ਸਿੰਘ ਚੀਫ ਖਾਲਸਾ ਦੀਵਾਨ ਦੇ ਮੈਂਬਰ ਸਨ ਤਾਂ ਉਹ ਕਿਸੇ ਨੂੰ ਦਸਮੇਸ਼ ਜੀ ਦਾ ਉਤਰ ਅਧਿਕਾਰੀ ਤੇ ਗਿਆਰਵਾਂ ਗੁਰੂ ਨਹੀਂ ਮੰਨ ਸਕਦੇ।

ਤੀਸਰੀ ਗੱਲ ਹੈ ਕਿ ਜਦ ਛੋਈ ਦੀ ਪਹਾੜੀ ਤੋਂ ਗੁਰੂ ਜੀ ਉਤਰੇ,ਉਨ੍ਹਾਂ ਨਾਲ ਪੰਜ ਸਿੰਘ ਸਨ। ਬਾਬਾ ਬਾਲਕ ਸਿੰਘ ਨੂੰ ਤਿਲਕ ਦੇਣ ਸਮੇਂ ਭਾਈ ਤਰਨ ਸਿੰਘ ਵਹਿਮੀ ਦੀ ਪੁਸਤਕ ਵਿਚ ਇਕ ਸੇਵਾਦਾਰ ਹੀ ਵਿਖਾਇਆ ਗਿਆ ਹੈ। ਬਾਕੀ ਦੇ ਚਾਰ ਕਿਧਰ ਅਲੋਪ ਹੋ ਗਏ ?

8. ਕੀ ਕੂਕੇ ਦਸ ਸਕਦੇ ਹਨ ਕਿ ਬਾਬਾ ਬਾਲਕ ਸਿੰਘ ਦੀ ਕੋਈ ਅਜਿਹੀ ਲਿਖਤ ਹੈ ਜਿਸ ਵਿਚ ਉਨ੍ਹਾਂ ਦਸਿਆ ਹੋਵੇ ਕਿ ਮੈਂ ਦਸਵੇਂ ਪਾਤਸ਼ਾਹ ਨੇ ਫਲਾਣੇ ਦਿਨ ਫਲਾਈ ਥਾਂ ਤੇ ਦਰਸ਼ਨ ਦੇ ਕੇ ਗੁਰਤਾ ਦਿਤੀ ਹੈ ? ਅਜੇਹੀ ਕੋਈ ਲਿਖਤ ਨਹੀਂ ਹੈ।

9. ਕੀ ਬਾਬਾ ਅਜਾਪਾਲ ਸਿੰਘ ਦੇ ਡੇਰੇ ਦੇ ਕਿਸੇ ਮਹੰਤ ਦੀ ਲਿਖਤ ਹੈ ਕਿ ਉਨ੍ਹਾਂ ਨੇ ਹਜ਼ਰੋ ਜਾ ਕੇ ਸ੍ਰੀ ਬਾਲਕ ਸਿੰਘ ਨੂੰ ਤਿਲਕ ਦਿਤਾ ਹੈ ? ਕੋਈ ਨਹੀਂ।

10. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ ਦੇ



Digitized by Panjab Digital Library | www.panjabdigilib.org

ਕਈ ਉਦਾਸੀ, ਨਿਰਮਲੇ ਤੇ ਹੋਰ ਸੰਤਾਂ ਸਾਧੂਆਂ ਦੇ ਡੇਰਿਆਂ ਨਾਲ ਜਗੀਰਾਂ ਲਾਈਆਂ। ਨਿਰੰਕਾਰੀ ਸੰਪ੍ਰਦਾਇ ਦੇ ਬਾਨੀ ਬਾਬਾ ਦਿਆਲ ਜੀ ਨੂੰ ਉਹ ਰਾਵਲਪਿੰਡ ਜਾ ਕੇ ਮਿਲੇ। ਬਾਬਾ ਬੀਰ ਸਿੰਘ ਨੌਰੰਗਾਬਾਦ, ਬਾਬਾ ਖ਼ੁਦਾ ਸਿੰਘ ਜੀ, ਠਾਕੁਰ ਦਿਆਲ ਸਿੰਘ ਨਾਲ ਮਹਾਰਾਜੇ ਨੇ ਮੁਲਾਕਾਤਾਂ ਕੀਤੀਆਂ। ਉਨ੍ਹਾਂ ਦੇ ਅਸਥਾਨਾਂ ਦੀ ਸੇਵਾ ਕੀਤੀ।

ਬਾਬਾ ਬਾਲਕ ਸਿੰਘ ਦੇ ਗੁਰੂ ਹੋਣ ਦਾ ਸ਼ੇਰੇ ਪੰਜਾਬ ਨੂੰ ਕਿਉਂ ਪਤਾ ਨਹੀਂ ਲਗਾ ਤੇ ਉਹ ਹਜ਼ਰੋ ਕਿਉਂ ਨਹੀਂ ਗਏ ?

ਵਾਸਤਵ ਵਿਚ ਬਾਬਾ ਬਾਲਕ ਸਿੰਘ ਦੀ ਗੁਰਤਾ ਮਿਥਿਹਾਸ ਹੈ। ਨਵੀਨ ਕੂਕੇ ਲਿਖਾਰੀਆਂ ਦੀ ਕਲਪਣ ਹੈ। ਜਿਸ ਦਾ ਇੰਨਾਂ ਪਾਸ ਕੋਈ ਇਤਿਹਾਸਕ ਸਬੂਤ ਤੇ ਠੋਸ ਦਲੀਲ ਨਹੀਂ ਹੈ।

ਅਸੀਂ ਪਾਠਕਾਂ ਦੀ ਸੇਵਾ ਵਿਚ ਬਾਲਕ ਸਿੰਘ ਦੇ ਸਮਕਾਲੀ, ਨਿਕਟ ਵਰਤੀ, ਸੇਵਕ ਹਜ਼ਰੋ ਦੇ ਵਸਨੀਕ ਕਵੀ ਸ਼ੋਂਕਾ ਰਾਮ ਦੀ ਲਿਖਤ ਪੇਸ਼ ਕਰਦੇ ਹਾਂ। ਉਸਦੀ ਪੁਸਤਕ ਦਾ ਨਾਂ 'ਸ਼ਰਧਾ ਪੂਰਣ' ਹੈ। ਇਹ ਬਾਬਾ ਜੀ ਦਾ ਜੀਵਨ ਚਰਿਤ੍ਰ ਹੈ। ਉਸ ਵਿਚ ਉਨ੍ਹਾਂ ਦਾ ਨਿਤ ਕਰਮ, ਰਹਿਣੀ ਅਤੇ ਸੁਰਗਵਾਸ ਹੋਣ ਦੇ ਪ੍ਰਸੰਗ ਦਰਜ ਹਨ। ਕਵੀ ਨੇ ਆਪਣੀ ਪੁਸਤਕ ਵਿਚ ਬਾਬਾਜੀ ਲਈ 'ਭਾਈ ਸਾਹਿਬ' ਸ਼ਬਦ ਵਰਤਿਆ ਹੈ, ਜੋ ਸਿੱਖ ਬਜ਼ੁਰਗਾਂ ਲਈ ਆਮ ਵਰਤਿਆ ਗਿਆ। ਸ਼ੋਂਕਾ ਰਾਮ ਲਿਖਦਾ ਹੈ-

1, ਰੱਬ ਮੇਹਰਬਾਨੀ ਨਾਲ ਤੋੜ ਚਾਹੜੇ,
ਬੈਂਤ ਜੋੜ ਸੁਣਾਵਾਂ ਸ਼ਿਤਾਬ ਲੋਕੋ।



Digitized by Panjab Digital Library | www.panjabdigilib.org

ਕਰਾਂ ਸਿਫਤ ਭਾਈ ਬਾਲਕ ਸਿੰਘ ਜੀ ਦੀ,
ਹਰਫ਼ ਕੋਈ ਨਾ ਹੋਵੇ ਖਰਾਬ ਲੋਕੋ ।
ਹਰ ਵੇਲੇ ਉਹ ਰੱਬ ਦਾ ਨਾਉਂ ਲੈਂਦੇ,
ਸਿਫਤ ਜੋੜਨਾ ਲਹਾਂ ਸੁਆਬ ਲੋਕੋ ।
ਸ਼ੌਕਾ ਰਾਮ ਭਉਰਾ ਜਾਕੇ ਮੱਥਾ ਟੇਕੇ,
ਨਜ਼ਰ ਆਉਂਦੇ ਫੁਲ ਗੁਲਾਬ ਲੋਕੋ ।
ਬਾਬਾ ਜੀ ਦੇ ਨਿਤ ਕਰਮ ਬਾਰੇ ਕਵੀ ਲਿਖਦਾ ਹੈ-

2. ਜਾਂਦੇ ਰੋਜ਼ ਪ੍ਰਭਾਤ ਨੂੰ ਖੂਹੀ ਉਤੇ,
ਆਵਣ ਧਰਮ ਸਾਲਾ ਇਸ਼ਨਾਨ ਕਰਕੇ ।
ਪੜ੍ਹਨ ਪੋਥੀਆਂ ਗਰੰਥ ਸੁਣਾਇਕੇ ਜੀ,
ਸਮਝਾਂਵਦੇ ਲੋਕਾਂ ਨੂੰ ਗਿਆਨ ਕਰਕੇ ।
ਬਾਲਕ ਸਿੰਘ ਦੀ ਤੋਰ ਫ਼ਕੀਰੀ ਹੈਸੀ,
ਤੁਸੀਂ ਸੁਣੋ ਲੋਕੋ ਜ਼ਰਾ ਧਿਆਨ ਕਰਕੇ ।
ਗਲ ਕਰਨ ਤੇ ਮੁਖ ਤੋਂ ਕਿਰਨ ਮੋਤੀ,
ਸ਼ੌਕਾ ਰਾਮ ਨਹੀਂ ਕਹਿੰਦਾ ਗੁਮਾਨ ਕਰਕੇ ।

3. ਉਠ ਧਰਮ ਸਾਲੋਂ ਗਰੰਥ ਪੜ੍ਹਕੇ ਤੇ,
ਘਰ ਆਂਵਦੇ ਨੀ ਭੋਜਨ ਪਾਵਣੇ ਨੂੰ ।
ਵੀਹ ਤੀਹ 'ਜਗਿਆਸੀ' ਨਾਲ ਰਹਿੰਦੇ,
ਰਾਹ ਰਾਹ ਜੈਕਾਰ ਬੁਲਾਵਣੇ ਨੂੰ ।
ਲੋਕੀਂ ਦੇਖਕੇ ਮੱਥਾ ਟੇਕਦੇ ਨੀ,
ਨਹੀਂ ਵਾਰ ਮਿਲਦੀ ਚਰਨ ਚਾਵਣੇ ਨੂੰ ।
ਸ਼ੌਕਾ ਰਾਮ ਜਗਿਆਸੀ ਬਿਅੰਤ ਉਸਦੇ,
ਨਹੀਂ ਰਾਹ ਮਿਲਦਾ ਲੰਘ ਜਾਵਣੇ ਨੂੰ ।



Digitized by Panjab Digital Library | www.panjabdigilib.org

ਅੱਗੇ ਚਲਕੇ ਕਵੀ ਸ਼ੋਕਾ ਸਿਹਰਫ਼ੀ ਦੇ ਛੇਵੇਂ ਬੈਂਤ ਵਿਚ ਲਿਖਦਾ ਹੈ-

4. ਜਾਹਗਾ ਦਰੁਸਤ ਕਰਵਾਇਕੇ ਭਾਈ ਸਾਹਿਬ,
ਬੈਠਕ ਬਾਗ ਦੇ ਵਿਚ ਬਣਵਾਉਂਦੇ ਨੀ।
ਦਿਨੇ ਰਾਤ ਜਗਿਆਸੀ ਜੋ ਨਾਲ ਰਹਿੰਦੇ,
ਖੁਸ਼ੀ ਹੋਇਕੇ ਕੀਰਤਨ ਕਰਾਉਂਦੇ ਨੀ।
ਕਿਸੇ ਆਦਮੀ ਨੂੰ ਤੁਕ ਭੁਲ ਜਾਵੇ,
ਉਸਨੂੰ ਗਿਆਨ ਦੇ ਨਾਲ ਸਮਝਾਉਂਦੇ ਨੀ।
ਸ਼ੋਕਾ ਰਾਮ ਆਖੇ ਭਾਈ ਸਾਹਿਬ ਕੋਲੋਂ,
ਜੋਈ ਮੁਰਾਦ ਮੰਗਣ ਸੋਈ ਪਾਉਂਦੇ ਨੀ।

ਬਾਬਾ ਬਾਲਕ ਸਿੰਘ ਜੀ ਦੇ ਨਗਰ ਹਜ਼ਰੋ ਦਾ ਵਸਨੀਕ ਉਨ੍ਹਾਂ ਦਾ ਪਰੇਮੀ ਕਵੀ ਸ਼ੋਕਾ ਰਾਮ ਤਾਂ ਉਨ੍ਹਾਂ ਨੂੰ 'ਭਾਈ ਸਾਹਿਬ' ਬਿਆਨ ਕਰੇ, ਪਰ ਕੂਕੇ ਲਿਖਾਰੀ ਉਨ੍ਹਾਂ ਨੂੰ ਬਦੋ-ਬਦੀ ਸਿੱਖ ਪੰਥ ਦਾ 11ਵਾਂ ਸਤਿਗੁਰੂ ਤੇ ਦਸਮ ਪਾਤਸ਼ਾਹ ਦਾ ਜਾਨਸ਼ੀਨ ਦਸੀ ਜਾਣ ਇਹ ਹਾਸੋਹੀਣੀ ਗੱਲ ਹੈ।

ਇਸ ਪ੍ਰਕਰਣ ਨੂੰ ਸਮਾਪਤ ਕਰਨ ਤੋਂ ਪਹਿਲੇ ਇਕ ਗੱਲ ਦਸਣੀ ਜ਼ਰੂਰੀ ਸਮਝਦੇ ਹਾਂ। ਉਹ ਇਹ ਕਿ ਬਾਬਾ ਬਾਲਕ ਸਿੰਘ ਦੇ ਸਤਿਸੰਗੀ ਆਪਣੇ ਆਪ ਨੂੰ 'ਜਗਿਆਸੀ' ਅਤੇ ਅਭਿਆਸੀ ਅਖਵਾਉਂਦੇ ਸਨ। 'ਕੂਕਾ' ਜਾਂ ਨਾਮਧਾਰੀ ਸ਼ਬਦ ਬਾਬਾ ਰਾਮ ਸਿੰਘ ਜੀ ਤੋਂ ਪ੍ਰਚਲਤ ਹੋਏ ਹਨ। ਜਿਸ ਤਰ੍ਹਾਂ ਉਨ੍ਹਾਂ ਦੇ ਸਮਕਾਲੀ ਸ਼ਿਵ ਦਿਆਲ ਸਿਹੁੰ ਰਾਧਾ ਸੁਆਮੀ ਆਗਰੇ ਵਾਲੇ ਗੁਰਬਾਣੀ ਦੀ ਕਥਾ ਕਰਦੇ ਅਤੇ ਟੇਕ ਰਖਦੇ ਸਨ। ਉਹ ਕਹਿੰਦੇ ਮਨ-'ਮੇਰਾ ਮਤ ਤੋ ਸਤਿਨਾਮ ਔਰ



Digitized by Panjab Digital Library | www.panjabdigilib.org

ਅਨਾਮੀ ਕਾ ਹੈ। ਔਰ ਰਾਧਾ ਸੁਆਮੀ ਮਤ ਰਾਇ ਸਾਲਗ ਰਾਮ ਕਾ ਚਲਾਇਆ ਹੂਆ ਹੈ।'

ਰਾਇ ਬਹਾਦਰ ਸਾਲਗ ਰਾਮ ਅਸਿਟੈਂਟ ਪੋਸਟ ਮਾਸਟਰ ਜਨਰਲ ਨੇ ਸਵਾਮੀ ਸ਼ਿਵ ਦਿਆਲ ਦੀ ਪਦਵੀ ਤੇ ਉਨ੍ਹਾਂ ਦੀ ਧਰਮ ਪਤਨੀ 'ਰਾਧਾ' ਜੀ ਦਾ ਨਾਮ ਜੋੜ 'ਰਾਧਾ ਸੁਆਮੀ' ਨਾਮ ਤੇ ਮਤ ਚਲਾਇਆ ਹੈ, ਇਸੇ ਤਰ੍ਹਾਂ ਬਾਬਾ ਰਾਮ ਸਿੰਘ ਦੇ ਨਾਮ ਜਸ਼ਣ ਤੋਂ 'ਨਾਮਧਾਰੀ' ਅਤੇ ਕੂਕਿਆਂ ਦੇ ਸ਼ਬਦ ਪੜ੍ਹਨ ਸਮੇਂ ਸਿਰ ਖਿਲਾਰਕੇ ਕੂਕਾਂ ਮਾਰਨ ਤੋਂ 'ਕੂਕੇ' ਪ੍ਰਚਲਤ ਹੋ ਗਿਆ। ਭਾਈ ਕਾਹਨ ਸਿੰਘ ਨੇ 'ਮਹਾਨ ਕੋਸ਼' ਵਿਚ 'ਕੂਕਾ' ਸ਼ਬਦ ਦੀ ਉਤਪਤੀ ਮੁਸਲਮਾਨ ਫਕੀਰਾਂ ਵਾਂਗ ਹਾਲ ਪੈਣ ਤੇ ਕੂਕਾਂ ਮਾਰਨ ਤੋਂ ਬਿਆਨ ਕੀਤੀ ਹੈ।

ਹਜ਼ਰੋ ਦੀ ਗੱਦੀ ਇਸ ਪ੍ਰਕਾਰ ਚਲਦੀ ਹੈ—

1. ਭਾਈ ਬਾਲਕ ਸਿੰਘ, 2. ਭਾਈ ਸੰਗਤਾ ਜੀ, 3. ਨਰਾਇਣ ਦਾਸ, 4. ਸਾਧੂ ਰਾਮ, 5. ਭਗਵਾਨ ਦਾਸ। ਵਰਤਮਾਨ ਸਾਹਿਬ ਦੇਸ਼ ਦੀ ਵੰਡ ਕਾਰਨ ਭਾਰਤ ਆ ਗਏ ਹਨ। ਯੂ. ਪੀ. ਵਿਚ ਦਸੀਦੇ ਹਨ। ਇਹ ਬਾਬਾ ਰਾਮ ਸਿੰਘ ਨੂੰ ਗੁਰੂ ਨਹੀਂ ਮੰਨਦੇ। ਕੂਕੇ ਗੁਰਤਾ ਬਾਬਾ ਬਾਲਕ ਸਿੰਘ ਨੂੰ ਦੁਆਉਂਦੇ ਹਨ। ਪਰ 'ਸਤਿਜੁਗ' ਅਖਬਾਰ ਤੇ ਲਿਖਤਾਂ ਵਿਚ 'ਸ੍ਰੀ ਸਤਿਗੁਰੂ ਰਾਮ ਸਿੰਘ ਸਹਾਇ' ਲਿਖਦੇ ਹਨ। ਇਹ 'ਅੰਡੇ ਕਿਤੇ ਕੁੜ ਕੁੜ ਕਿਤੇ' ਵਾਲੀ ਗੱਲ ਹੈ। ਪਰ ਇਸ ਨਾਲ ਗੱਦੀ-ਦਾਰਾਂ ਨੂੰ ਵੰਜ਼ਸ਼ ਹੋਣ ਦਾ ਲਾਭ ਪੁੱਜਦਾ ਹੈ।

*



Digitized by Panjab Digital Library | www.panjabdigilib.org

## ੭.

# ਬਾਬਾ ਰਾਮ ਸਿੰਘ ਜੀ

### ਕੂਕਾ ਲਹਿਰ ਦਾ ਆਰੰਭ ਤੇ ਅੰਤ

ਪਿਛੇ ਦਸ ਆਏ ਹਾਂ ਕਿ ਪਿਛਲੀ ਸਦੀ ਵਿਚ ਸੂਬਾ ਸਰਹੱਦ ਵਿਚ ਦੋ ਸਿੱਖ ਲਹਿਰਾਂ ਦਾ ਆਰੰਭ ਹੋਇਆ। ਇਕ ਬਾਬਾ ਦਿਆਲ ਜੀ ਦੀ ਚਲਾਈ ਨਿਰੰਕਾਰੀ ਲਹਿਰ। ਦੂਜੀ ਬਾਬਾ ਬਾਲਕ ਸਿੰਘ ਹਜ਼ਰੋਂ ਤੋਂ ਪ੍ਰਭਾਵਤ ਹੋ ਕੇ ਬਾਬਾ ਰਾਮ ਸਿੰਘ ਜੀ ਦੀ ਚਲਾਈ ਹੋਈ ਨਾਮਧਾਰੀ ਅਰਥਾਤ ਕੂਕਾ ਲਹਿਰ। ਪਹਿਲੀ ਲਹਿਰ ਦਾ ਵਧੇਰੇ ਪ੍ਰਭਾਵ ਪਸ਼ੌਰ ਤੇ ਰਾਵਲ ਪਿੰਡੀ ਤੀਕ ਰਿਹਾ। ਕਈ ਗਲਾਂ ਵਿਚ ਸਿੰਘ ਸਭਾ ਲਹਿਰ ਪਰ ਵੀ ਉਸਦਾ ਅਸਰ ਪਿਆ ਹੈ।

ਨਾਮਧਾਰੀ ਲਹਿਰ ਦੇ ਬਾਨੀ ਬਾਬਾ ਬਾਲਕ ਸਿੰਘ ਦਾ ਪ੍ਰਭਾਵ ਵਧੇਰੇ ਜ਼ਿਲ੍ਹਾ ਕੈਂਬਲ ਪੁਰ ਅਤੇ ਪਸ਼ੌਰ ਤੀਕ ਰਿਹਾ। ਉਨ੍ਹਾਂ ਤੋਂ ਵਰੋਸਾਏ ਹੋਏ ਬਾਬਾ ਰਾਮ ਸਿੰਘ ਜ਼ਿਲ੍ਹਾ ਲੁਧਿਆਣੇ ਦੇ ਸਨ। ਲਾਹੌਰ ਦਰਬਾਰ ਦੀ ਫੌਜ ਵਿਚ ਸਨ। 28 ਜੂਨ 1839 ਈ: ਨੂੰ ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਦੇ ਚਲਾਣੇ ਪਿਛੋਂ ਲਾਹੌਰ ਦਰਬਾਰ ਅੰਗਰੇਜ਼ ਸਾਮਰਾਜੀਆਂ, ਡੋਗਰਿਆਂ ਤੇ ਸੰਧਾਵਾਲੀਆਂ ਦੀਆਂ ਦੀ ਸਾਜ਼ਸ਼ਾਂ ਕਰਕੇ ਖਾਨਾਜੰਗੀ ਅਤੇ



Digitized by Panjab Digital Library | www.panjabdigilib.org

ਬਦਅਮਨੀ ਦਾ ਗੜ੍ਹ ਬਣ ਗਿਆ ਸੀ। ਅੰਗਰੇਜ਼ ਲੜਾਈ ਛੇੜਕੇ ਪੰਜਾਬ ਉਤੇ ਕਬਜ਼ਾ ਕਰਨਾ ਚਾਹੁੰਦੇ ਸਨ। ਉਸ ਵਕਤ ਦੇ ਵਾਤਾਵਰਣ ਤੋਂ ਨਿਰਾਸ਼ ਹੋ ਕੇ ਬਾਬਾ ਰਾਮ ਸਿੰਘ ਜੀ ਨੇ 1846 ਵਿਚ ਫੌਜ ਦੀ ਨੌਕਰੀ ਛੱਡ ਦਿਤੀ। ਆਪਣੇ ਪਿੰਡ ਭੈਣੀ ਵਿਚ ਨਿਵਾਸ ਕਰਕੇ ਭਜਨ ਬੰਦਗੀ ਤੇ ਧਰਮ ਪ੍ਰਚਾਰ ਸ਼ੁਰੂ ਕਰ ਦਿਤਾ। ਉਹ ਸੁਧਾਰਕ ਖਿਆਲਾਂ ਦੇ ਸਨ। ਇਸ ਲਈ ਉਨ੍ਹਾਂ ਦਾ ਪ੍ਰਭਾਵ ਜ਼ਿਲਾ ਸਿਆਲਕੋਟ, ਗੁਜਰਾਂ ਵਾਲਾ, ਲਾਹੌਰ, ਅੰਮ੍ਰਿਤਸਰ ਅਤੇ ਲੁਧਿਆਣੇ ਵਿਚ ਵਧੇਰੇ ਪਿਆ। ਬਾਬਾ ਜੀ ਦੇ ਪ੍ਰਚਾਰ ਨੇ ਕੂਕਾ ਲਹਿਰ ਨੂੰ ਜਨਮ ਦਿਤਾ।

ਬਾਬਾ ਜੀ ਦੇ ਦਿਲ ਵਿਚ ਅੰਗਰੇਜ਼ੀ ਰਾਜ ਵਿਰੁਧ ਘ੍ਰਿਣਾ ਸੀ। ਉਸਦਾ ਅਸਰ ਕੂਕਿਆਂ ਨੇ ਵੀ ਕਬੂਲ ਕੀਤਾ। ਉਨ੍ਹਾਂ ਦੀ ਸ੍ਰਕਾਰ ਅੰਗਰੇਜ਼ੀ ਨਾਲ ਟੱਕਰ ਹੋ ਗਈ। ਕੂਕਾ ਲਹਿਰ ਵਿਚ ਕੁਝ ਅਜੇਹੀਆਂ ਤਰੁਟੀਆਂ ਸਨ, ਜਿੰਨ੍ਹਾਂ ਕਰਕੇ ਅੰਗਰੇਜ਼ਾਂ ਨੇ ਉਸ ਲਹਿਰ ਨੂੰ ਡਿਪਲੋਮੇਸੀ ਅਤੇ ਤਾਕਤ ਨਾਲ ਖਤਮ ਕਰ ਦਿਤਾ।

ਬਾਬਾ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ ਪੰਚਮੀ ਸੰਮਤ 1872 ਬਿ: ਨੂੰ ਪਿੰਡ ਭੈਣੀ ਰਾਈਆਂ, ਜ਼ਿਲਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਤ੍ਰਖਾਣ ਦੇ ਘਰ ਮਾਤਾ ਸਦਾ ਕੌਰ ਤੋਂ ਹੋਇਆ। [ਮਹਾਨ ਕੋਸ਼ ਪੰਨਾ 774

ਆਪ ਦੇ ਮਾਤਾ ਪਿਤਾ ਚੰਗੇ ਗੁਰਸਿੱਖ ਤੇ ਕਿਰਤੀ ਸਨ। ਉਨ੍ਹਾਂ ਦੇ ਵਿਚਾਰਾਂ ਅਤੇ ਸੰਸਕਾਰਾਂ ਦਾ ਪ੍ਰਭਾਵ ਆਪ ਪਰ ਵੀ ਪਿਆ। ਇਸ ਲਈ ਬਚਪਨ ਤੋਂ ਧਾਰਮਿਕ ਰੁਚੀ ਦੇ ਸਨ। ਬਾਬਾ ਜੀ ਦੇ ਇਕ ਛੋਟੇ ਭਰਾ ਬੁਧ ਸਿੰਘ ਸਨ, ਜੋ ਬਾਅਦ



Digitized by Panjab Digital Library | www.panjabdigilib.org

ਬਾਬਾ ਹਰੀ ਸਿੰਘ ਦੇ ਨਾਮ ਤੋਂ ਪ੍ਰਸਿੱਧ ਹੋਏ ਹਨ। ਉਹੀ ਉਨ੍ਹਾਂ ਦੇ ਉਤਰ-ਅਧਿਕਾਰੀ ਸਨ।

ਬਾਬਾ ਰਾਮ ਸਿੰਘ ਜੀ ਦੀ ਸ਼ਾਦੀ ਪਿੰਡ ਧਰੋੜ ਜ਼ਿਲ੍ਹਾ ਲੁਧਿਆਣਾ ਵਿਚ ਮਾਈ ਜੱਸਾਂ ਨਾਲ ਹੋਈ। ਜਿਸ ਤੋਂ ਦੋ ਲੜਕੀਆਂ ਬੀਬੀ ਨੰਦਾਂ ਅਤੇ ਸਾਹਿਬੋ ਹੋਈਆਂ। ਪੁਤ੍ਰ ਕੋਈ ਨਹੀਂ ਸੀ। ਇਸ ਲਈ ਉਨ੍ਹਾਂ ਦੇ ਛੋਟੇ ਭਾਈ ਬੁਧ ਜੀ ਦੀ ਸੰਤਾਨ ਗੱਦੀ ਦੀ ਵਾਰਸ ਚਲੀ ਆਉਂਦੀ ਹੈ।

ਬਾਬਾ ਰਾਮ ਸਿੰਘ ਦਸਾਂ ਸਤਿਗੁਰੂਆਂ ਨੂੰ ਆਪਣਾ ਗੁਰੂ ਮੰਨਦੇ ਸਨ। ਗੁਰਬਾਣੀ ਦੀ ਟੇਕ ਰਖਦੇ ਸਨ। ਸਿੱਖੀ ਦੇ ਪ੍ਰਚਾਰਕ ਤੇ ਸੁਧਾਰਕ ਸਨ। ਪਰ ਕੂਕਿਆਂ ਨੇ ਜਿਸ ਤਰ੍ਹਾਂ ਬਾਬਾ ਬਾਲਕ ਸਿੰਘ ਦੀ ਗੁਰਤਾ ਦੀ ਕਲਪਤ ਸਾਖੀ ਜੋੜ ਲਈ ਹੈ, ਉਸੇ ਤਰ੍ਹਾਂ ਸ੍ਰੀ ਰਾਮ ਸਿੰਘ ਨੂੰ ਸ੍ਰੀ ਦਸਮੇਸ਼ ਜੀ ਦਾ ਅਵਤਾਰ ਤੇ ਬਾਹਰਵਾਂ ਗੁਰੂ ਪ੍ਰਗਟ ਕਰਨ ਲਈ ਕਈ ਮਨਘੜਤ ਦੋਹਰੇ ਅਤੇ ਸਾਖੀਆਂ ਘੜ ਲਈਆਂ ਹਨ। ਜਿਹਾ ਕਿ—

1. ਰਾਮ ਸਿੰਘ ਹੋਏ ਮੇਰੋ ਨਾਮਾ।
ਬਾਢੀ1 ਸੁਤ ਭੈਣੀ ਕੋ ਧਾਮਾ2।
2. ਕਲਿਜੁਗ ਮੇਂ ਸਤਿਜੁਗ ਵਰਤਾਉਂ।
ਤਬੀ ਬਾਰ੍ਹਵਾਂ ਬੱਪ3 ਕਹਾਉਂ।*

---

1. ਤ੍ਰਖਾਣ ਦਾ ਪੁਤਰ। 2. ਘਰ। 3. ਸਰੀਰ।

*ਭਾਈ ਗੁਰਦਾਸ ਲਿਖਦੇ ਹਨ ਬੀਬੀ ਭਾਨੀ ਨੇ ਵਰ-ਦਾਨ ਮੰਗਿਆ ਸੀ—

ਜਾਣ ਨਾ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ ॥
(੧-੪੭)



Digitized by Panjab Digital Library | www.panjabdigilib.org

ਸੌ ਸਾਖੀ ਕਿਸੇ ਅਨਪੜ੍ਹ, ਕਾਵਿ ਕੋਸ਼ ਤੇ ਇਤਿਹਾਸ ਤੋਂ ਅਨਜਾਣ ਕਵੀ ਦੀ ਰਚਨਾ ਹੈ। ਕੂਕੇ ਉਸਨੂੰ ਪ੍ਰਮਾਣੀਕ ਮੰਨਕੇ ਉਸ ਚੋਂ ਬਾਬਾ ਜੀ ਬਾਰੇ ਇਕ ਸਾਖੀ ਪੇਸ਼ ਕਰਦੇ ਹਨ-'ਰਾਮ ਦਾਸ ਪੁਰ ਮੇਂ ਜਨਮ ਧਰ ਉਨੀਂਸੈ ਕੇ ਮਾਹਿ। [ਸਾਖੀ 82

ਪਰ ਇਹ ਗੱਲ ਦੋਹਾਂ ਬਾਬਿਆਂ ਪਰ ਨਹੀਂ ਢੁੱਕਦੀ।
1799 ਬਾਬਾ ਬਾਲਕ ਸਿੰਘ ਦਾ ਜਨਮ 1856 ਵਿਚ ਜ਼ਿਲ੍ਹਾ ਕੈਂਬਲ
1815 ਪੁਰ ਪਿੰਡ ਛੋਈ ਵਿਚ ਅਤੇ ਬਾਬਾ ਰਾਮ ਸਿੰਘ ਜੀ ਦਾ 1872
ਬਿ: ਵਿਚ ਭੈਣੀ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ।

ਸੌ ਸਾਖੀ ਦੀ ਇਕ ਹੋਰ ਲਿਖਤ ਨੂੰ ਉਲਟਾਕੇ ਪੇਸ਼ ਕਰਦੇ ਹਨ-

ਮਾਰ ਸਿੰਘ ਉਠ ਨੀਚਨ ਡਰੈ,
ਅਮਨੀ ਇਕ ਰਸੌਂਦੀ ਕਰੈ ॥

ਭਾਵ-ਸਿੰਘ ਉਠ ਕੇ ਨੀਚਾਂ ਨੂੰ ਮਾਰਨਗੇ। ਉਹ ਡਰ ਜਾਣਗੇ,ਧਰਤੀ (ਅਮਨੀ) ਪਰ ਇਕਸਾਰਤਾ ਵਰਤਾਉਣਗੇ।

ਕੂਕੇ 'ਮਾਰ ਸਿੰਘ' ਨੂੰ ਉਲਟਾਕੇ ਰਾਮ ਸਿੰਘ ਦਸਦੇ ਹਨ।

ਇਹ ਇਕ ਬੇਦੀ ਦੇ ਪ੍ਰੋਹਤ ਹਰਿਜਸ ਦੀ ਲਿਖੀ ਹੋਈ ਪੋਥੀ 'ਗੁਰੰਡ ਨਾਮ' ਨੂੰ ਦਸਮ ਪਾਤਸ਼ਾਹ ਹੀ ਦਸਦੇ ਹਨ। ਉਸ ਵਿਚ ਲਿਖਿਆ, ਹੈ-

ਤੀਨ ਮਾਸ ਖਟ ਰਹੇਂਗੇ, ਗ੍ਰਿਹ ਗਨਕਾ ਗੁਰੰਡ।
ਉਦਰ ਲੋਪ ਅੰਡਾ ਸਹਿਤ ਜਿਉਂ ਸਾਖੀ ਬ੍ਰਹਿਮੰਡ।

ਭਾਵ-ਨੌਂ ਮਹੀਨੇ ਗਿਆਰਵਾਂ ਗੁਰੂ ਗਨਕਾ ਦੇ ਘਰ ਰਹੇਗਾ, ਜਿਵੇਂ ਅੰਡਾ ਪੰਛੀ ਦੇ ਪੇਟ ਵਿਚ ਰਹਿੰਦਾ ਹੈ। ਜੇਹੜੇ ਲੋਕ ਇਸ ਕਿਸਮ ਦੀਆਂ ਢਕੋਂਚੀਆਂ ਪਰ ਯਕੀਨ ਰਖਦੇ ਹੋਣ



Digitized by Panjab Digital Library | www.panjabdigilib.org

ਉਨ੍ਹਾਂ ਦਾ ਰੱਬ ਹੀ ਰਾਖਾ ਹੈ।

ਬਾਬਾ ਰਾਮ ਸਿੰਘ ਜੀ ਨੂੰ ਬਾਹਰਵਾਂ ਗੁਰੂ ਸਿੱਧ ਕਰਨ ਬਾਰੇ ਇੰਨ੍ਹਾਂ ਦੀਆਂ ਸਾਰੀਆਂ ਲਿਖਤਾਂ ਕਲਪਤ ਤੇ ਮਨਘੜਤ ਹਨ। ਜਿੰਨਾਂ ਦਾ ਕੋਈ ਸਿਰ ਪੈਰ ਨਹੀਂ। ਉਹ ਉਨ੍ਹਾਂ ਦੇ ਅਕੀਦੇ ਦੇ ਉਲਟ ਹਨ।

ਬਾਬਾ ਜੀ ਨੇ ਆਪਣੇ ਇਕ ਪ੍ਰੇਮੀ ਭਾਈ ਰਾਇ ਸਿੰਘ ਪਿੰਡ ਮਦੀਹਰ ਜ਼ਿਲ੍ਹਾ ਫੀਰੋਜ਼ਪੁਰ ਨੂੰ ਉਪਦੇਸ਼ ਕਰਦੇ ਹੋਏ ਕਿਹਾ ਸੀ-

ਗੁਰੂ ਦਸਮ ਕੀ ਰੀਤ ਸੰਭਾਲੋ।
ਲੋਕ ਦੁਹਨ ਕੋ ਜੋ ਰਖਵਾਲੋ।
ਪਾਂਚ ਕੱਕਾ ਵਾ ਨਾਮ ਸ਼ਨਾਨ।
ਦਾਨ ਕ੍ਰਿਆ ਸਤਿਗੁਰ ਸੁਖਦਾਨ।
ਗੁਰੂ ਗ੍ਰੰਥ ਮੇਂ ਜੋਈ ਲਿਖਿਆ।
ਸੋਈ ਮਨ ਮੇਂ ਧਾਰੋ ਸਿਖਿਆ।

ਉਨ੍ਹਾਂ ਦੀਆਂ ਅਨੇਕ ਲਿਖਤਾਂ ਅਤੇ ਚਿਠੀਆਂ ਵਿਚ ਇਹੀ ਖਿਆਲ ਮਿਲਦੇ ਹਨ। ਜਿਸ ਤੋਂ ਹੁਣ ਕੂਕੇ ਇਨਕਾਰ ਕਰਨ ਲਗ ਪਏ ਹਨ।

ਬਾਈ ਸਾਲ ਦੀ ਉਮਰ ਤੇ ਸੰਨ 1837 ਵਿਚ ਬਾਬਾ ਜੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌ-ਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋਏ। ਸੰਨ 1846 ਈ: ਤੀਕ ਉਨ੍ਹਾਂ ਨੇ ਸਿਖ ਫੌਜ ਦੀ ਨੌਕਰੀ ਕੀਤੀ। ਉਸ ਦੌਰਾਨ ਹੀ ਉਹ ਸੰਨ 1841 ਈ: ਵਿਚ ਹਜ਼ਰੋ ਵਿਚ ਬਾਬਾ ਬਾਲਕ ਸਿੰਘ ਜੀ ਨੂੰ ਮਿਲੇ। ਉਨ੍ਹਾਂ ਦੀ ਸੰਗਤ ਕਰਕੇ ਵਧੇਰੇ ਭਜਨ



Digitized by Panjab Digital Library | www.panjabdigilib.org

ਬੰਦਗੀ ਵਿਚ ਜੁਟ ਗਏ। ਉਸ ਵਕਤ ਉਨ੍ਹਾਂ ਦਾ ਫੌਜ ਜਾਂ ਸਿੱਖ ਜਨਤਾ ਵਿਚ ਕੋਈ ਪ੍ਰਭਾਵ ਨਹੀਂ ਸੀ। ਕੋਈ ਉਨ੍ਹਾਂ ਨੂੰ ਗੁਰੂ ਨਹੀਂ ਸੀ ਮੰਨਦਾ।

ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਦੇ ਦੇਹਾਂਤ ਬਾਅਦ ਲਾਹੌਰ ਦਰਬਾਰ ਅੰਗਰੇਜ਼ਾਂ, ਡੋਗਰਿਆਂ ਅਤੇ ਸੰਧਾਵਾਲੀਆਂ ਦੀਆਂ ਸਾਜ਼ਸ਼ਾਂ ਕਾਰਨ ਖਾਨਾ ਜੰਗੀ ਦਾ ਅਖਾੜਾ ਬਣ ਗਿਆ। ਅੰਗਰੇਜ਼ ਸਾਮਰਾਜੀ ਸਾਰੇ ਭਾਰਤ 'ਚ ਛਾ ਗਏ ਸਨ। ਪੰਜਾਬ ਵਿਚ ਲੜਾਈ ਛੇੜਕੇ ਕਬਜ਼ਾ ਕਰਨਾ ਚਾਹੁੰਦੇ ਸਨ। ਡੋਗਰੇ ਤੇ ਸੰਧਾਵਾਲੀਏ ਉਨ੍ਹਾਂ ਦੇ ਹੱਥ ਠੋਕੇ ਸਨ। ਸੰਨ 1845 ਤੋਂ 1849 ਤੀਕ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਜਿਤਨੀਆਂ ਲੜਾ-ਈਆਂ ਹੋਈਆਂ, ਉਨ੍ਹਾਂ 'ਚ ਪੰਜਾਬ ਦੀ ਆਜ਼ਾਦੀ ਲਈ ਲੜਨ ਵਾਲੇ ਸ: ਸ਼ਾਮ ਸਿੰਘ ਅਟਾਰੀ, ਸ: ਚਤਰ ਸਿੰਘ, ਸ: ਸ਼ੇਰ ਸਿੰਘ, ਬਾਬਾ ਮਹਾਰਾਜ ਸਿੰਘ, ਬਾਬਾ ਬਿਕ੍ਰਮ ਸਿੰਘ ਬੇਦੀ ਊਨੇ ਵਾਲੇ, ਸ: ਸੂਰਤ ਸਿੰਘ ਤੇ ਸ: ਅਜੀਤ ਸਿੰਘ ਲਾਡਵਾ ਮੁਖੀ ਸਨ।

ਜਿਵੇਂ ਕਿ ਸ: ਲਹਿਣਾ ਸਿੰਘ ਮਜੀਠੀਆ ਲਾਹੌਰ ਦਰ-ਬਾਰ ਦੀ ਦੁਰਗਤਿ ਦੇਖਕੇ ਬਨਾਰਸ ਚਲੇ ਗਏ ਸਨ, ਇਸੇ ਤਰ੍ਹਾਂ ਬਾਬਾ ਰਾਮ ਸਿੰਘ ਫੌਜੀ ਨੌਕਰੀ ਛੱਡਕੇ ਆਪਣੇ ਪਿੰਡ ਭੈਣੀ (ਅੰਗਰੇਜ਼ੀ ਇਲਾਕੇ) ਵਿਚ ਚਲੇ ਗਏ। ਉਨ੍ਹਾਂ ਦੇ ਨਾਲ ਭਾਈ ਹਰਨਾਮ ਸਿੰਘ ਗੜ੍ਹਦੀਵਾਲਾ ਅਤੇ ਭਾਈ ਹਾਹਨ ਸਿੰਘ ਵੀ ਨੌਕਰੀ ਛਡਕੇ ਚਲੇ ਗਏ।

ਇਹ ਕਿਸੇ ਸਿੰਘ ਸਭੀਏ ਜਾਂ ਅੰਗਰੇਜ਼ ਦੀ ਲਿਖਤ ਨਹੀਂ ਬਲਕਿ ਪ੍ਰਸਿੱਧ ਨਵੀਨ ਕੂਕਾ ਲਿਖਾਰੀ ਸਵਰਗੀ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਹੈ। ਉਨ੍ਹਾਂ ਨੇ ਪੰਜਾਬੀ ਕਵਿਤਾ ਵਿਚ



Digitized by Panjab Digital Library | www.panjabdigilib.org

ਬਾਬਾ ਰਾਮ ਸਿੰਘ ਦਾ ਜੀਵਨ ਲਿਖਿਆ ਹੈ। ਉਸਦਾ ਨਾਮ ਹੈ 'ਮਾਲਵੇਂਦਰ' ਉਸ ਵਿਚ ਚਕ੍ਰਵਰਤੀ ਜੀ ਲਿਖਦੇ ਹਨ-

1. ਰਫਲ ਸੁਟੀ ਦਰਿਆ ਵਿਚ ਬੈਠੇ ਹੋ ਅਟੱਕ।
ਕਿਹਾ ਇਹ ਵੀ ਸੀ ਪਿਆ ਸਾਡੇ ਗਲ ਕਲੰਕ।
[ਮਾਲਵੇਂਦਰ ਸਫਾ 39

2, ਅਸੀਂ ਤੇ ਹੁਣ ਚਲਦੇ, ਸਤਿ ਸ੍ਰੀ ਅਕਾਲ।
ਆਵੇ ਕਿਸੇ ਜੇ ਚਲਣਾ, ਰਲਕੇ ਸਾਡੇ ਨਾਲ।
[ਸਫਾ 41

3, ਛੌਣੀ ਵਿਚੋਂ ਆ ਗਏ ਕੰਢੇ ਤੇ ਦਰਿਆਉ।
ਕਿਹਾ ਮਲਾਹਾਂ ਚਾੜ੍ਹਕੇ ਬੇੜੀ ਪਾਰ ਲੰਘਾਉ।
ਪਰ ਮਲਾਹਾਂ ਨਾ ਛਡੀ ਬੇੜੀ ਲਾਇਆ ਜ਼ੋਰ।
ਠਿਲ੍ਹ ਪਏ ਦਰਿਆ ਵਿਚ ਡਲਿਆਂ ਨੂੰ ਲਾ ਠੋਰ।
ਸਿਧੇ ਤਰਕੇ ਸ਼ੇਰ ਜਿਉਂ ਆ ਗਏ ਉਰਲੇ ਪਾਰ।
ਲੁਧਿਆਣੇ ਆ ਵੜੇ ਮਾਮੇ ਘਰ ਵਿਚਕਾਰ।
ਅਗੋਂ ਨੰਦੂ ਬੋਲਿਆ ਝੱਲਾ ਆਇਆ ਉਹ।
ਲਭਣ ਲਈ ਫਲੌਰ ਜਿਸ ਜਾਂਦੇ ਹੁੰਦੇ ਸੌਹ। [ਸਫਾ 42

ਰਣ ਖੇਤਰ ਵਿਚੋਂ ਕਿਸੇ ਸਿਪਾਹੀ ਦਾ ਸ਼ਸਤ੍ਰ ਸੁਟਕੇ ਦੌੜ ਜਾਣਾ ਕਾਇਰਤਾ ਸਮਝੀ ਜਾਂਦੀ ਹੈ।

ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਇਹ ਲਿਖਕੇ ਬਾਬਾ ਜੀ ਨੂੰ ਨੀਵਾਂ ਸਿੱਧ ਕੀਤਾ ਹੈ।

ਸਿੱਖੀ ਨੂੰ ਸੰਤ ਸਿਪਾਹੀ ਅਤੇ ਸ਼ਸਤ੍ਰਧਾਰੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਨੇ ਬਣਾਇਆ ਹੈ। ਸ੍ਰੀ ਦਸਮੇਸ਼ ਪਿਤਾ ਨੇ ਖਾਲਸਾ ਸਜਾਕੇ ਕ੍ਰਿਪਾਨ ਨੂੰ ਰਹਿਤ ਵਿਚ



Digitized by Panjab Digital Library | www.panjabdigilib.org

ਸ਼ਾਮਲ ਕੀਤਾ ਤੇ ਸ਼ਸਤ੍ਰਾਂ ਦਾ ਸਤਿਕਾਰ ਕਰਨ ਦਸਿਆ।
ਜਿਹਾ ਕਿ ਮੁਖ ਵਾਕ ਹਨ-

1. ਨਮਕਾਰ ਸ੍ਰੀ ਖੜਗ ਕਉ। [ਅਕਾਲ ਉਸਤਤ
2. ਜਿਤੇ ਸ਼ਸਤ੍ਰ ਨਾਮੰ ਨਮਸਕਾਰ ਤਾਮੰ।
3. ਜਿਤੇ ਸ਼ਸਤ੍ਰ ਭੇਅੰ ਨਮਸਕਾਰ ਤੇਅੰ।

[ਬਚਿਤ੍ਰ ਨਾਟਕ

4. ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
5. ਅਸਿ ਕ੍ਰਿਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ।
ਸੈਫ ਸਰੋਹੀ ਸਾਹਬੀ ਇਹੈ ਹਮਾਰੇ ਪੀਰ।

[ਸ਼ਸਤ੍ਰ ਨਾਮ ਮਾਲਾ

ਗੁਰ ਬਿਲਾਸ ਪਾਤਸ਼ਾਹੀ 10 ਵਿਚ ਭਾਈ ਸੁਖਾ ਸਿੰਘ ਲਿਖਦੇ ਹਨ ਕਿ ਦਸਮੇਸ਼ ਪਿਤਾ ਨੇ ਖਾਲਸਾ ਸਜਾਕੇ ਉਪਦੇਸ਼ ਕੀਤਾ—

'ਸ਼ਸਤ੍ਰ ਅਸਤ੍ਰ ਸਉ ਕਰੋ ਪਿਆਰ॥

ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਕ੍ਰਿਪਾਨ ਨੂੰ ਗੁਰੂ ਦਾ ਚਿੰਨ੍ਹ ਸਮਝਕੇ ਕੜਾਹ ਪ੍ਰਸ਼ਾਦ ਕ੍ਰਿਪਾਨ ਭੇਟ ਕੀਤਾ ਜਾਂਦਾ ਹੈ।

ਪਰ ਬਾਬਾ ਰਾਮ ਸਿੰਘ ਹੁਰੀਂ ਰਣ ਖੇਤਰ ਵਿਚ ਬੰਦੂਕ ਸੁਟ ਕੇ ਪਿੰਡ ਚਲੇ ਜਾਣ ਤੇ ਉਸਨੂੰ ਕਲੰਕ ਦਸਣ, ਦਸਮੇਸ਼ ਗੁਰੂ ਦੀ ਰਹਿਤ ਤੇ ਸਿੱਖਿਆ ਦੇ ਉਲਟ ਹੈ। ਉਨ੍ਹਾਂ ਨੂੰ ਖਾਲਸਾ ਪੰਥ ਕਿਵੇਂ ਬਾਰ੍ਹਵਾਂ ਗੁਰੂ ਮੰਨ ਸਕਦਾ ਹੈ?

ਦੂਜੀ ਗਲ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਇਸ ਤੋਂ ਵਧ ਦੁਖਦਾਈ ਲਿਖੀ ਹੈਕਿ ਬਾਬਾ ਜੀ ਨੇ ਪਿੰਡ ਜਾਕੇ ਆਪਣੇ



Digitized by Panjab Digital Library | www.panjabdigilib.org

ਛੋਟੇ ਭਾਈ ਬੁਧ ਸਿੰਘ ਨੂੰ ਕਿਹਾ ਕਿ 'ਮੇਰੇ ਕੇਸ ਸਾੜ ਦਿਉ।' ਜਿਹਾ ਕਿ—

ਮਹਾਰਾਜ ਬੁਧ ਸਿੰਘ ਦੇ ਹਥ ਮਿਸਾਲ ਫੜਾ।
ਕਹਿੰਦੇ ਲਾਉ ਅਸਾਂ ਨੂੰ ਲਹਿਣਾ ਸਿੰਘ ਬੁਝਾ।
ਲਹਿਣਾਸਿੰਘ ਜੀ ਆਖਿਆ ਇਉਂ ਨਾ ਸਾੜੋ ਕੇਸ।
ਆਂਹਦੇ ਇਹ ਨਾ ਰਖਣੀ ਸਿਖੀ ਅਸੀਂ ਮਲੇਛ।
ਛੋਟੇ ਛੋਟੇ ਰਹਿ ਗਏ ਬਾਵਰੀਆਂ ਜਿਉਂ ਵਾਲ।

[ਦੇਖੋ ਮਾਲਵੇਂਦਰ ਪੰਨਾ 47

ਪਾਵਨ ਪਵਿਤ੍ਰ ਗੁਰਬਾਣੀ ਦਾ ਵਾਕ ਹੈ-

'ਸਾਬਤ ਸੂਰਤ ਦਸਤਾਰ ਸਿਰਾ।'

ਦਸਮ ਪਾਤਸ਼ਾਹ ਦਾ ਫੁਰਮਾਨ ਹੈ-

ਨਿਸ਼ਾਨੇ ਸਿਖੀਂ ਈਂ ਕਿ ਪੰਜ ਹਰਫ ਕਾਫ
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼
ਕੜਾ ਕਛਾ ਕਾਰਦੋ ਕੰਘਾ ਬਿਦਾਂ
ਬਿਲਾ ਕੇਸ਼ ਹੇਚ ਅਸਤ ਜੁਮਲਾ ਨਿਸ਼ਾਂ।

ਰਹਿਤਨਾਮਿਆਂ ਵਿਚ ਅੰਕਤ ਹੈ ਕਿ ਕੇਸ ਕਟਾਉਣ ਵਾਲਾ ਪਤਿਤ ਹੁੰਦਾ ਹੈ। ਅਸੀਂ ਰੋਜ਼ ਅਰਦਾਸ ਵਿਚ ਕਹਿੰਦੇ ਹਾਂ-'ਸਿਖੀ ਕੇਸਾਂ ਸਵਾਸਾਂ ਨਾਲ ਨਿਭੇ।' ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾ ਲਈ ਪਰ ਕੇਸ ਨਹੀਂ ਕਟਾਏ। ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਦੇ ਕੇਸ ਕਟਣੇ ਚਾਹੇ, ਪਰ ਉਨ੍ਹਾਂ ਦੀ ਪਤਨੀ ਨੇ ਨਹੀਂ ਕੱਟਣ ਦਿਤੇ। ਉਸ ਹਾਲਤ ਵਿਚ ਜਿਹੜੇ ਬਾਬਾ ਰਾਮ ਸਿੰਘ ਆਪਣੇ ਛੋਟੇ



Digitized by Panjab Digital Library | www.panjabdigilib.org

ਭਾਈ ਬੁਧ ਸਿੰਘ ਨੂੰ ਖੁਦ ਕਹਿਣ ਕਿ 'ਮੇਰੇ ਕੇਸ ਸਾੜ ਦੇ' ਉਹ ਖਾਲਸਾ ਪੰਥ ਦੇ ਗੁਰੂ ਨਹੀਂ ਹੋ ਸਕਦੇ।

ਤੀਸਰੀ ਗੱਲ ਸੰਤ 'ਇੰਦਰ ਸਿੰਘ ਚਕ੍ਰਵਰਤੀ ਨੇ ਅਤਿ ਦੁਖਦਾਈ ਲਿਖੀ ਹੈ ਕਿ ਬਾਬਾ ਰਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਾੜ ਦਿਤੀ। ਚਕ੍ਰਵਰਤੀ ਜੀ ਲਿਖਦੇ ਹਨ-

ਲੈਕੇ ਬੀੜ ਦਰਬਾਰ ਦੀ ਉਪਰ ਬਾਲਣ ਪਾਇ।
ਸਫਾ ਫੂਹੜੀਆਂ ਵਿਚ ਧਰ, ਤੀਲੀ ਦਿਤੀ ਲਾਇ।

ਮਾਲਵੇਂਦਰ ਪੰਨਾ 27

ਰਣ ਖੇਤਰ ਵਿਚੋਂ ਬੰਦੂਕ ਸੁਟ ਕੇ ਨੱਠਣਾ ਕਾਇਰਤਾ ਹੈ। ਕੇਸ ਸਾੜਨੇ ਕੁਰਹਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਾੜਨੀ ਪਾਪ ਹੈ।

ਇਹ ਤਿੰਨੇ ਗੱਲਾਂ ਸਿੱਖੀ ਆਚਰਣ ਅਤੇ ਰਹਿਣੀ ਦੇ ਬਿਲਕੁਲ ਉਲਟ ਹਨ। ਮਾਨਸਿਕ ਕਮਜ਼ੋਰੀ ਅਤੇ ਨਿਰਾਸਤਾ ਦਾ ਸਬੂਤ ਹਨ। ਬੀੜ ਸਾੜਨ ਦੀ ਕਹਾਣੀ ਇਸ ਲਈ ਜੋੜੀ ਗਈ ਜਾਪਦੀ ਹੈ ਕਿ ਕੂਕਿਆਂ ਵਿਚੋਂ ਗੁਰਬਾਣੀ ਦਾ ਸਤਿਕਾਰ ਕਤਈ ਖਤਮ ਕਰਕੇ ਉਨ੍ਹਾਂ ਨੂੰ ਸ਼ਖਸੀ ਗੁਰੂ ਡਮ ਦੇ ਜਾਲ ਵਿਚ ਵਧੇਰੇ ਜਕੜ ਦਿਤਾ ਜਾਵੇ।

ਪੁਰਾਣੇ ਨਾਮਧਾਰੀ ਬਾਬਾ ਬਾਲਕ ਸਿੰਘ ਜਾਂ ਸ੍ਰੀ ਰਾਮ ਸਿੰਘ ਨੂੰ ਦਸਾਂ ਸਤਿਗੁਰੂਆਂ ਦਾ ਸਿੱਖ ਅਤੇ ਪ੍ਰਚਾਰਕ ਸਮਝਦੇ ਸਨ।

ਇਕ ਪ੍ਰੇਮੀ ਬਾਬਾ ਕੇਸਰ ਸਿੰਘ ਪਿੰਡ ਮਹਾਵਾ (ਅੰਮ੍ਰਿਤਸਰ) ਹੋਏ ਹਨ। ਉਨ੍ਹਾਂ ਨੂੰ ਕੂਕੇ 'ਕੇਸਰ ਕਿਲੀ' ਤੇ ਠਾਕੁਰ ਜੀ ਵੀ ਕਹਿੰਦੇ ਹਨ। ਉਹ ਬੜੇ ਭਜਨ ਬੰਦਗੀ ਵਾਲੇ ਤੇ ਪ੍ਰਭਾਵ-



Digitized by Panjab Digital Library | www.panjabdigilib.org

ਸ਼ਾਲੀ ਵਿਅਕਤੀ ਸਨ ।

ਸੰਨ 1899 ਵਿਚ ਬਾਬਾ ਕੇਸਰ ਸਿੰਘ ਦੀ ਸੰਗਤ ਕਰਕੇ ਪ੍ਰਸਿੱਧ ਦੇਸ਼ ਭਗਤ ਤੇ ਗ਼ਦਰ ਪਾਰਟੀ ਦੇ ਮੁਖੀ ਬਾਬਾ ਸੋਹਣ ਸਿੰਘ ਭਕਨਾ ਦੇ ਜੀਵਨ ਵਿਚ ਪਲਟਾ ਆਇਆ। ਬਾਬਾ ਸੋਹਣ ਸਿੰਘ ਭਕਨਾ ਸ੍ਰੀ ਕੇਸਰ ਸਿੰਘ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ—

'ਬਾਬਾ ਰਾਮ ਸਿੰਘ ਬਾਰੇ ਉਨ੍ਹਾਂ (ਬਾਬਾ ਕੇਸਰ ਸਿੰਘ)ਦਾ ਖਿਆਲ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਸਿੱਖ ਸਨ।'

[ਅਕਾਲੀ ਪ੍ਰਦੇਸੀ 13 ਮਾਰਚ 1930

ਸੰਤ ਬਾਬਾ ਹਰਨਾਮ ਸਿੰਘ ਕਿਲ੍ਹੇ ਵਾਲੇ ਮੁੱਖੀ ਨਾਮਧਾਰੀ ਸਨ। ਉਹ ਦਸਾਂ ਸਤਿਗੁਰੂਆਂ ਦੀ ਅਰਦਾਸ ਕਰਦੇ ਹਨ। ਉਨ੍ਹਾਂ ਦੇ ਪ੍ਰੇਮੀ ਨੀਲੀ ਦਸਤਾਰ ਜਾਂ ਨਿਸ਼ਾਨ ਰਖਦੇ ਹਨ।

ਅੰਗਰੇਜ਼ਾਂ ਵਿਰੁਧ ਜੋ ਮੁੱਖੀ ਲੜੇ ਹਨ ਉਨ੍ਹਾਂ 'ਚ ਸ: ਸ਼ਾਮ ਸਿੰਘ ਅਟਾਰੀ, ਸ: ਚਤਰ ਸਿੰਘ,ਸ: ਸ਼ੇਰ ਸਿੰਘ,ਸ: ਸੂਰਤਸਿੰਘ ਮਜੀਠੀਆ, ਬਾਬਾ ਮਹਾਰਾਜ ਸਿੰਘ, ਬਾਬਾ ਬਿਕ੍ਰਮ ਸਿੰਘ ਬੇਦੀ ਪ੍ਰਸਿੱਧ ਹਨ। ਬਾਬਾ ਰਾਮ ਸਿੰਘ ਨੇ ਫੌਜ ਦੀ ਨੌਕਰੀ ਛੱਡ ਕੇ ਬੰਦਗੀ,ਪ੍ਰਚਾਰ ਤੇ ਸੁਧਾਰ ਦਾ ਕੰਮ ਸ਼ੁਰੂ ਕੀਤਾ। ਜਿਸ ਤੋਂ ਕੂਕਾ ਲਹਿਰ ਦਾ ਜਨਮ ਹੋਇਆ। ਬਾਬਾ ਰਾਮ ਸਿੰਘ ਪਰ ਮਹਾਰਾਜ ਸਿੰਘ ਜੀ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਸੀ। ਇਸ ਲਈ ਮਹਾਰਾਜ ਸਿੰਘ ਦੇ ਸਾਥੀ ਹੀ ਉਨ੍ਹਾਂ ਦੇ ਦੁਆਲੇ ਇਕੱਤ੍ਰ ਹੋਏ।

ਬਾਬਾ ਜੀ ਵਿਸਾਖੀ 'ਤੇ ਦੀਪਮਾਲਾ ਦੇ ਜੋੜ ਮੇਲਿਆਂ ਪਰ ਅੰਮ੍ਰਿਤਸਰ, ਮੁਕਤਸਰ, ਸ੍ਰੀ ਅਨੰਦ ਪੁਰ ਸਾਹਿਬ ਦੀ ਯਾਤਰਾ ਕਰਦੇ ਸਨ। ਭਜਨ ਕੀਰਤਨ ਦੇ ਨਾਲ ਵਿਦੇਸ਼ੀ ਰਾਜ ਵਿਰੁੱਧ



Digitized by Panjab Digital Library | www.panjabdigilib.org

ਵੀ ਪ੍ਰਚਾਰ ਕਰਦੇ ਹਨ। ਗੁਰਦਵਾਰਿਆਂ ਦੇ ਪੁਜਾਰੀਆਂ ਦਾ ਸੁਧਾਰ ਕਰਨਾ ਚਾਹੁੰਦੇ ਸਨ। ਪੁਜਾਰੀ ਉਨ੍ਹਾਂ ਦੇ ਵਿਰੋਧੀ ਸਨ।

ਸੰਮਤ 1919 ਬਿ: ਵਿਚ ਬਾਬਾ ਰਾਮ ਸਿੰਘ ਦਾ ਦੀਪ-ਮਾਲਾ ਦੇ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ, ਸ੍ਰੀ ਅਕਾਲ ਤਖਤ ਹਾਜ਼ਰ ਹੋਏ। 100 ਰੁਪਿਆ ਭੇਟ ਕਰਕੇ ਅਰਦਾਸ ਲਈ ਕਿਹਾ। ਪੁਜਾਰੀਆਂ ਨੇ ਉਨ੍ਹਾਂ ਦੀ ਅਰਦਾਸ ਨਹੀਂ ਕੀਤੀ। ਬਾਬਾ ਜੀ ਨੇ ਪੁਜਾਰੀਆਂ ਨੂੰ ਕਿਹਾ—

'ਅਰਦਾਸ ਜ਼ਰੂਰ ਕਰੋ। ਆਪ ਸਾਨੂੰ ਯਥਾ ਯੋਗ ਤਨ-ਖਾਹ ਲਾਵੋ ਸਾਨੂੰ ਪ੍ਰਵਾਨ ਹੈ। ਪਰ ਪੰਥ ਵਿਚ ਫੁਟ ਨਾ ਪਾਉ ਮੈਂ ਗੁਰੂ ਨਹੀਂ ਮੈਂ ਤਾਂ ਗੁਰੂ ਦਾ ਦਾਸ ਹਾਂ।'

[ਸਤਿਜੁਗ ਬਸੰਤ ਨੰਬਰ ਸੰਮਤ 1986 ਬਿ:

ਬਾਬਾ ਜੀ ਨੇ ਭਾਈ ਰਾਇ ਸਿੰਘ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਭੇਜਿਆ ਤੇ ਹੁਕਮ ਦਿਤਾ—

ਕਹਿਓ ਜਾਉ ਸ੍ਰੀ ਅਬਚਲ ਨਗਰੀ।
ਦਸਮੇਸ਼੍ਵਰ ਕੀ ਰੀਤੀ ਸਗਰੀ।
ਕੁਛਕ ਰੋਜ ਰਹਿ ਕਰ ਤਹਿ ਭਾਈ।
ਲਿਖ ਲਿਆਵੋ ਰੀਤੀ ਸਮੁਦਾਈ।
ਗੁਰੂ ਗਰੰਥ ਕੋ ਸਹਿ ਅਰਥਾਊ।
ਊਹਾਂ ਰਹੋ ਭੋਗ ਸਭ ਪਾਊ।

[ਸ੍ਰੀ ਸਤਿਗੁਰ ਬਿਲਾਸ*

ਇਸ ਤੋਂ ਉਨ੍ਹਾਂ ਦੇ ਮਨੋਭਾਵਾਂ ਦਾ ਪਤਾ ਲਗਦਾ ਹੈ।

---

*ਇਹ ਗ੍ਰੰਥ ਭਾਈ ਧਿਆਨ ਸਿੰਘ ਦੀ ਰਚਨਾ ਹੈ, ਜੋ ਸਵਰਗੀ ਬਾਬਾ ਪ੍ਰਤਾਪ ਸਿੰਘ ਭੈਣੀ ਦੇ ਵਿਦਿਆ ਦਾਤੇ ਸਨ।



Digitized by Panjab Digital Library | www.panjabdigilib.org

ਬਾਬਾ ਰਾਮ ਸਿੰਘ ਨੀਲੇ ਬਸਤ੍ਰ ਸਜਾਂਦੇ ਤੇ ਦਸਤਾਰ ਵਿਚ ਖੰਡਾ ਰਖਦੇ ਸਨ। ਉਨ੍ਹਾਂ ਦੇ ਸਾਥੀ ਨਿਹੰਗ ਹਰਨਾਮ ਸਿੰਘ ਗੜ੍ਹਦੀ ਵਾਲਾ ਜ਼ਿਲਾ ਹੁਸ਼ਿਆਰਪੁਰ ਤੇ ਭਾਈ ਕਾਹਨ ਸਿੰਘ ਵੀ ਨੀਲੇ ਬਸਤ੍ਰ ਤੇ ਸ਼ਸਤ੍ਰ ਰਖਦੇ ਸਨ।

ਇਤਿਹਾਸਕਾਰਾਂ ਦੀ ਰਾਇ ਹੈ ਕਿ ਜਦ ਬਾਬਾ ਜੀ ਹਜ਼ਰੋ ਵਿਚ ਬਾਬਾ ਬਾਲਕ ਸਿੰਘ ਨੂੰ ਮਿਲਕੇ ਵਾਪਸ ਮੁੜੇ, ਉਹ ਰਾਵਲਪਿੰਡੀ ਵਿਚ ਬਾਬਾ ਦਰਬਾਰਾ ਸਿੰਘ ਜੀ ਨਿਰੰਕਾਰੀ ਨੂੰ ਵੀ ਮਿਲੇ। ਬਾਬਾ ਦਰਬਾਰਾ ਸਿੰਘ ਜੀ ਨੇ ਉਨ੍ਹਾਂ ਨੂੰ ਗੁਰਮਤਿ ਅਨੁਸਾਰ ਅਨੰਦ ਕਾਰਜ ਕਰਾਉਣ ਦੀ ਪ੍ਰੇਰਨਾ ਦਿਤੀ। ਕਿਉਂਕਿ ਉਸ ਵਕਤ ਆਮ ਸਿੱਖ ਵੇਦੀ ਨਾਲ ਲਾਵਾਂ ਫੇਰੇ ਕਰਦੇ ਸਨ। ਬਾਬਾ ਰਾਮ ਸਿੰਘ ਨੇ ਹਵਨ ਤੇ ਵੇਦੀ ਗੱਡਣ ਬਾਰੇ ਪੰਡਤਾਂ ਦਾ ਪ੍ਰਭਾਵ ਕਬੂਲ ਕਰ ਲਿਆ।

ਅਸੀਂ ਜੂਨ 1968 ਵਿਚ ਗੁਰਦਵਾਰਾ ਬੰਦੀ ਛੋੜ ਕਿਲ੍ਹਾ ਗਵਾਲੀਅਰ ਦੇ ਦੀਵਾਨ ਪਰ ਗਏ। ਉਥੇ ਥਾਣਾ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਸ: ਬਖਸ਼ੀਸ਼ ਸਿੰਘ ਨੇ ਦਸਿਆ ਕਿ ਮੇਰੇ ਪਿਤਾ ਨਾਮਧਾਰੀ ਸਨ। ਉਨ੍ਹਾਂ ਨੇ ਬਾਬਾ ਰਾਮ ਸਿੰਘ ਤੋਂ ਅੰਮ੍ਰਿਤ ਛਕਿਆ ਸੀ।

ਇਕ ਵੇਰ ਬਾਬਾ ਜੀ ਸਾਡੇ ਪਿੰਡ ਆਏ। ਉਥੇ ਇਕ ਆਨੰਦ ਕਾਰਜ ਕਰਵਾਉਣਾ ਚਾਹੁੰਦੇ ਸਨ। ਪੰਡਤਾਂ ਨੇ ਲੜਾਈ ਝਗੜਾ ਕੀਤਾ। ਉਸਨੂੰ ਖਤਮ ਕਰਨ ਲਈ ਅਖੀਰ ਵਿਚ ਬਾਬਾ ਜੀ ਨੇ ਕਿਹਾ-'ਅਸੀਂ ਵੇਦੀ ਤੇ ਹਵਨ ਪੰਡਤਾਂ ਦਾ ਮੰਨ ਲੈਂਦੇ ਹਾਂ। ਉਹ ਗੁਰਬਾਣੀ ਦੀਆਂ ਚਾਰ ਲਾਵਾਂ ਪੜ੍ਹਨੀਆਂ ਮੰਨ ਲੈਣ।'



Digitized by Panjab Digital Library | www.panjabdigilib.org

[ਗਿਆਨ ਅੰਮ੍ਰਿਤ ਅਗਸਤ 1968 ਪੰਨਾ 38

ਉਨ੍ਹਾਂ ਨੇ ਮੰਨ ਲਈਆਂ। ਕੂਕਿਆਂ ਵਿਚ ਹਵਨ ਕਰਨਾ ਵੇਦੀ ਗੱਡਣੀ ਤੇ ਜ਼ਾਤ ਪਾਤ ਛੂਤ ਛਾਤ ਮੰਨਣੀ ਪੁਰਾਤਨਤਾ ਨਾਲ ਸਮਝੌਤਾ ਕਰ ਲੈਣ ਦਾ ਨਤੀਜਾ ਹਨ।

ਮਨੌਤ ਹੈ ਕਿ ਬਾਬਾ ਰਾਮ ਸਿੰਘ ਨੇ ਫੌਜ ਵਿਚ ਭਰਤੀ ਹੋਣ ਸਮੇਂ ਬਾਬਾ ਮਹਾਰਾਜ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਜੋ ਬੜੇ ਇਨਕਲਾਬ ਪਸੰਦ ਸਨ। ਜਿਨਾਂ ਨੇ ਵਿਦੇਸ਼ੀ ਰਾਜ ਵਿਰੁਧ ਅਤੁੱਟ ਸੰਗਰਾਮ ਕੀਤਾ। ਚੂੰਕਿ ਬਾਬਾ ਬਾਲਕ ਸਿੰਘ ਸਿਆਸੀ ਰੁਚੀ ਦੇ ਨਹੀਂ ਸਨ। ਇਸ ਲਈ ਉਨ੍ਹਾਂ ਨੇ ਸ੍ਰੀ ਰਾਮ ਸਿੰਘ ਨੂੰ ਭਜਨ ਬੰਦਗੀ ਦੀ ਹੀ ਵਧੇਰੇ ਪ੍ਰੇਰਨਾ ਕੀਤੀ। ਮਸਲਹਤਨ ਆਪ ਨੇ ਉਸੇ ਮਾਰਗ ਨੂੰ ਅਪਣਾਇਆ। ਇਸ ਲਈ ਆਪ ਦੇ ਸਤਿਸੰਗੀਆਂ ਦਾ ਨਾਮ ਨਾਮਧਾਰੀ ਪ੍ਰਚਲਤ ਹੋਇਆ। ਫਿਰ ਕੁਝ ਲੋਕ ਸ਼ਬਦ ਕੀਰਤਨ ਵਿਚ ਕੂਕਾਂ ਮਾਰਨ ਤੇ ਨਚਣ ਲੱਗ ਪਏ,ਜਿਸ ਤੋਂ 'ਕੂਕਾ'ਸ਼ਬਦ ਪ੍ਰਸਿੱਧ ਹੋਇਆ। ਭਾਈ ਕਾਹਨ ਸਿੰਘ ਵਾਂਗ ਗਿਆਨੀ ਗਿਆਨ ਸਿੰਘ ਨੇ ਵੀ ਇਹੀ ਲਿਖਿਆ ਹੈ-

'ਸਹੀ ਨਾਮਧਾਰੀ ਆਹਿ ਤਿਨਕੋ ਉਚਾਰੀ,
ਕੂਕੇ ਮਾਰਨੇ ਤੇ ਕੂਕੇ ਜਗਤ ਬਖਾਨ ਹੈਂ।'

ਉਸ ਵਕਤ ਅੰਗਰੇਜ਼ ਕਿਸੇ ਮੁੱਖੀ ਦੁਆਲੇ ਸਿੱਖਾਂ ਦਾ ਇਕੱਤ੍ਰ ਹੋਣਾ ਖਤਰਨਾਕ ਸਮਝਦੇ ਸਨ। ਇਹ ਲਈ ਉਨਾਂ ਨੇ ਬਾਬਾ ਰਾਮ ਸਿੰਘ ਜੀ ਨਾਲ ਸੀ. ਆਈ. ਡੀ. ਦੇ ਅਜਿਹੇ ਬੰਦੇ ਲਾ ਦਿਤੇ, ਜਿਹੜੇ ਉਨਾਂ ਨੂੰ ਦਸਮੇਸ਼ ਜੀ ਦਾ ਅਵਤਾਰ ਅਤੇ ਖਾਲਸਾ ਪੰਥ ਦਾ ਬਾਹਰਵਾਂ ਗੁਰੂ ਪ੍ਰਗਟ ਕਰਨ। ਇਸ ਦਾ



Digitized by Panjab Digital Library | www.panjabdigilib.org

ਮਕਸਦ ਇਹ ਸੀ ਕਿ ਸਿੱਖਾਂ 'ਚ ਵਿਰੋਧਤਾ ਹੋਵੇ। ਪ੍ਰਿਥੀ ਚੰਦ, ਧੀਰ ਮਲ, ਰਾਮ ਰਾਇ, ਸੋਢੀ ਗੁਲਾਬ ਰਾਇ, ਬਾਬਾ ਬੰਦਾ ਬਹਾਦਰ ਆਦਿਕ ਕਿਸੇ ਦੀ ਗੁਰਤਾ ਨਹੀਂ ਚਲੀ। ਭਾਈ ਰਤਨ ਸਿੰਘ ਭੰਗੂ ਦੀ ਇਹ ਲਿਖਤ ਉਨ੍ਹਾਂ ਦੇ ਸਾਹਮਣੇ ਸੀ-

ਬੰਦੇ ਕਿਹਾ ਹਮ ਆਪੇ ਗੁਰੂ,
ਹਮਰੈ ਪਾਛੇ ਸਭ ਲਗ ਤੁਰੂ।
ਤਬ ਸਿੰਘਨ ਇਹ ਮਤਾ ਮਤਾਯੋ।
ਇਸਕਾ ਮਰਨ ਨਿਕਟ ਹੋਇ ਆਯੋ।

ਅਸੀਂ 1938 ਤੋਂ 1948 ਈ: ਤੀਕ ਦਸ ਸਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਮੀਤ ਜਥੇਦਾਰ ਤੇ ਚਾਰ ਸਾਲ ਜਥੇਦਾਰ ਵੀ ਰਹੇ ਹਾਂ। ਸ੍ਰੀ ਅਕਾਲ ਤਖਤ ਸਾਹਿਬ ਦੇ ਪੁਰਾਣੇ ਪੁਜਾਰੀਆਂ ਵਿਚੋਂ ਇਕ ਭਾਈ ਨਰਾਇਣ ਸਿੰਘ ਪੁਜਾਰੀ ਸਨ। ਜਿਨਾਂ ਨੂੰ ਅਕਾਲੀ ਲਹਿਰ ਦੇ ਪਿਛੋਂ ਵੀ ਤਖਤ ਸਾਹਿਬ ਵਲੋਂ ਰੋਜ਼ੀਨਾ ਮਿਲਦਾ ਰਿਹਾ। ਉਹ ਦਸਦੇ ਸਨ ਕਿ ਇਕ ਵੇਰ ਬਾਬਾ ਰਾਮ ਸਿੰਘ ਸ੍ਰੀ ਅਕਾਲ ਤਖਤ ਆਏ। ਮੈਂ ਬਚਪਨ ਵਿਚ ਉਨ੍ਹਾਂ ਦੇ ਦਰਸ਼ਨ ਕੀਤੇ ਹਨ। ਉਹ ਨੀਲੇ ਬਸਤ੍ਰ ਪਹਿਨਦੇ ਤੇ ਸ਼ਸਤਰ ਰਖਦੇ ਸਨ। ਪੁਜਾਰੀਆਂ ਦਾ ਸੁਧਾਰ ਕਰਨਾ ਚਾਹੁੰਦੇ ਸਨ। ਸ੍ਰਕਾਰ ਅੰਗਰੇਜ਼ੀ ਨੇ ਉਨਾਂ ਨਾਲ ਕਈ ਸੀ. ਆਈ. ਡੀ. ਦੇ ਬੰਦੇ ਛੱਡੇ ਹੋਏ ਸਨ, ਜਿਹੜੇ ਉਨਾਂ ਨੂੰ ਸਤਿਗੁਰੂ ਕਹਿੰਦੇ ਹਨ। ਇਕ ਸੀ. ਆਈ. ਡੀ. ਦਾ ਬੰਦਾ ਬਾਬੇ ਜੀ ਦੇ ਮੇਜ ਹੇਠ ਵੜਕੇ ਸੌਂਦਾ ਸੀ। ਹਰ ਵੇਲੇ ਨਾਲ ਰਹਿੰਦਾ ਤੇ ਮੁੱਖ ਸੇਵਾਦਾਰ ਸੀ। ਜਿਸ ਵਕਤ ਬਾਬਾ ਰਾਮ ਸਿੰਘ ਨੂੰ ਅੰਗਰੇਜ਼ਾਂ ਨੇ ਜਲਾਵਤਨ ਕੀਤਾ, ਉਸ ਵਕਤ ਉਹ ਸੀ. ਆਈ. ਡੀ: ਦਾ ਬੰਦਾ 'ਬਾਬਾ



Digitized by Panjab Digital Library | www.panjabdigilib.org

ਜੀ ਮੇਰੀ ਸੇਵਾ ਪੂਰੀ ਹੋ ਗਈ ਹੈ, ਆਖ ਕੇ ਪਿਛਾਹਾਂ ਪਰਤ ਆਇਆ।

ਇਸ ਤਰ੍ਹਾਂ ਸ੍ਰਕਾਰੀ ਬੰਦਿਆਂ ਨੇ ਬਾਬਾ ਰਾਮ ਸਿੰਘ ਦੀ ਗੁਰਤਾ ਦਾ ਪ੍ਰਾਪੇਗੰਡਾ ਕਰਕੇ ਸਿੱਖਾਂ ਵਿਚ ਉਨ੍ਹਾਂ ਦੀ ਪੋਜ਼ੀਸ਼ਨ ਖਰਾਬ ਕਰਨ ਦਾ ਜਤਨ ਕੀਤਾ।

ਦੂਜੇ ਪਾਸੇ ਗੁਰਦਵਾਰਿਆਂ ਦੇ ਪੁਜਾਰੀ ਅਤੇ ਮਹੰਤ ਵੀ ਸ੍ਰਕਾਰ ਅੰਗਰੇਜ਼ੀ ਦੇ ਪ੍ਰਭਾਵ ਹੇਠ ਸਨ। ਉਨ੍ਹਾਂ ਨੂੰ ਵੀ ਅੰਗਰੇਜ਼ਾਂ ਨੇ ਬਾਬਾ ਜੀ ਵਿਰੁਧ ਵਰਤਿਆ। ਉਨ੍ਹਾਂ ਤੋਂ ਇਹ ਅਖਵਾਇਆ 'ਬਾਬਾ ਰਾਮ ਸਿੰਘ ਆਪਣੇ ਆਪ ਨੂੰ ਗੁਰੂ ਦਸਦਾ ਹੈ, ਇਸ ਲਈ ਅਸੀਂ ਇਸ ਦੀ ਅਰਦਾਸ ਨਹੀਂ ਕਰਨੀ।'

ਇਸ ਤਰ੍ਹਾਂ ਕੁਟਲ ਨੀਤੀਵਾਨ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੁਪਾਸੜ ਕੁੜਿਕੀ ਵਿਚ ਫਸਾ ਕੇ ਖਤਮ ਕਰਨ ਦਾ ਜਤਨ ਕੀਤਾ। ਭੋਲੇ ਭਾਲੇ ਕੂਕੇ ਅੰਗਰੇਜ਼ਾਂ ਦੇ ਤਣੇ ਹੋਏ ਗੁਰੂ ਡਮ ਦੇ ਜਾਲ 'ਚ ਫਸ ਗਏ। ਜਿਸ ਦਾ ਨਤੀਜਾ ਇਹ ਹੋਇਆ ਕੂਕਾ ਲਹਿਰ ਦੀ ਪੋਜ਼ੀਸ਼ਨ ਸਿੱਖਾਂ ਵਿਚ ਖਰਾਬ ਹੋਈ।

ਬਾਬਾ ਜੀ ਰਾਜਨੀਤਕ ਹੋਣ ਦੀ ਨਿਸਬਤ ਵਧੇਰੇ ਧਾਰਮਿਕ ਰੁਚੀ ਦੇ ਅਤੇ ਸੁਧਾਰਕ ਸਨ। ਪਰ ਨਵੀਨ ਕੂਕੇ ਲਿਖਾਰੀ ਉਨ੍ਹਾਂ ਨੂੰ ਸਭ ਤੋਂ ਵੱਡਾ ਦੇਸ਼ ਭਗਤ ਅਤੇ ਸਵਰਾਜ ਦੀ ਸ਼ਮ੍ਹਾਂ ਦਸਦੇ ਹਨ, ਇਹ ਦਰੁਸਤ ਨਹੀਂ ਹੈ। ਸੰਤ ਇੰਦਰ ਸਿੰਘ ਚਕ੍ਰਵਰਤੀ ਆਪਣੀ ਪੁਸਤਕ 'ਮਾਲਵੇਂਦਰ' ਵਿਚ ਬਾਬਾ ਜੀ ਬਾਰੇ ਲਿਖਦੇ ਹਨ-

1. ਜਿੰਨਾਂ ਚਿਰ ਅੰਗਰੇਜ਼ਾਂ ਨੂੰ ਦੇਸੋਂ ਲਵਾਂ ਨਾ ਕਢ।
ਟਿਕ ਕੇ ਬੈਠਾਂ ਨਾਂ ਕਦੀ ਇਕ ਥਾਂ ਡੇਰੇ ਗੱਡ। [ਸਫਾ 40



Digitized by Panjab Digital Library | www.panjabdigilib.org

2. ਬਿਲੇ ਕਢਣੇ ਦੇਸ਼ ਚੋਂ ਲੈਣਾ ਆਪਣਾ ਰਾਜ।
ਜਾਂ ਹੁਣ ਗੋਰੇ ਰਹਿਣਗੇ ਜਾਂ ਵਸਾਂਗੇ ਆਪ।
[ਮਾਲਵੇਂਦਰ ਸਫਾ 163

3. ਦਿਲ ਵਿਚ ਇਛਾ ਰਖਣੀ ਲੈਣਾ ਆਪਣਾ ਰਾਜ।
ਹੋਇ ਹਕੂਮਤ ਆਪਣੀ ਆਪਣਾ ਹੋਇ ਸਮਾਜ।
ਗੋਰੇ ਦੇਸ਼ ਚੋਂ ਕਢਕੇ ਕਰਨਾ ਦੇਸ਼ ਆਜ਼ਾਦ।
[ਸਫਾ 171

ਵਿਦੇਸ਼ੀ ਰਾਜ ਵਿਚ ਅਸਲ ਪਹਿਲੀ ਲੜਾਈ 1857 ਦਾ ਗ਼ਦਰ ਸੀ, ਜਿਸ ਵਿਚ ਰਾਣੀ ਝਾਂਸੀ, ਤਾਂਤੀ ਟੋਪੀਆ ਅਤੇ ਕੰਵਰ ਸਿੰਘ (ਬਕਸਰ) ਨੇ ਅਗਵਾਈ ਕੀਤੀ। ਪਰ ਕਈ ਕਾਰਨਾਂ ਕਰਕੇ ਗ਼ਦਰ ਸਫ਼ਲ ਨਾ ਹੋਇਆ। ਉਸ ਤੋਂ ਬਾਅਦ ਪੰਜਾਬ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਸਨ, ਜੋ ਗ਼ਦਾਰਾਂ ਦੀ ਮਿਹਰਬਾਨੀ ਨਾਲ ਹਾਰ ਦੇ ਰੂਪ ਵਿਚ ਬਦਲ ਗਈਆਂ।

ਬਾਬਾ ਰਾਮ ਸਿੰਘ ਨੇ ਤਾਂ ਸਿੱਖਾਂ ਨੂੰ ਧਾਰਮਿਕ ਰੰਗਤ ਵਿਚ ਉਭਾਰਨ ਦਾ ਜਤਨ ਕੀਤਾ ਹੈ। ਕਿਹਾ ਜਾਂਦਾ ਹੈ ਕਿ ਬਾਬਾ ਰਾਮ ਸਿੰਘ ਨੇ ਸੁਦੇਸ਼ੀ ਦਾ ਪ੍ਰਚਾਰ ਕੀਤਾ। ਪਰ ਉਸਦਾ ਅਸਰ ਵੀ ਮੁੱਠੀ ਭਰ ਕੂਕਿਆਂ ਤਕ ਸੀਮਤ ਰਿਹਾ। ਸੁਦੇਸ਼ੀ ਦਾ ਸਹੀ ਪ੍ਰਚਾਰ ਤਾਂ ਸੰਨ 1907 ਵਿਚ ਤਕਸੀਮ ਬੰਗਲਾ ਦੇ ਵਿਰੁੱਧ ਅੰਦੋਲਨ ਸਮੇਂ ਹੋਇਆ ਜ਼ਾਂ 1921 ਵਿਚ ਮਹਾਤਮਾ ਗਾਂਧੀ ਅਤੇ ਕਾਂਗਰਸ ਨੇ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਜੀ ਨੇ ਅੰਗਰੇਜ਼ੀ ਤਾਲੀਮ ਦਾ ਬਾਈਕਾਟ ਕੀਤਾ। 1971-72 ਵਿਚ ਪੰਜਾਬ ਅੰਦਰ ਕੋਈ ਬਹੁਤੇ ਅੰਗਰੇਜ਼ੀ ਸਕੂਲ



Digitized by Panjab Digital Library | www.panjabdigilib.org

ਕਾਲਜ ਵੀ ਨਹੀਂ ਸਨ । ਖਾਲਸਾ ਕਾਲਜ ਸੰਨ 1892 ਵਿਚ ਬਣਿਆ ਹੈ ।

ਬਾਬਾ ਜੀ ਨੇ ਜਿਹੜੇ ਬਾਈ ਸੂਬੇ ਨੀਯਤ ਕੀਤੇ ਸਨ, ਉਸ ਪ੍ਰਚਾਰਕ ਸਨ । ਕੋਈ ਇਲਾਕਾ ਜਾਂ ਸੂਬਾ ਤਾਂ ਉਨ੍ਹਾਂ ਦੇ ਕੋਲ ਨਹੀਂ ਸੀ । ਸੂਬੇ ਕਾਹਦੇ ਬਨਾਉਣੇ ਸਨ ? ਜਿਸ ਤਰ੍ਹਾਂ ਨਿਹੰਗ ਸਿੰਘ ਲੰਗੜੇ ਨੂੰ ਸੁਚਾਲਾ, ਕਾਣੇ ਨੂੰ ਪੰਜੱਖਾ ਤੇ ਅੰਨ੍ਹੇ ਨੂੰ ਸੂਰਮਾ ਸਿੰਘ ਕਹਿੰਦੇ ਹਨ, ਇਸੇ ਤਰ੍ਹਾਂ ਬਾਬਾ ਜੀ ਵੀ ਆਪਣੇ ਪ੍ਰਚਾਰਕਾਂ ਸੂਬੇ ਕਹਿੰਦੇ ਸਨ ।

ਬਾਬਾ ਰਾਮ ਸਿੰਘ ਨੇ ਫ਼ੌਜ ਦੀ ਨੌਕਰੀ ਛਡਣ ਉਪ੍ਰੰਤ ਸੰਨ 1846 ਤੋਂ ਲੈ ਕੇ 1871 ਈ: ਤੀਕ ਚਵ੍ਹੀ ਪੰਝੀ ਸਾਲ ਜੋ ਪ੍ਰਚਾਰ ਕੀਤਾ, ਉਸਦਾ ਨਤੀਜਾ ਗਊ ਰਖਿਆ ਅੰਦੋਲਨ ਦੇ ਰੂਪ ਵਿਚ ਨਿਕਲਿਆ । ਕੂਕਿਆਂ ਨੇ ਜੂਨ ਸੰਨ 1871 'ਚ ਪਹਿਲੇ ਗਊ ਰਖਿਆ ਲਈ ਅੰਮ੍ਰਿਤਸਰ ਵਿਚ ਤੇ ਫਿਰ ਰਾਇ ਕੋਟ ਦੇ ਕੁਝ ਮੁਸਲਮਾਨ ਬੁਚੜ, ਉਨ੍ਹਾਂ ਦੀਆਂ ਔਰਤਾਂ ਅਤੇ ਬਚੇ ਵੱਢੇ ।* ਪਰ ਕਿਸੇ ਗੋਰੇ ਉਤੇ ਹਮਲਾ ਨਹੀਂ ਕੀਤਾ । ਇਹ ਇਤਿਹਾਸਕ ਵਾਰਤਾ ਹੈ ਕਿ ਜਦ ਅੰਗਰੇਜ਼ਾਂ ਦਾ ਪੰਜਾਬ ਵਿਚ ਦਖਲ ਹੋਇਆ, ਉਸ ਵਕਤ ਹੈਨਰੀ ਲਾਰੰਸ ਰੈਜ਼ੀਡੈਂਟ ਲਾਹੌਰ ਨੇ ਅੰਮ੍ਰਿਤਸਰ ਨੂੰ ਗੁਰੂ ਕੀ ਨਗਰੀ ਸਮਝਕੇ ਇਸ ਵਿਚ ਗਊ ਬਧ ਦੀ ਮਨਾਹੀ ਲਈ ਪਟਾ ਲਿਖਿਆ, ਜੋ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇ ਖਾਨੇ ਵਿਚ ਮੌਜੂਦ ਹੈ । ਪਰ 20 ਮਈ 1849 ਨੂੰ ਗਵਰਨਰ ਜਨਰਲ ਨੇ

*ਦੇਖੋ ਕੂਕਾ ਅਊਟ ਬਰੇਕ, ਕੂਕਾ ਪੇਪਰਜ਼, ਕੂਕਿਆਂ ਦੀ ਵਿਥਿਆ ਡਾਕਟਰ ਗੰਡਾ ਸਿੰਘ ਪੰਨਾ 136 ।

ਉਹ ਹੁਕਮ ਵਾਪਸ ਲੈ ਲਿਆ। ਬੁਚੱੜਾਂ ਨੂੰ ਗਊਬੱਧ ਕਰਨ ਦੀ ਆਗਿਆ ਦਿਤੀ। ਇਹ ਉਨ੍ਹਾਂ ਦੀ ਫਿਰਕੂ ਲੜਾਈ ਖੜੀ ਕਰਾਉਣ ਦੀ ਚਾਲ ਸੀ। ਕੂਕਿਆਂ ਨੇ 14-15 ਜੂਨ ਸੰਨ 1871 ਨੂੰ ਅੰਮ੍ਰਿਤਸਰ 'ਚ ਬੂਚੜ ਵੱਢੇ। ਮਿ: ਕ੍ਰਿਸਟੀ ਨੇ ਝੂਠਾ ਕੇਸ ਬਣਾਇਆ, ਜਿਸ 'ਚ ਬੇਗੁਨਾਹ ਲੋਕਾਂ ਨੂੰ ਫਸਾਇਆ ਗਿਆ। ਬਾਬਾ ਰਾਮ ਸਿੰਘ ਜੀ ਨੇ ਆਪਣੀ ਸੰਗਤ ਵਿਚ ਕਿਹਾ-'ਜਿਨ੍ਹਾਂ ਨੇ ਬੂਚੜ ਵੱਢੇ ਹਨ, ਉਹ ਪ੍ਰਗਟ ਹੋ ਜਾਣ। ਉਹ ਸਾਹਮਣੇ ਆ ਗਏ।' ਕ੍ਰਿਸਟੀ ਦਾ ਕੇਸ ਫੇਲ੍ਹ ਹੋ ਗਿਆ। ਚਾਰ ਨਾਮਧਾ-ਰੀਆਂ ਨੂੰ ਰਾਮ ਬਾਗ ਅੰਮ੍ਰਿਤਸਰ ਦੇ ਇਕ ਬੋਹੜ ਨਾਲ ਫਾਂਸੀ ਦਿਤੀ ਗਈ। 14 ਜਨਵਰੀ 1872 ਨੂੰ ਕੂਕਿਆਂ ਨੇ ਮਲੋਧਪੁਰ ਹੱਲਾ ਕੀਤਾ। 15 ਜਨਵਰੀ ਸੰਨ 1872 ਨੂੰ ਕੂਕਿਆਂ ਨੇ ਮਲੇਰ ਕੋਟਲੇ ਪਰ ਹਮਲਾ ਕੀਤਾ। ਉਥੇ ਵੀ ਠੁਕਵੀਂ ਲੜਾਈ ਹੋਈ। ਸੁਆਦਲੀ ਗੱਲ ਹੈ ਕਿ ਹਮਲਾ ਕਰਨ ਸਮੇਂ ਮਸਤਾਨਿਆਂ ਕੋਲ ਲਾਠੀਆਂ ਅਤੇ ਟਕੂਇਆਂ ਤੋਂ ਬਿਨਾਂ ਕੋਈ ਹਥਿਆਰ ਨਹੀਂ ਸੀ। ਚਕ੍ਰਵਰਤੀ ਜੀ ਇਸ ਬਾਰੇ ਲਿਖਦੇ ਹਨ-

'ਪਹਿਲਾਂ ਸੋਧੋ ਕੋਟਲਾ ਫਿਰ ਨਾ ਨਾਭਾ ਦੂਰ।
ਕਾਬੂ ਕਰ ਕੇ ਏਸ ਨੂੰ ਚਲ ਵੜੀਏ ਸੰਗਰੂਰ।
ਫਿਰ ਪਟਿਆਲੇ ਵਿਚ ਜਾ, ਉਸਨੂੰ ਲਓ ਸੰਭਾਲ।
ਅੰਗਰੇਜ਼ਾਂ ਨੂੰ ਕੱਢ ਕੇ, ਕਰੀਏ ਦੇਸ ਬਹਾਲ।

[ਮਾਲਵੇਂਦਰ ਪੰਨਾ 327

ਰਾਇਕੋਟ ਵਿਚ ਤਿੰਨ ਕੂਕੇ ਮਾਰੇ ਗਏ ਸਨ।(ਸਤਿਜੁਗ 9 ਭਾਦਰੋਂ 2029 ਬਿ:) ਮਲੋਧ ਤੇ ਮਲੇਰ ਕੋਟਲੇ ਵਿਚ ਗੜ ਬੜ ਕਰਨ ਪਰ ਮਿ:ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ 50



Digitized by Panjab Digital Library | www.panjabdigilib.org

ਕੂਕੇ ਤੋਪਾਂ ਨਾਲ ਉਡਵਾ ਦਿਤੇ। ਮਿ: ਫੌਰਸਾਈਥ ਕਮਿਸ਼ਨਰ ਨੇ ਸੋਲਾਂ ਨੂੰ ਮਰਵਾਇਆ। ਬਾਬਾ ਰਾਮ ਸਿੰਘ 17-18 ਜਨਵਰੀ ਦੀ ਰਾਤ ਨੂੰ ਲੁਧਿਆਣੇ ਪੁੱਜ ਗਏ, ਉਨ੍ਹਾਂ ਨੂੰ ਪੰਜ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਬਰਮਾ ਵਿਚ ਜਲਾਵਤਨ ਕੀਤਾ ਗਿਆ। ਸੰਨ 1855 ਈ: ਵਿਚ ਮੋਲ ਮੀਨ (ਬਰਮਾ) ਵਿਚ ਹੀ ਬਾਬਾ ਜੀ ਦਾ ਦੇਹਾਂਤ ਹੋਇਆ। ਜਿਸਨੂੰ ਕੂਕੇ ਮੰਨਣ ਤੋਂ ਇਨਕਾਰੀ ਹਨ।

ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਜੋ ਅਜ ਕਲ ਚੱਕ ਮਝਾ ਸਿੰਘ ਤਹਿਸੀਲ ਬਟਾਲਾ ਵਿਚ ਨਿਵਾਸ ਕਰਦੇ ਹਨ,ਉਹ ਉਹ ਪੁਰਾਣੇ ਨਾਮਧਾਰੀ ਆਗੂ ਹਨ। ਉਨ੍ਹਾਂ ਨੇ ਕੂਕਾ ਡਮ ਤੋਂ ਇਕ ਬਿਨਾ ਪਰ ਬਗਾਵਤ ਕੀਤੀ ਹੈ। ਉਨ੍ਹਾਂ ਦੀ ਰਾਇ ਹੈ ਕਿ ਜੇ ਬਾਬਾ ਰਾਮ ਸਿੰਘ ਜ਼ਿੰਦਾ ਹਨ ਤਾਂ ਉਨ੍ਹਾਂ ਦੀ ਮੌਜੂਦਗੀ 'ਚ ਕਿਸੇ ਹੋਰ ਗੁਰੂ ਦੀ ਲੋੜ ਨਹੀਂ। ਜੇ ਉਹ ਨਹੀਂ ਤਾਂ ਸੰਗਤਾਂ ਨੂੰ ਇਹ ਟਪਲਾ ਨਹੀਂ ਦੇਣਾ ਚਾਹੀਦਾ ਕਿ ਬਾਬਾ ਜੀ ਜ਼ਿੰਦਾ ਹਨ। ਮੁਸਲਮਾਨ ਬੁਚੜਾਂ ਨੂੰ ਮਾਰਨ ਦਾ ਅਸਰ ਇਹ ਹੋਇਆ ਕਿ ਕੂਕਾ ਲਹਿਰ ਇਕ ਫਿਰਕੂ ਤੇ ਮਜ਼ਬੀ ਰੰਗਤ ਮਖਤਿਆਰ ਕਰ ਗਈ। ਪੰਜਾਬ ਦੇ ਮੁਸਲਮਾਨਾਂ ਨੇ ਇਹ ਸਮਝਿਆ ਕਿ ਇਹ ਲਹਿਰ ਉਨ੍ਹਾਂ ਦੇ ਵਿਰੁਧ ਹੈ। ਹਿੰਦੂਆਂ ਨੇ ਇਸ ਵਿਚ ਕੋਈ ਖੁਲ੍ਹੀ ਮਦਦ ਨਾ ਕੀਤੀ। ਅੰਗਰੇਜ਼ਾਂ ਨੇ ਸਖਤੀ ਕਰਕੇ ਲੋਕਾਂ ਨੂੰ ਡਰਾ ਦਿਤਾ ਸੀ।

ਸਿੱਖਾਂ ਵਿਚ ਸੀ. ਆਈ. ਡੀ. ਅਤੇ ਅੰਗਰੇਜ਼ ਦੇ ਪਿੱਠੂ ਜਿਨਾਂ ਨੇ ਬਾਬਾ ਰਾਮ ਸਿੰਘ ਦੇ ਆਲੇ ਦੁਆਲੇ ਘੇਰਾ ਘਤਿਆ ਹੋਇਆ ਸੀ, ਉਨ੍ਹਾਂ ਨੇ ਦਸਮੇਸ਼ ਜੀ ਦਾ ਅਵਤਾਰ ਤੇ ਬਾਹਰਵੀ



Digitized by Panjab Digital Library | www.panjabdigilib.org

ਗੁਰੂ ਸਦਵਾਉਣ ਦਾ ਪ੍ਰਾਪ੍ਰੈਗੰਡਾ ਕਰਕੇ ਸਿੱਖ ਜਨਤਾ ਦੀ ਹਮਦਰਦੀ ਕੂਕਿਆਂ ਨਾਲੋਂ ਹਟਾ ਦਿਤੀ।

ਸਿੱਖ ਰਿਆਸਤਾਂ ਨਾਭਾ, ਪਟਿਆਲਾ, ਸੰਗਰੂਰ ਆਦਿਕ ਨੇ ਕੂਕਾ ਲਹਿਰ ਨੂੰ ਆਪਣਾ ਵਿਰੋਧੀ ਸਮਝਿਆ।

ਸਮੁੱਚੇ ਦੇਸ਼ ਵਿਚ ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਜਾਂ ਕੂਕਾ ਲਹਿਰ ਦਾ ਕੋਈ ਪ੍ਰਭਾਵ ਨਹੀਂ ਸੀ। ਇਹ ਲਈ ਅੰਗ-ਰੇਜ਼ਾਂ ਨੇ ਬੜੀ ਕੁਟਲ ਨੀਤੀ, ਡਿਪਲੋਮੇਸੀ ਅਤੇ ਤਾਕਤ ਨਾਲ ਕੂਕਾ ਲਹਿਰ ਨੂੰ ਖਤਮ ਕਰ ਦਿਤਾ।

ਸ੍ਰੀ ਬਾਬਾ ਰਾਮ ਸਿੰਘ ਨੇ ਸੰਨ 1846 ਵਿਚ ਲਾਹੌਰ ਦਰਬਾਰ ਦੀ ਭੈੜੀ ਹਾਲਤ ਵੇਖਕੇ ਗੁਸੇ, ਨਫ਼ਰਤ ਅਤੇ ਨਿਰਾ-ਸਤਾ ਨਾਲ ਫ਼ੌਜ ਦੀ ਨੌਕਰੀ ਛੱਡੀ ਸੀ। ਪਰ ਪੰਜੀਹ ਸਾਲ ਕੰਮ ਕਰਨ ਦੇ ਬਾਅਦ ਵੀ ਉਨ੍ਹਾਂ ਨੂੰ ਆਪਣਾ ਅਤੇ ਕੂਕਾ ਲਹਿਰ ਦਾ ਦਰਦਨਾਕ ਅੰਤ ਦੇਖਣਾ ਪਿਆ।

ਬਾਬਾ ਜੀ ਨੇ ਬਰਮਾ ਤੋਂ ਜੋ ਚਿਠੀਆਂ ਆਪਣੇ ਭਾਈ ਬੁਧ ਸਿੰਘ ਜਾਂ ਪ੍ਰੇਮੀਆਂ ਨੂੰ ਲਿਖੀਆਂ ਹਨ, ਉਨ੍ਹਾਂ ਤੇ ਅਤਿ ਨਿਰਾਸਤਾ ਪ੍ਰਗਟ ਹੁੰਦੀ ਹੈ। ਉਨ੍ਹਾਂ ਵਿਚੋਂ ਕੁਝਨਾਂ ਦਾ ਉਤਾਰਾ, ਨਾਮਧਾਰੀਆਂ ਵਿਚ ਆਈਆਂ ਤਬਦੀਲੀਆਂ ਅਤੇ ਗੁਰੂ ਡਮ ਵਿਰੁੱਧ ਉਭਰ ਰਹੀ ਬਗਾਵਤ ਦਾ ਵਰਣਨ ਅਗਲੇ ਅੰਤਮ ਕਾਂਡ ਵਿਚ ਕੀਤਾ ਗਿਆ ਹੈ।



Digitized by Panjab Digital Library | www.panjabdigilib.org

# ੮.

# ਕਿਤਨੀ ਤਬਦੀਲੀ ਆਈ ?

ਪਿਛੇ ਅਸੀਂ ਕੂਕਾ ਲਹਿਰ ਦੇ ਆਦਿ ਅੰਤ ਅਤੇ ਉਸਦੇ ਅਸਫਲ ਹੋਣ ਦੇ ਕਾਰਨਾਂ ਪਰ ਸੰਖੇਪ ਵਿਚਾਰ ਕਰ ਆਏ ਹਾਂ। ਹੁਣ ਬਾਬਾ ਰਾਮ ਸਿੰਘ ਜੀ ਦੀ ਜਲਾਵਤਨੀ ਦੇ ਬਾਅਦ ਜੋ ਤਬਦੀਲੀ ਆਈ, ਉਸ ਪਰ ਵਿਚਾਰ ਕਰਦੇ ਹਾਂ—

ਭਰਥਰੀ ਨੇ ਲਿਖਿਆ ਹੈ ਕਿ ਜਦ ਕਿਸੇ ਵਿਚ ਗਿਰਾਵਟ ਆਉਂਦੀ ਹੈ, ਉਸਦਾ ਸੰਭਲਣਾ ਕਠਨ ਹੋ ਜਾਂਦਾ ਹੈ। ਜਿਸ ਤਰ੍ਹਾਂ ਗੰਗਾ ਬੈਕੁੰਠ ਤੋਂ ਡਿਗਕੇ ਹਿਮਾਲਾ ਉਤੇ ਆਈ, ਉਥੋਂ ਡਿਗਦੀ ਢਹਿੰਦੀ ਸਮੁੰਦਰ ਤੀਕ ਨੀਵੀਂ ਹੁੰਦੀ ਚਲੀ ਗਈ। ਇਸੇ ਤਰ੍ਹਾਂ ਮਨੁੱਖ ਜਾਂ ਜਮਾਤਾਂ ਦੀ ਹਾਲਤ ਹੁੰਦੀ ਹੈ।

ਪਿਛੇ ਦਸ ਆਏ ਹਾਂ ਕਿ ਅੰਗਰੇਜ਼ਾਂ ਨੇ ਡਿਪਲੋਮੇਸੀ ਅਤੇ ਤਾਕਤ ਨਾਲ ਕੂਕਾ ਲਹਿਰ ਨੂੰ ਦਬਾ ਦਿਤਾ। ਬਾਬਾ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਰਕੇ ਮੌਲਮੀਨ (ਬਰਮਾ) ਵਿਚ ਭੇਜ ਦਿਤਾ। ਸੰਨ 1885 ਵਿਚ ਬਾਬਾ ਜੀ ਦਾ ਦੇਹਾਂਤ ਉਥੇ ਹੀ ਹੋਇਆ। ਭੈਣੀ ਵਿਚ ਪੁਲੀਸ ਦੀ ਚੌਂਕੀ ਬਿਠਾ ਦਿਤੀ। ਅੰਗਰੇਜ਼ਾਂ ਨੇ ਕੂਕਿਆਂ ਨੂੰ ਏਨਾਂ ਦਬਕਾ ਦਿਤਾ ਕਿ ਬਾਬਾ ਜੀ ਦੀ ਜਲਾਵਤਨੀ ਦੀ ਅੱਧੀ ਸਦੀ ਬਾਅਦ ਤੀਕ ਕਿਸੇ ਨੇ ਕੋਈ ਕੁਰਬਾਨੀ ਨਹੀਂ ਕੀਤੀ। ਸ੍ਰਕਾਰ ਅੰਗਰੇਜ਼ੀ ਵਿਰੁਧ ਕੋਈ



Digitized by Panjab Digital Library | www.panjabdigilib.org

ਬਿਰਕਿਆ ਨਹੀਂ।

ਅੰਗਰੇਜ਼ ਦੇ ਦਬਕਾਏ ਹੋਏ ਕੂਕਿਆਂ ਨੇ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਨੂੰ ਤਿਆਗ ਦਿਤਾ, ਜੋ ਫੌਜੀ ਬਾਣਾ ਸੀ। ਚੰਡੀ ਦੀ ਵਾਰ ਅਤੇ ਸ਼ਸਤ੍ਰ ਨਾਮ ਮਾਲਾ ਪੜ੍ਹਦੇ ਹੋਏ ਕ੍ਰਿਪਾਨ ਲਾਹ ਸੁੱਟੀ। ਉਸਦੀ ਥਾਂ ਉੱਨ ਦੀ ਮਾਲਾ ਪਾ ਲਈ। ਕੜਾਹ ਪ੍ਰਸ਼ਾਦ ਕ੍ਰਿਪਾਨ ਭੇਟ ਕਰਨਾ ਛੱਡ ਦਿਤਾ, ਜਿਸਦੀ ਮਰਯਾਦਾ ਛੇਵੇਂ ਸਤਿਗੁਰੂ ਤੋਂ ਚਲੀ ਆ ਰਹੀ ਸੀ। ਸ਼ਸਤ੍ਰ ਤਿਆਗਕੇ ਉੱਨ ਦੀ ਮਾਲਾ ਤੇ ਪਿੱਤਲ ਦੇ ਗੜਵੇ ਦੇ ਧਾਰਨੀ ਹੋ ਗਏ।

ਬਾਬਾ ਰਾਮ ਸਿੰਘ ਜੀ ਆਪਣੀ ਦਸਤਾਰ ਵਿਚ ਖੰਡਾ ਰੱਖਦੇ ਸਨ। ਉਨ੍ਹਾਂ ਦੀਆਂ ਸਾਰੀਆਂ ਪੁਰਾਤਨ ਤਸਵੀਰਾਂ ਵਿਚ ਖੰਡਾ ਮਿਲਦਾ ਹੈ, ਪਰ ਉਨ੍ਹਾਂ ਦੇ ਜਾਨਸ਼ੀਨਾਂ ਦੀ ਦਸਤਾਰ ਵਿਚੋਂ ਖੰਡਾ ਅਲੋਪ ਹੋ ਗਿਆ। ਸ਼ਸਤ੍ਰਧਾਰੀ,ਬੁਚੜਾਂ ਨੂੰ ਵੱਢਣ ਅਤੇ ਹੱਲੇ ਦੇ ਬੀਰ ਰਸੀ ਸ਼ਬਦ ਪੜ੍ਹਨ ਵਾਲੇ ਅੰਗਰੇਜ਼ ਨੇ ਏਨੇ ਯਰਕਾਏ ਕਿ ਉਹ ਆਪਣੇ ਆਪਨੂੰ ਵੈਸ਼ਨਵ ਅਤੇ ਅਹਿੰਸਕ ਦੱਸਣ ਲੱਗ ਪਏ।

ਦਿੱਲੀ ਦੇ ਪੰਜਾਬੀ ਮਾਸਿਕ ਪੱਤ੍ਰ 'ਆਰਸੀ' ਮਹੀਨਾ ਜਨਵਰੀ **1972** ਦੇ ਸਫਾ 37-39 ਪਰ ਕੂਕਾ ਲਿਖਾਰੀ ਸਵਰਗੀ ਸੰਤ ਨਿਧਾਨ ਸਿੰਘ ਆਲਮ ਦਾ ਇਕ ਲੇਖ ਛਪਿਆ ਹੈ। ਉਸ ਵਿਚ ਸਫਾ 38 ਪਰ ਬਾਬਾ ਰਾਮ ਸਿੰਘ ਜੀ ਦੇ 12 ਉਪਦੇਸ਼ ਦਰਜ ਕੀਤੇ ਹਨ। ਉਨ੍ਹਾਂ ਵਿਚ ਤੀਸਰਾ ਉਪਦੇਸ਼ ਦਸਿਆ ਹੈ—

'ਮਨ ਬਾਣੀ ਸਰੀਰ ਕਰਕੇ ਅਹਿੰਸਕ ਹੋਣਾ।'

ਇਹ ਉਪਦੇਸ਼ ਕਿਸੇ ਜੈਨੀ,ਬੋਧੀ ਜਾਂ ਵੈਸ਼ਨਵ ਦਾ ਤਾਂ ਹੋ



Digitized by Panjab Digital Library | www.panjabdigilib.org

ਸਕਦਾ ਹੈ, ਕਿਉਂਕਿ ਉਹ 'ਅਹਿੰਸਾ ਪਰਮੋਂ ਧਰਮਾ' ਦੇ ਕਾਇਲ ਹਨ। ਪਰ ਜਿਸ ਬਾਬਾ ਰਾਮ ਸਿੰਘ ਨੇ ਸੰਨ 1837 ਤੋਂ 1846 ਤੀਕ ਸਿੱਖ ਫੌਜ ਦੀ ਨੌਕਰੀ ਕੀਤੀ, ਕਈ ਜੰਗਾਂ ਜੁਧਾਂ ਵਿਚ ਸ਼ਾਮਲ ਹੋਏ, ਜੋ ਸ਼ਸਤ੍ਰ ਧਾਰੀ ਸਨ, ਚੰਡੀ ਦੀ ਵਾਰ, ਸ਼ਸਤ੍ਰ ਨਾਮ ਮਾਲਾ ਅਤੇ ਦਸਮ ਗ੍ਰੰਥ ਦਾ ਪਾਠ ਕਰਦੇ ਸਨ, ਜਿਸ ਵਿਚ ਦੇਵਤਿਆਂ, ਰਾਖਸ਼ਾਂ ਅਤੇ ਚੰਡੀ ਦੇ ਜੰਗਾਂ ਦਾ ਵਰਣਨ ਹੈ, ਉਹ ਅਹਿੰਸਕ ਨਹੀਂ ਹੋ ਸਕਦੇ।

ਸੰਨ 1872 ਵਿਚ ਜਿਨ੍ਹਾਂ ਦੇ ਪੈਰੋਕਾਰਾਂ ਨੇ ਅੰਮ੍ਰਿਤਸਰ ਤੇ ਮਲੇਰ ਕੋਟਲੇ ਵਿਚ ਮੁਸਲਮਾਨ ਬੁਚੜ ਵਢੇ, ਜੇਹੜੇ ਮਲੋਧ ਦੇ ਸ੍ਰਦਾਰ ਨੂੰ ਮਾਰਨ ਜਾ ਪਏ, ਉਹ ਕਹਿਣ ਕਿ ਅਸੀਂ ਅਹਿੰਸਕ ਹਾਂ, ਆਪਾ ਵਿਰੋਧੀ ਅਤੇ ਹਾਸੋਹੀਣੀ ਗੱਲ ਹੈ। ਉਹ ਕ੍ਰਿਪਾਨ ਪਹਿਨਣ ਜਾਂ ਕੜਾਹ ਪ੍ਰਸ਼ਾਦ ਕ੍ਰਿਪਾਨ ਭੇਟ ਕਰਨ ਤੋਂ ਇਨਕਾਰ ਕਰਨ ਤਾਂ ਇਹ ਗੱਲ ਬਿਲਕੁਲ ਗ਼ਲਤ ਹੈ।

ਕੀ ਕੂਕਿਆਂ ਨੇ ਪਿੱਤਲ ਦੇ ਗੜਵਿਆਂ ਅਤੇ ਉੱਨ ਦੀ ਮਾਲਾ ਨਾਲ ਬੁਚੜ ਵੱਢੇ ਸਨ? ਨਹੀਂ ਸ਼ਸਤ੍ਰਾਂ ਨਾਲ ਵੱਢੇ ਸਨ। ਸ਼ਸਤ੍ਰ ਧਾਰੀ, ਬੁਚੜ ਵੱਢਣ ਵਾਲੇ ਅਤੇ ਅੰਗਰੇਜ਼ਾਂ ਵਿਰੁਧ ਸ਼ਸਤ੍ਰੀ ਬਗਾਵਤ ਕਰਨ ਵਾਲੇ ਕਿਵੇਂ ਅਹਿੰਸਕ ਕਹੇ ਜਾ ਸਕਦੇ ਹਨ?

ਸੰਤ ਨਿਧਾਨ ਸਿੰਘ ਦੇ ਲੇਖ ਵਿਚ ਬਾਬਾ ਰਾਮ ਸਿੰਘ ਦੇ ਜੋ ਉਪਦੇਸ਼ ਦਸੇ ਗਏ ਹਨ, ਇਹ ਉਨ੍ਹਾਂ ਦੇ ਨਹੀਂ, ਬਲਕਿ ਮਨਘੜਤ ਹਨ।

ਇਹ ਅੰਗਰੇਜ਼ ਸਾਮਰਾਜੀਆਂ ਦੀ ਸਖਤੀ ਦਾ ਨਤੀਜਾ ਹੈ ਕਿ ਸ਼ਸਤ੍ਰ ਧਾਰੀ ਅਤੇ ਬੁਚੜਾਂ ਨੂੰ ਵੱਢਣ ਵਾਲੀ ਜਮਾਇਤ



Digitized by Panjab Digital Library | www.panjabdigilib.org

ਸ਼ਸਤ੍ਰ ਹੀਣ ਅਤੇ ਅਹਿੰਸਕ ਬਣ ਗਈ।

ਇਕਬਾਲ ਦਾ ਕਥਨ ਹੈ—

ਖ਼ਾਬ ਸੇ ਬੇਦਾਰ ਹੋਤਾ ਹੈ ਜ਼ਰਾ ਮਹਿਕੂਮ ਅਗਰ,
ਫਿਰ ਸੁਲਾ ਦੇਤੀ ਹੈ,ਉਸਕੋ ਹੁਕਮਰਾਂ ਕੀ ਸਾਹਰੀ।

## ਬਾਬਾ ਜੀ ਦੀ ਨਿਰਾਸਤਾ ਭਰੀ ਚਿਠੀ—

ਬਾਬਾ ਰਾਮ ਸਿੰਘ ਜੀ ਨੇ ਮੋਲਮੀਨ (ਬਰਮਾ) ਤੋਂ ਨਜ਼ਰਬੰਦੀ ਦੀ ਹਾਲਤ ਵਿਚ ਇਕ ਚਿਠੀ ਆਪਣੇ ਛੋਟੇ ਭਾਈ ਬੁਧ ਸਿੰਘ ਨੂੰ ਲਿਖੀ। ਜਿਸਦਾ ਉਤਾਰਾ 21-22 ਫਰਵਰੀ 1942 ਨੂੰ ਮੁਲਾਂ ਪੁਰ ਜ਼ਿਲ੍ਹਾ ਲੁਧਿਆਣਾ ਦੀ 'ਕੂਕਾ ਕੁਫ਼ਰ ਤੋੜ ਕਾਨਫ੍ਰੰਸ' ਦੇ ਐਡਰੈਸ ਵਿਚ ਦਰਜ ਹੈ। ਉਸ ਐਡਰੈਸ ਦੇ ਪ੍ਰਸਿੱਧ ਪੰਜ ਮੁੱਖੀਆਂ-ਸ: ਖੜਕ ਸਿੰਘ ਸਿਆਲਕੋਟ,ਭਾਈ ਰੰਧੀਰ ਸਿੰਘ, ਅਕਾਲੀ ਕੌਰ ਸਿੰਘ, ਸੰਤ ਵਿਸਾਖਾ ਸਿੰਘ ਕਿਸ਼ਨ ਪੁਰਾ ਤੇ ਸੰਤ ਭਗਵਾਨ ਸਿੰਘ ਰੇਰੂ ਸਾਹਿਬ ਵਲੋਂ ਕਾਨਫ੍ਰੰਸ ਦੇ ਇਜਲਾਸ ਵਿਚ ਪੜ੍ਹਿਆ ਗਿਆ।*

ਚਿਠੀ ਦਾ ਉਤਾਰਾ

ੴ ਸਤਿਗੁਰ ਪ੍ਰਸਾਦਿ॥

ਲਿਖਤੇ ਰਾਮ ਸਿੰਘ ਨਾਨੂੰ ਸਿੰਘ ਜੋਗ ਬੁਧ ਸਿੰਘ।

---

*ਇਹ ਕਾਨਫ੍ਰੰਸ ਕਰਨ ਦਾ ਕਾਰਨ ਇਹ ਸੀ ਕਿ ਕੂਕਿਆਂ ਨੇ 18 ਅਪ੍ਰੈਲ 1941 ਈ: ਨੂੰ ਰਾਵਲਪਿੰਡੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਫਾੜਕੇ 'ਪਤ੍ਰਾ ਪਾਠ' ਕਰਨ ਦੀ ਮਨਮਤ ਕੀਤੀ ਸੀ। ਜਿਸਦੇ ਵਿਰੁੱਧ ਪੰਥ ਨੇ ਰੋਸ ਪ੍ਰਗਟ ਕੀਤਾ।



Digitized by Panjab Digital Library | www.panjabdigilib.org

ਹਰ ਸਮੂਹਿ ਸੰਗਤ ਸ੍ਰੀ ਵਾਹਿਗੁਰੂ ਫਤੇ ਬੁਲਾਣੀ ਵਾਚਣੀ। ਹੋਰ ਹੁਣ ਤਾਈਂ ਸਰੀਰ ਹੈ। ਪਾਣੇ ਪੈਨਣੇ ਨੂੰ ਖੰਡ ਘਿਉ ਚਾਉਲ ਲੀੜਾ ਬਹੁਤ ਮਿਲਦਾ ਹੈ। ਪ੍ਰ ਵਿਛੋੜੇ ਅਗ ਨੇ ਫੂਕ ਛਡਿਆ ਹੈ। ਹੋਰ ਬੀਬੀ ਨੰਦਾਂ ਨੂੰ ਰਾਮ ਸਤਿ ਵਾਚਣੀ। ਹੋਰ ਭਾਈ ਨੰਦਾਂ ਦਾ ਮਾਈ ਬਾਪ ਤੂੰ ਹੀ ਹੈ। ਤੁਸੀਂ ਮੰਗਲ ਸਿੰਘ ਨੂੰ ਪੁੱਛਕੇ ਅਪੀਲ ਕਰਨੀ। ਗੋਰਾ ਵਕੀਲ ਕਰਨੀ ਜੇ ਅਪੀਲ ਤੇ ਛੁਟਿਆ ਤਾ ਹੱਛਾ ਜੇ ਨਾ ਛੁਟਾ ਤਾ ਬੁਧ ਸਿੰਘ ਤੇਂ ਸਾਹਿਬ ਤੇ ਪ੍ਰਮਾਨਾ ਲੈਕੇ ਮਿਲ ਜਾਣਾ। ਜੇ ਪ੍ਰਮਾਨਾ ਨਾ ਦੇਣ ਤਾਂ ਤੂੰ ਨਾ ਆਈਂ। ਕਿਸੇ ਹੋਰ ਨੂੰ ਭੇਜ ਦੇਨਾ ਸੌ ਰਪੈਈਆ ਦੇਣਾ ਸਾਡੇ ਵਾਸਤੇ ਅਰ ਜੋ ਪੂਜਾ ਪੈਸਾ ਹੈਗਾ ਸੋ ਸਭ ਪੁੰਨ ਦੇਣਾ ਪਇਆ ਨਾ ਰਹੇ। ਘਰ ਪੂਜਾ ਦੇ ਘੋੜੇ ਮਹੀ ਗਾਈਂ ਬੈਲ ਸਭ ਪੁੰਨ ਦੇਣੇ ਵੇਚਣੇ ਨਹੀਂ ਅਰ ਹੁਣ ਬੀ ਮੇਰੇ ਅਰਥ ਭੋਗ ਪਆਉਣੇ ਪ੍ਰਸਾਦ ਛਕਾਇ ਦੇਣੇ ਕਪੜੇ ਦੇਣੇ ਸਾਧ ਬਾਮਣਾਂ ਨੂੰ ਜੇ ਮੈਂ ਏਥੇ ਮਰ ਗਿਆ ਤਾਂ ਬੀ ਪਿਛੋਂ ਭੋਗ ਲੀੜੇ ਗਊਆਂ ਪੁੰਨ ਕਰਨੀਆਂ ਪੰਜ ਭੋਗ ਮੇਰੇ ਮੁਕਤਸਰ ਪੁਆਉਣੇ ਡੂਢ ਸੌ ਰੁਪੈਈਆ ਲਾਇ ਦੇਣਾ। ਤੁਸੀਂ ਹਛੀ ਨਾ ਕੀਤੀ ਮੈਂ ਅਜੁ ਤਾਈਂ ਅਪੀਲ ਨਾ ਕੀਤੀ ਗੋ। ਹੁਣ ਅਪੀਲ ਕਰੋ ਛੇਤੀ। ਸਭੇ ਮਿਲਕੇ ਅਰ ਬੂਨੀ ਭੋਗਾਂ ਦੀ ਕਰਨੀ, ਚੀਨੀ ਘੋੜੀ ਮੰਗਲ ਸਿੰਘ ਨੂੰ ਦੇਨੀ ਹੋਰ ਬਾਫਰ ਡੰਗ੍ਰ ਘੋੜਾ ਨਾ ਰਖੋ। ਹੋਰ ਏਨਾਂ ਲੋਕਾਂ ਨੇ ਮੇਰੇ ਪਾਸੋਂ ਵੈਰ ਲੈਣਾ ਸੀ ਲੈ ਲਿਆ। ਹੋਰ ਨਾਨੂੰ ਸਿੰਘ ਦੇ ਭਾਈ ਨੂੰ ਸਦ ਕੇ ਦਿਲਾਸਾ ਦੇਣਾ। ਜੋ ਉਸਨੂੰ ਲੋੜ ਹੋਵੇ ਸੋ ਚੀਜ਼ ਦੇਣੀ।ਦਿਆ ਸਿੰਘ ਹੋਰ ਮੈਨੂੰ ਇਹ ਤਕਵਾ ਨਹੀਂ ਥਾ ਕਿ ਮੇਰੇ ਨਾਲ ਏਨਾ ਲੋਕਾਂ ਨੇ ਇਉਂ ਕਰਨੀ ਹੈ। ਆਪੇ



Digitized by Panjab Digital Library | www.panjabdigilib.org

ਸਭ ਕੁਝ ਕਰਕੇ ਸਭੋ ਬਾਤ ਮੇਰੇ ਸਿਰ ਲਾ ਦਿਤੀ। ਜੇ ਸ੍ਰਕਾਰ ਅਗੇ ਤੋਂ ਪੁਛੇ ਤਾਂ ਜਿਸਦੀ ਮੈਨੂੰ ਖਬਰ ਥੀ ਉਨ੍ਹਾਂ ਦੀ ਤਾਂ ਮੈਂ ਸਰਕਾਰ ਨੂੰ ਖਬਰ ਕਰ ਦਿਤੀ। ਆਪਣੀ ਜਾਨ ਬਚਾਉਣ ਵਾਸਤੇ ਮੇਰੇ ਸਿਰ ਲਾਇ ਦਿਤੀ ਸਾਰੀ ਵਾਤ। ਸੋ ਜੋ ਆਨੰਦ ਪੜਾਵੇ ਸੋ ਸਭ ਲਾਗੀਆਂ ਨੂੰ ਲਾਗ ਦੇਵੇ ਨਾ ਕਿਸੇ ਦੇਣਾ ਹੋਵੇ ਤਾਂ ਆਨੰਦ ਨਾ ਪੜਾਵੈ, ਅਗੇ ਵਾਂਗੂ ਆਪਣੀ ਮਰਜੀ ਬਰਤੇ ਇਹ ਸਾਰੇ ਆਖ ਦੇਣੀ। ਅਰ ਮੇਰੇ ਪਿਛੋਂ ਪਿੰਡ ਪਤਲ ਕ੍ਰਿਆ ਗਊ ਪੁੰਨ ਭਾਗ ਸਭੇ ਕਰਨਾ ਹਿੰਦੂਆਂ ਦੀ ਰੀਤ ਬੀ ਕਰਨੀ। ਭੋਗ ਵੀ ਪੁਆਵਣਾ ਹੋਰ ਬੁਧ ਸਿੰਘ ਬਾਬੇ ਦੇ ਪਿਛੇ ਪੁੰਨ ਦਾਨ ਕਰਨਾ ਸਾਧਾਂ ਬਾਮਣਾਂ ਨੂੰ ਜਮਾਲਣਾ ਜਥਾ ਸ਼ਕਤ ਲੀੜਾ ਭੀ ਦੇਣਾ ਹੋਰ ਬੁਧ ਸਿੰਘ ਜੇ ਮੈਨੂੰ ਏਨੀ ਅਪੀਲੀ ਛਡ ਦਿਤਾ ਤਾਂ ਅੱਛਾ ਜੇ ਛਡਿਆ ਨਾ ਤੈਂ ਬੁਧ ਸਿੰਘ ਮੈਨੂੰ ਮਿਲੇ ਜਾਣਾ। ਤੈਂ ਪ੍ਰਮਾਣਾਂ ਮੇਰੇ ਮਿਲਣ ਦਾ ਲੈਕੇ ਆਉਣਾ ਦਸਰੋਜ ਪਾਸ ਰਹਿਨ ਦਾ,ਜੇ ਨਾ ਪ੍ਰਮਾਨਾ ਦੇਵੇ ਸਰਕਾਰ ਤਾਂ ਤੂੰ ਨ ਆਈਂ।ਹੋਰ ਕਿਸੇ ਨੂੰ ਭੇਜ ਦੇਈਂ ਉਸਿਆਰ ਆਦਮੀ ਨੂੰ ਚਾਹੇ ਦਰਬਾਰਾ ਸਿੰਘ ਆ ਜਾਏ ਏਹੁ ਏਥੇ ਦਾ ਵਾਕਫ ਹੈ ਜੇ ਮੈਂ ਛੇਤੀ ਮਰ ਗਿਆ ਨਾਨੂੰ ਸਿੰਘ ਤੁਸਾਂ ਦੇ ਪਾਸ ਆਊਗਾ। ਜੋ ਬਾਤ ਤੁਸਾਂ ਨੂੰ ਨਾਨੂੰ ਸਿੰਘ ਆਖੇ ਸੋ ਜਰੂਰ ਕਰਨੀ। ਅਗੇ ਜੋ ਤੁਸਾਂ ਦੀ ਮਰਜੀ ਮੈਂ ਤਾਂ ਦੇਖਣ ਨਹੀਂ ਆਉਣਾ ਪਰ ਤੇਰੇ ਸਰੀਰ ਦਾ ਮੋਹ ਬਡਾ ਥਾ ਪ੍ਰਮੇਸਰ ਦੀ ਮਰਜੀ ਜੀਉਂਦੇ ਈ ਬਿਛੁੜ ਗਏ। ਮੈਂ ਤਾਂ ਨਾਮ ਭਲੇ ਨੂੰ ਦਸਿਆ ਥਾ ਮੈਨੂੰ ਇਹ ਖਵਰ ਨਹੀਂ ਸੀ ਕਿ ਨਾਲ ਇਹ ਬ੍ਰਤਨਾ ਹੈ ਕੋਈ ਪਿਛਲੇ ਜਨਮ ਦਾ ਬਹੁਤ ਭਾਰਾ ਪਾਪ ਕੀਤਾ ਹੈ।



Digitized by Panjab Digital Library | www.panjabdigilib.org

ਹੋਰ ਜੀ ਸੂਬਤ ਨੂੰ ਮੇਰੀ ਬਲੋਂ ਫਤੇ ਬੁਲਾਉਣੀ। ਭਾਈ ਗਰੀਬੀ ਦਾਵੇ ਦਿਨ ਕਟ ਲੈਣੇ। ਫਰੰਗੀ ਮੈਨੂੰ ਕਦ ਛੋੜਦੇ ਥੇ ਹਜਾਰਾਂ ਲੋਕਾਂ ਨੇ ਬਦਨਾਮੀ ਮੇਰੇ ਨਾਇ ਲਾਈ। ਆਪਣਿਆਂ ਬਗਾਨਿਆਂ ਨੇ ਠਾਕਰ ਬੇਅੰਤ ਹੈ। ਲਗੇ ਤਾਂ ਭਜਨ ਬਾਣੀ ਕਰਨਾਂ ਥੇ ਭਾਣਾ ਏਹੋ ਬ੍ਰਤਿਆ। ਹੁਣ ਤਾਂ ਸਾਰੀ ਬਾਤ ਦੀ ਨਿਰਾਸੀ ਹੈ। ਪਰ ਮੇਰੇ ਮਰੇ ਤੇ ਭੋਗ ਮੇਰੇ ਅਰਥ ਪੁਆਇ ਦੇਣੇ ਜਿਸਤੇ ਸਰਿ ਆਵੇ। ਸਾਰੇ ਦੇਸਾਂ ਦੇ ਸਿੰਘਾਂ ਨੂੰ ਹੁਕਮ ਹੈ, ਅਗੇ ਤੁਸੀਂ ਜਾਣੋ ਮੈਂ ਤਾਂ ਹੁਣ ਮਰਿ ਚੁੱਕਾ ਹਾਂ। ਕੋਈ ਦਿਨ ਦੇ ਸਾਸ ਹੈਨ। ਹੋਰ ਕੀ ਬਹੁਤ ਲਿਖਣਾ ਹੈ ਅਗੇ ਬਹੁਤ ਲਿਖ ਭੇਜਿਆ ਹੈ ਉਹ ਦੇਖ ਲੈਣਾ।'

ਬਾਬਾ ਰਾਮ ਸਿੰਘ ਦੀ ਉਪ੍ਰੋਕਤ ਚਿਠੀ ਨੂੰ ਗਹੁ ਨਾਲ ਪੜ੍ਹਨ ਤੋਂ ਹੇਠ ਲਿਖੀਆਂ ਗੱਲਾਂ ਅਤੇ ਕਮਜ਼ੋਰੀਆਂ ਸਾਬਤ ਹੁੰਦੀਆਂ ਹਨ—

1. ਬਾਬਾ ਜੀ ਨੇ ਪ੍ਰਵਾਰ ਦੇ ਵਿਛੋੜੇ ਨੂੰ ਬਹੁਤ ਮਹਿਸੂਸ ਕੀਤਾ। ਉਨ੍ਹਾਂ ਦੇ ਇਹ ਸ਼ਬਦ-

'ਮੈਨੂੰ ਵਿਛੋੜੇ ਦੀ ਅੱਗ ਨੇ ਫੂਕ ਛਡਿਆ ਹੈ' ਇਸਦਾ ਸਬੂਤ ਹੈ।

2. ਇਸ ਚਿਠੀ ਵਿਚ ਇਹ ਲਿਖਣਾ-'ਤੁਸੀਂ ਮੰਗਲ ਸਿੰਘ ਨੂੰ ਪੁਛ ਕੇ ਅਪੀਲ ਕਰਨੀ, ਗੋਰਾ ਵਕੀਲ ਕਰਨਾ' ਤੋਂ ਪ੍ਰਗਟ ਹੈ ਕਿ ਉਹ ਰਿਹਾਈ ਵੀ ਚਾਹੁੰਦੇ ਸਨ। ਉਨ੍ਹਾਂ ਨੂੰ ਖਿਆਲ ਸੀ ਕਿ ਗੋਰਾ ਵਕੀਲ ਕਰਨ ਨਾਲ ਸ਼ਾਇਦ ਰਿਹਾਈ ਮਿਲ ਜਾਏ।

3. ਬਾਬਾ ਜੀ ਦੀ ਇਹ ਚਿਠੀ ਤੋਂ ਇਹ ਵੀ ਸਾਬਤ ਹੁੰਦਾ



Digitized by Panjab Digital Library | www.panjabdigilib.org

ਹੈ ਕਿ ਉਨ੍ਹਾਂ ਨਾਲ ਸਾਥੀਆਂ ਨੇ ਧੋਖਾ ਤੇ ਬੇਵਫਾਈ ਕੀਤੀ ਹੈ। ਬੂਚੜ ਮਾਰਨ ਤੇ ਗੜਬੜ ਕਰਨ ਦੀ ਗਲਤੀ ਉਨ੍ਹਾਂ ਨੇ ਬਾਬਾ ਜੀ ਦੇ ਨਾਂ ਮੜ੍ਹ ਦਿਤੀ। ਚਿਠੀ ਦੇ ਇਹ ਸ਼ਬਦ ਧਿਆਨ ਨਾਲ ਪੜ੍ਹਨ ਯੋਗ ਹਨ—'ਮੈਨੂੰ ਇਹ ਤਵਕਾ ਨਹੀਂ ਥਾ ਕਿ ਮੇਰੇ ਨਾਲ ਏਨ੍ਹਾਂ ਲੋਕਾਂ ਨੇ ਇਉਂ ਕਰਨਾ ਹੈ। ਆਪੇ ਸਭ ਕੁਛ ਕਰਕੇ ਸਭੇ ਬਾਤ ਮੇਰੇ ਸਿਰ ਲਾ ਦਿਤੀ।'

ਇਸਦੀ ਪੁਸ਼ਟੀ 'ਨਾਮਧਾਰੀ ਇਤਿਹਾਸ' ਤੋਂ ਵੀ ਹੁੰਦੀ ਹੈ। ਸ: ਨਾਹਰ ਸਿੰਘ ਐਮ. ਏ. ਲਿਖਦੇ ਹਨ-

12 ਜਨਵਰੀ 1872 ਨੂੰ ਭੈਣੀ ਵਿਚ ਜੋੜ ਮੇਲਾ ਹੋਇਆ 13 ਜਨਵਰੀ ਨੂੰ 140 ਮਸਤਾਨਿਆਂ ਨੇ ਸ਼ਹੀਦੀ ਜਥਾ ਬਣਾਕੇ ਮਲੇਰ ਕੋਟਲੇ ਪਰ ਚੜ੍ਹਾਈ ਕਰਨ ਦਾ ਇਰਾਦਾ ਕੀਤਾ। ਸ: ਹੀਰਾ ਸਿੰਘ ਨੇ ਆਗਿਆ ਮੰਗੀ। ਇਸ ਦੀ ਇਤਲਾਹ ਮਿਲਣ ਪਰ ਇਕ ਥਾਣੇਦਾਰ ਤੇ ਪੰਜ ਸਿਪਾਹੀ ਭੈਣੀ ਆਗਏ। ਉਸ ਵਕਤ ਬਾਬਾ ਰਾਮ ਸਿੰਘ ਜੀ ਨੇ ਸੂਬਾ ਲੱਖਾ ਸਿੰਘ ਅਤੇ ਹੀਰਾ ਸਿੰਘ ਨੂੰ ਸੰਬੋਧਨ ਕਰਕੇ ਕਿਹਾ-

1. ਓਧਰ ਫਰੰਗੀ ਜ਼ੋਰਾਵਰ ਹੈ। ਏਧਰੋਂ ਖਾਲਸਾ ਜ਼ੋਰਾਵਰ ਹੈ। ਮੈਂ ਗਰੀਬ ਬਿਚਾਲੇ ਆ ਗਿਆ ਹਾਂ।

[ਨਾਮਧਾਰੀ ਇਤਿਹਾਸ ਹਿੱਸਾ 1, ਸਫਾ 380

2. ਫਿਰ ਬਾਬਾ ਜੀ ਨੇ ਕੂਕਿਆਂ ਤੇ ਪੁਲੀਸ ਦੇ ਥਾਣੇਦਾਰ ਦੋਹਾਂ ਨੂੰ ਕਿਹਾ-

'ਤੁਸੀ ਏਨਾਂ ਕੇ ਜਮਾਈ ਤੇ ਇਹ ਤੁਹਾਡੇ ਜਮਾਈ ਹੈਂ। ਇਹ ਤੇਰਾ ਸਰੀਰ ਬੇਵੱਸ ਹੈਂ। ਮੇਰੇ ਕਹਿਣੇ ਮੇਂ ਨਹੀਂ ਹੈਂ। ਇੰਨਾਂ ਦਾ ਬੰਦੋਬਸਤ ਕਰੋ। ਤੁਸੀਂ ਜਾਣੋਂ। ਕਹਿਣਾ ਨਹੀਂ ਕਿ



Digitized by Panjab Digital Library | www.panjabdigilib.org

ਇਤਲਾਹ ਨਹੀਂ ਦਿਤੀ। ਅਸੀਂ ਇਤਲਾਹ ਦੇਣੀ ਸੀ, ਸੋ ਦੇ ਦਿਤੀ ਹੈ।

[ਨਾਮਧਾਰੀ ਇਤਿਹਾਸ ਪੰਨਾ 383

ਇਹ ਬਾਬਾ ਜੀ ਦੀ ਬੇਬਸੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਹ ਗੱਲ ਦਾ ਅਕੱਟ ਸਬੂਤ ਹੈ ਕਿ ਕੂਕਿਆਂ ਨੇ ਅੰਮ੍ਰਿਤ-ਸਰ, ਰਾਏ ਕੋਟ, ਮਲੋਧ ਤੇ ਮਲੇਰ ਕੋਟਲੇ ਵਿਚ ਜੋ ਕੁਝ ਕੀਤਾ ਉਹ ਉਨ੍ਹਾਂ ਦੀ ਮਰਜ਼ੀ ਦੇ ਉਲਟ ਸੀ। ਉਹ ਉਨ੍ਹਾਂ ਦੇ ਜ਼ਿੰਮੇ ਲਾਇਆ ਗਿਆ ਹੈ।

4. ਬਾਬਾ ਜੀ ਨੇ ਆਪਣੀ ਚਿਠੀ ਵਿਚ ਸਖਤ ਪਸਚਾਤਾਪ ਵੀ ਕੀਤਾ ਹੈ। ਜੋ ਇਨ੍ਹਾਂ ਸ਼ਬਦਾਂ ਤੋਂ ਪ੍ਰਗਟ ਹੈ-'ਤੈਂ ਬੁਧ ਸਿੰਘ ਮੈਨੂੰ ਮਿਲ ਜਾਣਾ। ਤੇ ਪ੍ਰਮਾਣਾ ਮੇਰੇ ਮਿਲਣ ਦਾ ਲੈਕੇ ਆਉਣਾ। ਦਸ਼ ਰੋਜ਼ ਪਾਸ ਰਹਣ ਦਾ ਜੇ ਨਾ ਪ੍ਰਮਾਣਾ ਦੇਵੇ ਸਰਕਾਰ ਤਾਂ ਤੂੰ ਆਈਂ ਨ ਮੈਂ ਤਾਂ ਦੇਖਣ ਨਹੀਂ ਆਉਣਾਪਰ ਤੇਰੇ ਸਰੀਰ ਦਾ ਮੈਨੂੰ ਮੋਹੁ ਬਡਾ ਬਾ ਪ੍ਰਮੇਸਰ ਦੀ ਮਰਜ਼ੀ ਜੀਉਂਦੇ ਈ ਬਿਛੁੜ ਗਏ। ਮੈਂ ਤਾਂ ਨਾਮੁ ਭਲੇ ਨੂੰ ਦਸਿਆ ਬਾ ਮੈਨੂੰ ਇਹ ਖਵਰ ਨਹੀਂ ਥੀ ਕਿ ਮੇਰੇ ਨਾਲ ਇਹ ਬ੍ਰਤਨਾ ਹੈ ਕੋਈ ਮੈਂ ਪਿਛਲੇ ਜਨਮ ਦਾ ਪਾਪ ਕੀਤਾ ਹੈ।'

ਇਸ ਤੋਂ ਸਪਸ਼ਟ ਹੈ ਕਿ ਬਾਬਾ ਜੀ ਜਲਾਵਤਨੀ ਤੇ ਨਜ਼ਰਬੰਦੀ ਨੂੰ ਪਿਛਲੇ ਜਨਮ ਦਾ ਕੋਈ ਪਾਪ ਸਮਝਦੇ ਸਨ। ਇਸ ਤੋਂ ਪ੍ਰਗਟ ਹੈ ਕਿ ਉਹ ਆਪਣੀ ਕਰਨੀ ਜਾਂ ਕੂਕਿਆਂ ਦੀ ਸਾਰੀ ਕਾਰਵਾਈ ਪਰ ਸਖਤ ਪ੍ਰੇਸ਼ਾਨ ਸਨ। ਉਸ ਪਰ ਉਨ੍ਹਾਂ ਨੇ ਸਖਤ ਪਛਤਾਵਾ ਕੀਤਾ।

ਪੰਚਮ ਸਤਿਗੁਰੂ ਨੇ ਤਤੀਆਂ ਲੋਹਾਂ ਉਤੇ ਬੈਠਕੇ ਅਕਾਲ



Digitized by Panjab Digital Library | www.panjabdigilib.org

ਪੁਰਖ ਦੇ ਭਾਣੇ ਨੂੰ ਖਿੜ੍ਹੇ ਮੱਥੇ ਮੰਨਿਆ। ਛੇਵੀਂ ਪਾਤਸ਼ਾਹੀ ਗਵਾਲੀਅਰ ਦੇ ਕਿਲ੍ਹੇ ਵਿਚ ਕਈ ਸਾਲ ਨਜ਼ਰਬੰਦ ਰਹੇ। ਉਨ੍ਹਾਂ ਕੋਈ ਪਛਤਾਵਾ ਨਹੀਂ ਕੀਤਾ। ਨੌਵੀਂ ਪਾਤਸ਼ਾਹੀ ਨੇ ਨੌ ਸਾਲ ਦੇ ਪੁਤਰ, ਧਰਮ ਪਤਨੀ ਗੁਜਰੀ ਅਤੇ ਬਿਰਧ ਮਾਤਾ ਨਾਨਕੀ ਜੀ ਨੂੰ ਛੱਡ ਕੇ ਦਿੱਲੀ ਵਿਚ ਜਾ ਕੇ ਸੀਸ ਦਿਤਾ।

ਦਸਮ ਪਾਤਸ਼ਾਹ ਨੇ ਸਰਬੰਸ ਵਾਰਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਚਾਰ ਪੁਤਰਾਂ ਦੇ ਸ਼ਹੀਦ ਹੋ ਜਾਣ ਪਰ ਫੁਰਮਾਇਆ–

'ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ'

ਸਿੱਖੀ ਦੇ ਮਹਾਨ ਸ਼ਹੀਦਾਂ ਨੇ ਬੰਦ ਬੰਦ ਕਟਵਾਕੇ ਖੋਪਰੀਆਂ ਲੁਹਾਕੇ, ਚਰਖੜੀਆਂ ਉਤੇ ਚੜ੍ਹਕੇ, ਲਾਹੌਰ ਵਿਚ ਮੀਰ ਮੰਨੂੰ ਦੇ ਸਮੇਂ ਸੈਂਕੜੇ ਮਾਈਆਂ ਬੀਬੀਆਂ ਨੇ ਆਪਣੇ ਬਚਿਆਂ ਦੇ ਟੋਟਿਆਂ ਦੇ ਗਲਾਂ ਵਿਚ ਹਾਰ ਪੁਆਕੇ ਸੀਅ ਨਹੀਂ ਕੀਤੀ। ਵਿਛੋੜੇ ਦੀ ਅਗਨੀ ਨੇ ਉਨ੍ਹਾਂ ਨੂੰ ਨਹੀਂ ਸਾੜਿਆ। ਉਨ੍ਹਾਂ ਨੇ ਪਾਵਨ ਪਵਿੱਤ੍ਰ ਗੁਰਬਾਣੀ ਦੇ ਇਸ ਵਾਕ ਨੂੰ ਆਦਰਸ਼ ਬਣਾ-ਇਆ–'ਆਪੇ ਹਰਿ ਇਕੁ ਰੰਗ ਹੈ ਆਪੇ ਬਹੁਰੰਗੀ। ਜੋ ਤਿਸ ਭਾਵੈ ਨਾਨਕਾ ਸਾਈ ਗਲ ਚੰਗੀ।' ਪਰ ਜਿਹੜੇ ਬਾਬਾ ਰਾਮ ਸਿੰਘ ਵਿਛੋੜੇ ਦੀ ਅੱਗ ਵਿਚ ਸੜਨ, ਰਿਹਾਈ ਲਈ ਗੋਰਾ ਵਕੀਲ ਕਰਨ ਲਈ ਲਿਖਣ, ਸਾਥੀਆਂ ਦੀ ਬੇਵਫਾਈ ਦਾ ਸ਼ਿਕਵਾ ਕਰਨ, ਜਲਾਵਤਨੀ ਨੂੰ ਪਿਛਲੇ ਜਨਮਾਂ ਦਾ ਪਾਪ ਸਮਝਕੇ ਪਛਤਾਵਾ ਕਰਨ, ਉਨ੍ਹਾਂ ਨੂੰ ਮਹਾਂਬਲੀ ਨਿਰਭੈ ਜੋਧੇ ਸ੍ਰੀਗੁਰੂ ਗੋਬਿਦਸਿੰਘ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ।

ਪੰਜ ਮੁੱਖੀਆਂ ਨੇ ਆਪਣੇ ਉਸ ਐਡਰੈਸ ਦੇ ਸਫਾ 26-27



Digitized by Panjab Digital Library | www.panjabdigilib.org

ਪਰ ਇਕ ਹੋਰ ਅਜੀਬ ਗੱਲ ਲਿਖੀ ਹੈ। ਉਹ ਇਹ ਕਿ-
'ਜਦ ਬਾਬਾ ਰਾਮ ਸਿੰਘ ਅੰਡਰਟੇਕਿੰਗ ਦੇ ਕੇ ਹੰਭ ਗਏ, ਉਨ੍ਹਾਂ ਨੂੰ ਆਪਣੇ ਛੁਟਕਾਰੇ ਤੋਂ ਨਿਰਾਸਤਾ ਹੋ ਗਈ, ਉਨ੍ਹਾਂ ਨੇ ਇਕ ਬਰਮੀ ਔਰਤ ਨੂੰ ਬਿਨਾ ਅਨੰਦ ਪੜ੍ਹਾਏ ਚਾਦਰ ਪਾਏ ਆਪਣੀ ਇਸਤ੍ਰੀ ਬਣਾ ਲਿਆ। ਉਸ ਇਸਤ੍ਰੀ ਦੇ ਪੇਟੋਂ ਦੋ ਬਚੇ ਪੈਦਾ ਹੋਏ,ਜੋ ਹੁਣ ਤਾਈਂ ਮੌਲਮੀਨ (ਬਰਮਾ) ਵਿਚ ਜੀਉਂਦੇ ਹਨ। ਛੋਟਾ ਤਾਂ ਕੇਸ ਦਾਹੜਾ ਮੁਨਾ ਕੇ ਪਤਿਤ ਹੋ ਚੁੱਕਾ ਹੈ। ਵੱਡੇ ਦੇ ਕੇਸ ਦਾਹੜਾ ਅਜੇ ਹੈ। ਉਸਦਾ ਨਾਉਂ ਜੱਸਾ ਸਿੰਘ ਹੈ। 50 ਸਾਲ ਦੇ ਕਰੀਬ ਉਸਦੀ ਉਮਰ ਹੈ। ਉਸਨੂੰ ਕੁਝ ਸਮੇਂ ਲਈ ਕੂਕਿਆਂ ਦੀ ਬਿਹਤਰੀ ਵੇਲੇ ਰਸਦਾਂ ਭੀ ਲਗੀਆਂ ਰਹੀਆਂ। ਹੁਣ ਭੁਖੇ ਮਰਦੇ ਹਨ। ਉਨ੍ਹਾਂ ਦੀ ਕੋਈ ਬਾਤ ਨਹੀਂ ਪੁੱਛਦਾ। ਉਨ੍ਹਾਂ ਨੇ ਗੁਜ਼ਾਰੇ ਲਈ ਬਰਮਾ ਗੌਰਮਿੰਟ ਪਾਸ ਦਰਖਾਸਤ ਦਿਤੀ ਸੀ,ਪਰ ਗੌਰਮਿੰਟ ਨੇ ਇਸ ਬਿਨਾਂ ਉਤੇ ਕਿ ਉਨ੍ਹਾਂ ਦੀ ਮਾਂ ਬਾਬਾ ਰਾਮ ਸਿੰਘ ਦੀ ਮਨਕੂਹਾ ਔਰਤ ਨਹੀਂ ਸੀ,ਗੁਜ਼ਾਰਾ ਨਹੀਂ ਮਿਲ ਸਕਿਆ। ਅਨੇਕ ਸੱਜਣ ਮੌਲਮੀਨ ਦੇ ਰਹਿਣ ਵਾਲੇ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਹਨ।'

ਇਕ ਡਾਕਟਰ ਸਾਹਿਬ ਗੁਜਰਵਾਲ ਪਿੰਡ ਦੇ ਮੌਲਮੀਨ (ਬਰਮਾ) ਤੋਂ ਛੁਟੀ ਆਏ ਹਨ। ਉਨ੍ਹਾਂ ਦੀ ਤਸਦੀਕ ਹੈ ਕਿ ਉਪਰ ਦਸੀ ਵਾਰਤਾ ਬਿਲਕੁਲ ਠੀਕ ਹੈ। ਸੋਲਾਂ ਆਨੇ ਸਹੀ ਹੈ। ਇਸ ਵਿਚ ਕੋਈ ਸੰਦੇਹ ਨਹੀਂ। ਬਾਬਾ ਰਾਮ ਸਿੰਘ ਦਾ ਵੱਡਾ ਲੜਕਾ ਜੱਸਾ ਸਿੰਘ ਉਨ੍ਹਾਂ ਦੇ ਜ਼ੇਰ ਇਲਾਜ ਰਿਹਾ ਹੈ।

ਇਹ ਗੱਲ ਸਿੱਖ ਪੰਥ ਦੇ ਚੋਟੀ ਦੇ ਪੰਜ ਲੀਡਰਾਂ ਨੇ ਆਪਣੇ ਐਡਰੈਸ ਵਿਚ ਲਿਖੀ ਹੈ। ਕਿਸੇ ਨੇ ਇਸਦੀ ਤਰਦੀਦ



Digitized by Panjab Digital Library | www.panjabdigilib.org

ਨਹੀਂ ਕੀਤੀ ।

ਸਾਰੇ ਸੂਝਵਾਨ, ਨਿਰਪੱਖ ਤੇ ਇਤਿਹਾਸ ਖੋਜੀ ਨਿਰਣਾ ਕਰਨ ਕਿ ਕੂਕੇ ਕਿਸ ਤਰ੍ਹਾਂ ਬਾਬਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਤੇ ਦਸਮ ਪਿਤਾ ਦੀ ਤੁਲਨਾ ਦਿੰਦੇ ਹਨ ?

ਕੂਕਿਆਂ ਵਿਚ ਇਕ ਹੋਰ ਬੜੀ ਭਾਰੀ ਤਬਦੀਲੀ ਅਤੇ ਗਿਰਾਵਟ ਆਈ ਹੈ । ਉਹ ਇਹ ਹੈ ਕਿ ਬਾਬਾ ਰਾਮ ਸਿੰਘ ਜੀ ਤਾਂ ਦਸਾਂ ਸਤਿਗੁਰੂਆਂ ਨੂੰ ਆਪਣਾ ਇਸ਼ਟ ਦੇਵ ਮੰਨਦੇ ਸਨ । ਹਰ ਚਿਠੀ ਜਾਂ ਲਿਖਤ ਦੇ ਆਰੰਭ 'ਚ ੧ਓ ਸਤਿਗੁਰ ਪ੍ਰਸਾਦਿ ਲਿਖਦੇ ਸਨ । ਗੁਰਬਾਣੀ ਪਰ ਅਤੁਟ ਸ਼ਰਧਾ ਰਖਦੇ ਸਨ। ਪਰ ਉਨ੍ਹਾਂ ਦੇ ਪਿਛੋਂ ਕੂਕਿਆਂ ਵਿਚ ਕਈ ਆਦਮੀ ਅਜਿਹੇ ਪੈਦਾ ਹੋ ਗਏ, ਜਿੰਨ੍ਹਾਂ ਨੇ ਗੁਰਤਾ ਦੀਆਂ ਕਲਪਤ ਕਹਾਣੀਆਂ ਘੜਨ ਦੇ ਨਾਲ ੧ਓ ਸਤਿਗੁਰ ਪ੍ਰਸਾਦਿ ਦੀ ਥਾਂ 'ਸ੍ਰੀ ਸਤਿਗੁਰੂ ਰਾਮ ਸਿੰਘ ਸਹਾਇ' ਲਿਖਣਾ ਸ਼ੁਰੂ ਕਰ ਦਿਤਾ ਹੈ । ਸਤਿ ਸ੍ਰੀ ਅਕਾਲ ਦਾ ਜੈਕਾਰਾ ਭੁਲਾ ਦਿਤਾ । ਕੀਰਤਨ ਵਿਚ ਸਤਿ-ਗੁਰੂਆਂ ਨੇ ਨਿਰਤ ਨੂੰ ਸ਼ਾਮਲ ਨਹੀਂ ਸੀ ਕੀਤਾ, ਕਿਉਂਕਿ ਉਹ ਨਿਰਾ ਆਰਟ ਹੈ । ਪਰ ਕੂਕੇ ਨੱਚਣ ਕੁੱਦਣ ਲਗ ਪਏ ਹਨ । ਅਜ ਕਲ ਵੀ ਕਈ ਰਾਸਧਾਰੀਆਂ ਵਾਂਗ ਸਿਰ ਉਤੇ ਪਿੱਤਲ ਦਾ ਗੜਵਾ ਰੱਖਕੇ ਉਤੇ ਕਪੜਾ ਪਾਕੇ ਆਪਣੇ ਆਪਨੂੰ ਗੋਪੀਆਂ ਸਮਝਕੇ ਨਿਰਤ ਕਰਦੇ ਅਤੇ ਇਹ ਗਾਉਂਦੇ ਹਨ—

'ਮੇਰੇ ਸਿਰ ਤੇ ਮਟਕੀ ਵੇ, ਲੈ ਲਉ ਦੁਧ ਦਹੀਂ ।'

ਬਾਬਾ ਜੀ ਗੁਰਬਾਣੀ ਪਰ ਕਿਤਨੀ ਸ਼ਰਧਾ ਰਖਦੇ ਅਤੇ ਸਤਿਕਾਰ ਕਰਦੇ ਸਨ ਅਤੇ ਅਜ ਕਲ ਕੂਕਿਆਂ ਨੂੰ ਕਿਤਨਾ ਅਸ਼ਰਧਕ ਬਣਾਇਆ ਜਾ ਰਿਹਾ ਹੈ ? ਕਿਸ ਤਰ੍ਹਾਂ ਬਾਬਾ ਜੀ



Digitized by Panjab Digital Library | www.panjabdigilib.org

ਦੀਆਂ ਚਿਠੀਆਂ ਵਿਚ ਤਬਦੀਲੀਆਂ ਕੀਤੀਆਂ ਗਈਆਂ ? ਇਸਦਾ ਵਰਣਨ ਕਰਦੇ ਹਾਂ-

ਬਾਬਾ ਜੀ ਗੁਰਬਾਣੀ ਬਾਰੇ ਆਪਣੀਆਂ ਚਿਠੀਆਂ ਵਿਚ ਜਿਨ੍ਹਾਂ ਨੂੰ ਕੂਕੇ ਵੀਰ ਹੁਕਮਨਾਮਾ ਕਹਿੰਦੇ ਹਨ, ਲਿਖਦੇ ਹਨ-

1. ਦੇਹਾਂ ਦਾ ਮੇਲਾ ਤੋ ਅਨਿਤ ਹੀ ਹੈ। ਜੋ ਸ਼ਬਦ ਸੇ ਮਿਲੇਗਾ, ਉਹ ਸਦਾ ਹੀ ਮਿਲਿਆ ਹੋਇਆ ਹੈ। ਇਕ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ। 'ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ। ਜੋ ਸਿਖ ਮਿਲਬੋ ਚਹੈ ਖੋਜ ਇਨਹੀ ਮੇਂ ਲੇਹ।' ਹੋਰ ਗੁਰੂ ਜੀ ਨੇ ਲਿਖਿਆ ਹੈ-'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।' (ਚਿਠੀ 46)

2. ਹੋਰ ਭਾਈ ਦਸਾਂ ਪਾਤਸ਼ਾਹੀਆਂ ਦੇ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸਥਾਪਨ ਕਰ ਗਏ ਹੈਂ। ਜੋ ਸਦਾ ਇਸਥਿਤ ਹੈਂ, ਹੋਰ ਗੁਰੂ ਕੋਈ ਨਹੀਂ।

(ਚਿਠੀ ਨੰ: 55)

3. ਤੁਸੀਂ ਗੁਰੂ ਜੀ ਦਾ ਧਿਆਨ ਕਰਨਾ ਗੁਰੂ ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹਨ ਪ੍ਰਤੱਖ। (ਚਿਠੀ ਨੰ: 57)

4. ਸ੍ਰੀ ਰਾਮ ਸਿੰਘ ਜੀ ਸਾਥੀਆਂ ਦੇ ਪੁਛ ਕਰਨ ਪਰ ਇਕ ਚਿੱਠੀ ਵਿਚ ਲਿਖਦੇ ਹਨ—

'ਸਮੂਹ ਸੰਤ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾਣੀ ਵਾਚਣੀ ਜੀ। ਭੋਗ ਗੁਰੂ ਗ੍ਰੰਥ ਸਾਹਿਬ ਦੇ ਪਾਉ ਜਿਤਨੇ ਪੁਜ ਆਉਣ। [ਅਰਦਾਸ ਤੀਸਰੀ

5. ਬਾਬਾ ਜੀ ਦੇ ਜੀਵਨ 'ਚ ਇਹ ਘਟਨਾ ਵੀ ਆਉਂਦੀ ਹੈ ਕਿ ਇਕ ਵੇਰ ਕੁਝ ਸਾਧੂ ਇਕ ਪੋਥੀ ਚੁਕੀ ਆ ਰਹੇ ਸਨ।



Digitized by Panjab Digital Library | www.panjabdigilib.org

ਆਪ ਨੇ ਉਨ੍ਹਾਂ ਨੂੰ ਪੁਛਿਆ-'ਇਹ ਕੀ ਹੈ ?' ਸਾਧੂਆਂ ਨੇ ਕਿਹਾ-'ਸ੍ਰੀ ਮਦ ਭਾਗਵਤ।'

ਬਾਬਾ ਜੀ ਨੇ ਬਚਨ ਕੀਤਾ-'ਅਸੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਮਝਦੇ ਸੀ। ਸਾਨੂੰ ਕੀ ਪਤਾ ਸੀ ਕਿ ਤੁਸੀਂ ਕੱਚੀ ਬਾਣੀ ਚੁਕੀ ਫਿਰਦੇ ਹੋ।'

6. ਬਾਬਾ ਜੀ ਆਪਣੇ ਆਪਨੂੰ ਗੁਰੂ ਨਹੀਂ ਮੰਨਦੇ ਸਨ। ਇਕ ਪੱਤ੍ਰਕਾ ਵਿਚ ਲਿਖਦੇ ਹਨ-'ਜਦ ਅਰਦਾਸ ਲਿਖਣ ਲਗਦੇ ਹਾਂ, ਤਦੋਂ ਹੀ ਗੁਰੂ ਸਾਹਿਬ ਅਗੇ ਦੋਇ ਕਰ ਜੋੜਕੇ ਬੇਨਤੀ ਕਰਦੇ ਹਾਂ, ਹੇ ਗੁਰੂ ਸਾਹਿਬ ਜੋ ਤੈਨੂੰ ਹਛੀ ਲਗੇ, ਸੋ ਮੇਰੇ ਤੇ ਲਿਖਾਈਂ। ਜੋ ਮੇਰੇ ਤੇ ਗੁਰੂ ਸਾਹਿਬ ਲਿਖਵਾਂਦੇ ਹਨ, ਮੈਂ ਸੰਗਤ ਓਰ ਲਿਖ ਭੇਜਦਾ ਹਾਂ।'

7. ਬਾਬਾ ਜੀ ਤੋਂ ਵਰੋਸਾਏ ਹੋਏ ਇਕ ਨਾਮਧਾਰੀ ਭਾਈ ਕਾਲਾ ਸਿੰਘ ਪਿੰਡ ਨੰਗਲ ਵਡਾ, ਜ਼ਿਲਾ ਲੁਧਿਆਣਾ ਨੇ ਅੱਜ ਤੋਂ 60 ਸਾਲ ਪਹਿਲੇ ਸੰਨ 1913 ਈ: ਵਿਚ 'ਸ਼ਹੀਦ ਬਿਲਾਸ' ਪ੍ਰਕਾਸ਼ਤ ਕਰਵਾਇਆ ਸੀ। ਉਸ ਵਿਚ ਸ੍ਰੀ ਅੰਮ੍ਰਿਤਸਰ ਤੇ ਰਾਏ ਕੋਟ ਵਿਚ ਸ਼ਹੀਦ ਹੋਏ ਨਾਮਧਾਰੀਆਂ ਦਾ ਜ਼ਿਕਰ ਹੈ। ਉਸਦੇ ਆਰੰਭ ਵਿਚ ਲਿਖਦੇ ਹਨ-

1. ਗੁਰੂ ਗਰੰਥ ਗੁਰ ਪੰਥ ਜੋ ਗੁਰਮੁਤ ਪਿਆਰੇ ਪੰਥ।
ਤਿਨ ਕੋ ਮੇਰੀ ਬੰਦਨਾ ਕਟੇ ਜਾਲ ਮੱਹਿ ਫੰਦ। [ਪੰਨਾ 2

2. ਰੂਪ ਆਪਣਾ ਸਾਜ ਗਰੰਥ ਗੁਰ ਜੀ
ਦਿਤਾ ਸਾਗਰੋਂ ਪਾਰ ਉਤਾਰ ਸਤਿਗੁਰ। [ਪੰਨਾ 3

ਬਾਬਾ ਰਾਮ ਸਿੰਘ ਜੀ ਦੀਆਂ ਬਰਮਾ ਚੋਂ ਜੋ ਚਿਠੀਆ ਤੇ ਅਰਦਾਸਾਂ ਭਾਈ ਹਰਨਾਮ ਸਿੰਘ ਰਾਹੀਂ ਆਈਆਂ, ਉਹ



Digitized by Panjab Digital Library | www.panjabdigilib.org

ਭਾਈ ਸੰਤੋਖ ਸਿੰਘ ਪਿੰਡ ਮਦੋ ਗਿਲ, ਜ਼ਿਲ੍ਹਾ ਗੁਰਦਾਸ ਪੁਰ ਪਾਸ ਇਕ ਪੋਥੀ ਦੇ ਰੂਪ 'ਚ ਸਨ। ਸੰਨ 1927-28 ਵਿਚ ਉਹ ਪੋਥੀ ਬਾਬਾ ਪ੍ਰਤਾਪ ਸਿੰਘ ਕੋਲ ਆਈ। ਉਨ੍ਹਾਂ ਨੇ ਸੰਤ ਟਹਿਲ ਸਿੰਘ ਨਿਹੰਗ ਨੂੰ ਉਤਾਰਾ ਕਰਨ ਲਈ ਦਿਤੀ। ਉਤਾਰੇ ਤੋਂ ਪਹਿਲਾਂ ਸਾਰੀਆਂ ਚਿਠੀਆਂ ਸੁਣੀਆਂ। ਜਿਸ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਦਾ ਜ਼ਿਕਰ ਆਇਆ ਜਾਂ ਲਿਖਿਆ ਸੀ ਕਿ ਬਾਬਾ ਜੀ ਗੁਰੂ ਨਹੀਂ ਹਨ, ਬਾਬਾ ਪ੍ਰਤਾਪ ਸਿੰਘ ਨੇ ਉਨ੍ਹਾਂ ਪਰ ਲਾਲ ਸਿਆਹੀ ਫੇਰ ਦਿਤੀ। ਨਿਹੰਗ ਟਹਿਲ ਸਿੰਘ ਨੇ ਉਸ ਪੋਥੀ ਦੇ ਦੋ ਉਤਾਰੇ ਕਰ ਲਏ। ਇਕ ਬਾਬਾ ਪ੍ਰਤਾਪ ਸਿੰਘ ਨੂੰ ਸੁਣਾ ਦਿਤਾ, ਦੂਜਾ ਕੋਲ ਰੱਖ ਲਿਆ। ਬਾਬਾ ਜੀ ਨੇ ਉਹ ਪੋਥੀ (ਰਾਮਸਰ) ਭੈਣੀ ਦੇ ਖੂਹ ਦੇ ਲਾਗੇ ਘਿਉ ਵਿਚ ਭਿਉਂਕੇ ਕੜਾਹੀ ਵਿਚ ਪਾ ਕੇ ਸੜਵਾ ਦਿਤੀ। ਨਿਹੰਗ ਟਹਿਲ ਸਿੰਘ ਨੇ ਉਸਦਾ ਉਤਾਰਾ ਸੰਨ 1938 ਵਿਚ ਪ੍ਰਕਾਸ਼ਤ ਕਰਵਾ ਦਿਤਾ। ਇਸ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਕਿਤਨੀ ਤਬਦੀਲੀ ਕੀਤੀ ਗਈ ਹੈ ?

ਬਾਬਾ ਜੀ ਦੇ ਸਠ ਸਾਲ ਪਿਛੋਂ ਪਿਛਲੇ ਤੀਹ ਚਾਲ੍ਹੀ ਸਾਲਾਂ 'ਚ ਨਵੀਨ ਕੂਕੇ ਲਿਖਾਰੀ-ਸ੍ਰੀ ਆਲਮ ਤੇ ਚਕ੍ਰਵਰਤੀ ਨੇ ਜੋ ਲਿਖਤਾਂ ਕੀਤੀਆਂ ਹਨ, ਉਨ੍ਹਾਂ ਵਿਚ ਨਾਮਧਾਰੀਆਂ ਨੂੰ ਖਾਲਸਾ ਪੰਥ ਨਾਲੋਂ ਵਿਛੋੜਨ ਦਾ ਜਤਨ ਕੀਤਾ ਗਿਆ। ਉਨ੍ਹਾਂ ਨੇ ਮਿਤ੍ਰਤਾ ਦੀ ਆੜ ਵਿਚ ਦੁਸ਼ਮਣੀ ਕੀਤੀ ਹੈ।

ਕਿਸੇ ਧਾਰਮਿਕ ਪੁਰਸ਼ ਨੂੰ ਇਲਾਕੇ ਬੰਦੀ ਦੇ ਬੰਧਨਾਂ ਵਿਚ ਨਹੀਂ ਜਕੜਿਆ ਜਾ ਸਕਦਾ। ਪਰ ਚਕ੍ਰਵਰਤੀ ਨੇ ਮਹਾਰਾਜਾ ਨਾਭਾ ਤੇ ਪਟਿਆਲਾ ਦੀ ਪਦਵੀ 'ਮਾਬਵੇਂਦਰ'



Digitized by Panjab Digital Library | www.panjabdigilib.org

ਚੁਰਾਕੇ ਬਾਬਾ ਰਾਮ ਸਿੰਘ ਦੇ ਨਾਮ ਪਰ ਗ੍ਰੰਥ ਲਿਖ ਦਿਤਾ। ਉਹ ਮਾਲਵੇ ਦੇ ਨਹੀਂ ਇਲਾਕਾ 'ਪੁਆਦ' ਦੇ ਸਨ। ਉਸ ਵਿਚ ਕੇਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਾੜਨ ਦੀਆਂ ਜੋ ਸਾਖੀਆਂ ਲਿਖੀਆਂ ਹਨ, ਉਹ ਬਾਬਾ ਰਾਮ ਸਿੰਘ ਜੀ ਦੇ ਮਾਣ ਸਤਿਕਾਰ ਨੂੰ ਘਟਾਉਣ ਵਾਲੀਆਂ ਹਨ।

ਜਿਸ ਗੁਰਬਾਣੀ ਦਾ ਸਤਿਕਾਰ, ਉਹ ਭਰਾ ਨੂੰ ਬਰਮਾ ਤੋਂ ਭੇਜੀਆਂ ਹੋਈਆਂ ਚਿਠੀਆਂ ਵਿਚ ਕਰਦੇ ਹਨ, ਅਜ ਨਵੀਨ ਕੂਕੇ ਕਿਸ ਤਰ੍ਹਾਂ ਉਸਦਾ ਸਤਿਕਾਰ ਕਰਨ ਤੋਂ ਇਨ-ਕਾਰੀ ਹਨ? ਇਸ ਦੀਆਂ ਕੁਝ ਮਿਸਾਲਾਂ ਪੇਸ਼ ਕਰਦੇ ਹਾਂ-

1. ਨਵੀਨ ਕੂਕਾ ਲਿਖਾਰੀ ਸੰਤ ਨਿਧਾਨ ਸਿੰਘ ਆਲਮ ਲਿਖਦੇ ਹਨ—

'ਗੁਰੂ ਬਾਲਕ ਸਿੰਘ ਦੇ ਸਿਲਸਿਲੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਜ਼ਿਕਰ ਵਾਦੀ ਦੇ ਉਸ ਸਿਧਾਂਤ ਨੂੰ ਲੈ ਕੇ ਕਰਨਾ ਜ਼ਰੂਰੀ ਸੀ, ਜੋ ਕਿ ਸਚਿਆਈ ਦੇ ਰਾਹ ਵਿਚ ਭਾਰੀ ਪ੍ਰਤਿਬੰਧਕ ਹੈ ਅਤੇ ਜਗਤ ਨੂੰ ਗੁਰੂ ਚਰਨਾਂ ਵਿਚੋਂ ਗੁਮ-ਰਾਹ ਕਰਕੇ ਨਰਕ ਗਾਮੀ ਹੋਣ ਦਾ ਹੇਤੂ ਸੀ।' (ਸਫਾ 59)

ਜਿਸ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਜੀ ਗੁਰੂ ਮੰਨ ਕੇ ਨਮਸ਼ਕਾਰ ਕਰਨ, ਉਹਨੂੰ ਆਲਮ ਹੁਰੀਂ ਸਚਿਆਈ ਦੇ ਰਾਹ ਵਿਚ ਰੁਕਾਵਟ ਦਸਣ, ਹਮਾਕਤ ਨਹੀਂ ਤਾਂ ਹੋਰ ਕੀ ਹੈ?

ਬਾਣੀ ਨੂੰ ਗੁਰੂ ਮੰਨਣ ਵਾਲਾ ਤਾਂ ਅਕਾਲ ਪੁਰਖ ਵਿਚ ਲੀਨ ਤੇ ਸਚਖੰਡ ਵਾਸੀ ਹੁੰਦਾ ਹੈ। ਨਰਕ ਗਾਮੀ ਤਾਂ ਕਲਪਤ ਗੁਰੂਆਂ ਨੂੰ ਮੰਨਣ ਵਾਲਾ ਹੋ ਸਕਦਾ ਹੈ।



Digitized by Panjab Digital Library | www.panjabdigilib.org

2. ਕੂਕਾ ਅਖਬਾਰ ਸਤਿਜੁਗ ਨੇ ਲਿਖਿਆ ਹੈ–

'ਕਾਗਜ਼ ਹਮੇਸ਼ਾਂ ਹੀ ਅਪਵਿਤ੍ਰ ਹੈ, ਭਾਵੇਂ ਉਸ ਸਿਆਲ-ਕੋਟੀ,ਕਸ਼ਮੀਰੀ ਜਾਂ ਦੇਸੀ ਹੋਵੇ। ਕਾਗਜ਼ੀ ਗੁਰੂ ਅਜ ਤੀਕ ਕਦੀ ਨਹੀਂ ਹੋਇਆ ਨਾ ਹੋਵੇਗਾ।' [ਸਤਿਜੁਗ 18 ਭਾਦਰੋਂ 1988

ਚਾਰ ਸਾਲ ਦੀ ਗੱਲ ਹੈ ਕਿ ਸ: ਮੁਖਤਾਰ ਸਿੰਘ ਪਿੰਡ ਗਗੜ ਭਾਣਾ ਜ਼ਿਲਾ ਅੰਮ੍ਰਿਤਸਰ ਮੈਂਬਰ ਗੁ: ਕਮੇਟੀ ਬਾਬਾ ਬਕਾਲਾ ਨੇ ਆਪਣੇ ਫਾਰਮ ਵਿਚ ਸ੍ਰੀ ਅਖੰਡ ਪਾਠ ਕਰਵਾ-ਇਆ। ਇਲਾਕੇ ਦੇ ਕਈ ਮੁੱਖੀ ਤੇ ਸੰਗਤ ਮੌਜੂਦ ਸੀ। ਸ: ਮੁਖਤਾਰ ਸਿੰਘ ਦੇ ਪਿਤਾ ਨਾਮਧਾਰੀ ਹਨ।ਬਾਬਾ ਜਗਜੀਤ ਸਿੰਘ ਤੇ ਕੁਝ ਨਾਮਧਾਰੀ ਵੀ ਆਏ ਹੋਏ ਸਨ। ਅਸੀਂ ਵੀ ਉਥੇ ਮੌਜੂਦ ਸੀ। ਇਕ ਕੂਕੇ ਪ੍ਰਚਾਰਕ ਨੇ ਕੀਰਤਨ ਕਰਦਿਆਂ ਕਿਹਾ—

'ਅਸੀਂ ਉਸਨੂੰ ਗੁਰੂ ਮੰਨਣ ਲਈ ਤਿਆਰ ਨਹੀਂ, ਜੋ ਮਾਈ ਸੇਵਾਂ ਅੰਮ੍ਰਿਤਸਰ ਦੇ ਬਾਜ਼ਾਰ ਵਿਚ ਵਿਚ ਵਿਕਦਾ ਹੈ। ਇਹ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਲ ਸੀ।

ਕਾਗਜ਼ ਨਾ ਪਵਿੱਤਰ ਹੈ ਨਾ ਅਪਵਿੱਤਰ। ਜੇ ਉਸ ਪਰ ਵਾਹਿਗੁਰੂ ਦਾ ਨਾਮ ਤੇ ਆਤਮ ਗਿਆਨ ਲਿਖਿਆ ਜਾਵੇ ਤਾਂ ਪਵਿੱਤਰ ਹੈ। ਜੇ ਗੰਦੀਆਂ ਗੱਲਾਂ ਲਿਖੀਆਂ ਜਾਣ ਤਾਂ ਉਹ ਅਪਵਿੱਤ੍ਰ ਹੈ। ਕਾਗਜ਼ ਨੂੰ ਕੋਈ ਗੁਰੂ ਮੰਨਦਾ ਵੀ ਨਹੀਂ। ਕਦੀ ਕਿਸੇ ਹਿੰਦੂ,ਮੁਸਲਮਾਨ ਜਾਂ ਈਸਾਈ ਨੇ ਇਹ ਨਹੀਂ ਕਿਹਾ ਕਿ ਵੇਦ,ਕੁਰਾਨ ਅੰਜੀਲ ਕਾਗਜ਼ ਉਤੇ ਛਪੇ ਹੋਏ ਹਨ ਜੋ ਅਪਵਿਤ੍ਰ ਹੈ ਜਾਂ ਵੇਦ ਭਗਵਾਨ ਕੁਰਾਨ ਕਰੀਮ ਜਾਂ ਬਾਈਬਲ ਰੱਬੀ ਕਲਾਮ ਨਹੀਂ ਹੈ, ਉਸਦਾ ਸਤਿਕਾਰ ਨਹੀਂ ਕਰਨਾ ਚਾਹੀਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ–



Digitized by Panjab Digital Library | www.panjabdigilib.org

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ।
ਧਨੁ ਲਿਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।
[ਵਾਰ ਮਲਾਰ 28

ਭਗਤ ਰਵਿਦਾਸ ਜੀ ਬੜੀ ਸੁੰਦਰ ਉਪਮਾ ਦੇ ਕੇ ਇਸਦਾ ਨਿਰਣਾ ਕਰਦੇ ਹਨ–

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ,
ਜੈਸੇ ਕਾਗਰਾ ਕਰਤ ਬੀਚਾਰੰ ।
ਭਗਤਿ ਭਾਗਉਤੁ ਲਿਖੀਐ ਤਹ ਊਪਰੇ,
ਪੂਜੀਐ ਕਰਿ ਨਮਸਕਾਰੰ । [ਮਲਾਰ ੩

ਭਾਵ—ਤਾੜ ਦਾ ਬ੍ਰਿਛ ਅਪਵਿਤ੍ਰ ਮੰਨਿਆ ਜਾਂਦਾ ਹੈ, ਇਸ ਲਈ ਕਿ ਉਸ ਵਿਚੋਂ ਇਕ ਰਸ (ਤਾੜੀ) ਨਿਕਲਦੀ ਹੈ,ਜਿਸਨੂੰ ਪੀ ਕੇ ਲੋਕੀਂ ਬੇਸੁਧ ਹੋ ਜਾਂਦੇ ਹਨ । ਪਰ ਜਦ ਤਾੜ ਦੇ ਪੱਤਰਾਂ ਪਰ ਕਾਗਜ਼ ਰੂਪ ਵਿਚ ਭਗਵਾਨ ਦੀ ਭਗਤੀ ਲਿਖੀ ਜਾਂਦੀ ਹੈ, ਉਸ ਵਕਤ ਨਮਸਕਾਰ ਕਰਕੇ ਪੂਜੇ ਜਾਂਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਨਾਮ ਤੇ ਨਾਮੀ ਦਾ ਸਤਿਕਾਰ ਹੈ । ਜਿਸ ਤੋਂ ਬਿਨਾਂ ਮਨੁੱਖ ਦੇਹ ਅਪਵਿਤ੍ਰ ਹੈ ।

ਗੁਰੂ ਡਮ ਦੇ ਪ੍ਰਚਾਰਕ 'ਸਤਿਜੁਗ' ਨੇ ਪਿਛਲੇ ਸਾਲ ਲਿਖਿਆ ਸੀ—'ਅਸੀਂ ਕਈ ਸਿੱਖ ਸੰਪ੍ਰਦਾਵਾਂ ਵਾਂਗ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਲਈ ਤਿਆਰ ਨਹੀਂ ।'
[1 ਜੁਲਾਈ 1971

8 ਜੁਲਾਈ 1971 ਦੇ ਅੰਕ ਵਿਚ 'ਗੁਰੂ ਗ੍ਰੰਥ ਤੇ ਪੰਥ' ਦੇ ਸਿਰਲੇਖ ਹੇਠਾਂ ਫਿਰ ਲਿਖਿਆ ਹੈ—



Digitized by Panjab Digital Library | www.panjabdigilib.org

'ਗੁਰੂ ਮਾਨੀਉ ਗਰੰਥ ਦੀ ਬੇਨੁਕੀ ਜੇਹੀ ਪੰਗਤੀ ਪੜ੍ਹਨ ਵਾਲੇ ਸੱਜਣ ਆਦਿ ਸ੍ਰੀ ਗਰੰਥ ਸਾਹਿਬ ਜੀ ਨੂੰ ਗੁਰੂ ਦੀ ਹੈਸੀਅਤ ਵਿਚ ਸਮਝਕੇ ਜਿਂਵੇਂ ਉਸਦਾ ਪ੍ਰਯੋਗ ਕਰਦੇ ਹਨ, ਇਸ ਤੋਂ ਇਹ ਸੁਭਾਵਕ ਹੀ ਪ੍ਰਤੀਤ ਹੋ ਜਾਂਦਾ ਹੈ ਕਿ ਇਹ ਮਸਲਾ ਕੇਵਲ ਆਪਣੀ ਖ਼ੁਦਮੁਖਤਾਰੀ ਅਤੇ ਸੁਆਰਥ ਪ੍ਰਸਤੀ ਨੂੰ ਬਰਕਰਾਰ ਰੱਖਣ ਲਈ ਘੜਿਆ ਗਿਆ ਹੈ। ਸ੍ਰੀ ਆਦਿ ਗ੍ਰੰਥ ਦੇ ਬਾਅਦ ਪੰਥ ਨੂੰ ਵੀ ਗੁਰੂ ਆਖਿਆ ਜਾਂਦਾਂ ਹੈ।'

ਪਹਿਲੀ ਗੱਲ ਇਹ ਹੈ ਕਿ ਬਿਨਾਂ ਕੂਕਿਆਂ ਦੇ ਬਾਕੀ ਸਾਰੀਆਂ ਸਿੱਖ ਸੰਪ੍ਰਦਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੀਆਂ ਹਨ। ਬਾਰਾਂ ਮਿਸਲਾਂ ਦੇ ਵਕਤ ਸੰਮਤ 1852 'ਚ ਹਰਿਦੁਆਰ ਦੇ ਕੁੰਭ ਪਰ ਉਸਦਾਸੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਆਰੀ ਲੈ ਕੇ ਸ਼ਾਹੀ ਕੱਢੀ। ਉਸ ਪਰ ਸੰਨਿਆਸੀਆ ਨੇ ਹਮਲਾ ਕੀਤਾ। ਕਈ ਉਦਾਸੀ ਮਾਰੇ ਗਏ। ਰਾਣੀ ਸਾਹਿਬ ਕੌਰ ਪਟਿਆਲਾ ਨੇ ਫੌਜ ਭੇਜ ਕੇ ਦੋਸ਼ੀਆਂ ਨੂੰ ਦੰਡ ਦਿਤਾ।

ਗੁਰਬਾਣੀ ਨੂੰ ਗੁਰੂ ਮੰਨਣ ਵਿਚ ਨਾ ਖ਼ੁਦਮੁਖਤਾਰੀ ਹੈ, ਨਾ ਸੁਆਰਥ ਹੈ। ਸਗੋਂ ਗੁਰੂ ਡਮੀ ਆਪਣੀ ਖ਼ੁਦਮੁਖਤਾਰੀ ਤੇ ਸ਼ਖਸ਼ੀ ਪੂਜਾ ਕਾਇਮ ਰੱਖਣ ਅਤੇ ਕਾਰ ਭੇਟ ਲੈਣ ਲਈ ਢਾਈ ਪਾ ਖਿੱਚੜੀ ਵੱਖਰੀ ਰਿੰਨ੍ਹਦੇ ਹਨ।

ਬਾਣੀ ਨੂੰ ਗੁਰੂ ਮੰਨਣ ਵਿਚ ਆਦਰਸ਼ ਦੀ ਪੂਜਾ ਹੈ। ਅੰਤਿਮ ਗਿਆਨ ਅਤੇ ਸਿੱਧਾਂਤ ਦੀ ਮਾਨਤਾ ਹੈ। ਵਿਚਾਰਾਂ ਦੀ ਸੁਤੰਤ੍ਰਤਾ ਹੈ। ਪੰਜਾਂ ਪਿਆਰਿਆਂ ਤੇ ਪੰਥ ਨੂੰ ਗੁਰੂ ਮੰਨਣ ਵਿਚ ਸ਼ਖਸੀ ਪੂਜਾ ਨਹੀਂ ਰਹਿੰਦੀ। ਜਮਹੂਰੀ ਆਚਰਣ ਦੀ ਪ੍ਰਮੁਖਤਾ ਹੁੰਦੀ ਹੈ। ਇਸ ਲਈ ਗੁਰੂ ਡਮੀ ਦੋਹਾਂ ਤੋਂ ਔਖੇ ਹੁੰਦੇ ਹਨ।



Digitized by Panjab Digital Library | www.panjabdigilib.org

ਸ੍ਰੀ ਬਾਬਾ ਰਾਮ ਸਿੰਘ ਜੀ ਗੁਰੂ ਬਾਣੀ ਨੂੰ ਧੁਰ ਕੀ ਬਾਣੀ, ਗੁਰੂ ਰੂਪ, ਆਤਮਿਕ ਸ਼ਾਂਤੀ ਦਾ ਮੁੱਖ ਸਾਧਨ ਅਤੇ ਕਲਿਆਣ ਕਾਰੀ ਸਮਝਕੇ ਪੂਰਨ ਅਦਬ ਤੇ ਸਤਿਕਾਰ ਕਰਦੇ ਸਨ। ਉਨ੍ਹਾਂ ਨੇ ਮੋਲਮੀਨ (ਬਰਮਾ) ਵਿਚ ਨਜ਼ਰਬੰਦ ਦੀ ਹਾਲਤ ਵਿਚ ਆਪਣੇ ਛੋਟੇ ਭਾਈ ਬੁਧ ਸਿੰਘ ਉਰਫ ਬਾਬਾ ਹਰੀ ਸਿੰਘ ਜੀ ਨੂੰ ਚਿਠੀ ਵਿਚ ਲਿਖਿਆ—

'ਮੇਰੇ ਅਰਬ ਭੋਗ ਪੁਆਉਣੇ ਪੰਜ ਭੋਗ ਮੇਰੇ ਮੁਕਤਸਰ ਪੁਆਉਣੇ। ਡੂਢ ਸੌ ਰੁਪਈਆ ਲਾਇ ਦੇਣਾ।'

[ਗਿਆਨ ਅੰਮ੍ਰਿਤ ਜਨਵਰੀ 1972

ਮ੍ਰਿਤਕ ਦੇ ਨਮਿਤ ਪਾਠ ਦੇ ਭੋਗ ਪੁਆਉਣ ਦਾ ਮੰਤਵ ਆਤਮਿਕ ਸਦਗਤੀ ਅਤੇ ਕਲਿਆਣ ਹੈ। ਇਸ ਤੋਂ ਸਪਸ਼ਟ ਹੈ ਕਿ ਬਾਬਾ ਜੀ ਗੁਰਬਾਣੀ ਨੂੰ ਕਲਿਆਣ-ਕਾਰੀ ਸਮਝਦੇ ਸਨ। ਜੀਵ ਦੀ ਕਲਿਆਣ ਵਾਹਿਗੁਰੂ ਅਤੇ ਗੁਰੂ ਹੀ ਕਰ ਸਕਦਾ ਹੈ।

ਇਕ ਸ: ਬ: ਆਲਮ ਸਿੰਘ ਡਸਕਾ ਜ਼ਿਲਾ ਸਿਆਲਕੋਟ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬਰਮਾ ਵਿਚ ਨਜ਼ਰਬੰਦੀ ਦੀ ਹਾਲਤ ਵਿਚ ਮਿਲੇ ਸਨ। ਉਨ੍ਹਾਂ ਨੇ ਆਪਣੇ ਬਿਆਨ ਵਿਚ ਦਸਿਆ ਕਿ ਮੇਰੇ ਤਾਏ ਬਾਬਾ ਸਾਉਣ ਸਿੰਘ ਕਰਤਾਰ ਪੁਰ ਵਿਚ ਨਾਮਧਾਰੀ ਸੂਬੇ ਸਨ।

ਮੈਂ ਲਾਰੂਟ ਟਾਪੂ [ਪੀਨਾਂਗ ਦੇ ਲਾਗੇ] ਨੂੰ ਜਾਣ ਲਈ ਕਲਕਤੇ ਤੋਂ ਇਕ ਚੀਨੀ ਜਹਾਜ਼ ਵਿਚ ਗੋਕਲ ਕਾਨਸਟੇਬਲ ਨਾਲ ਰਵਾਨਾ ਹੋਇਆ। ਸ: ਸ਼ੇਰ ਸਿੰਘ ਸਿਪਾਹੀ ਨੁਸ਼ਹਿਰਾ ਪੰਨੂਆਂ ਵੀ ਸਾਡੇ ਨਾਲ ਸੀ। ਸਾਡਾ ਜਹਾਜ਼ ਮੋਲਮੀਨ(ਬਰਮਾ)



Digitized by Panjab Digital Library | www.panjabdigilib.org

ਪੁੱਜਾ। ਉਸ ਨੇ ਇਕ ਹਫਤਾ ਉਥੇ ਠਹਿਰਨਾ ਸੀ। ਅਸੀਂ ਜਹਾਜ਼ ਤੋਂ ਉਤਰਕੇ ਸਮੁੰਦਰ ਦੇ ਕੰਢੇ ਗਏ। ਉਥੇ ਖੁਸ਼ਕੀ ਵਿਚ ਚਾਰ ਸਿੰਘ ਬੈਠੇ ਹੋਏ ਵੇਖੇ, ਉਨ੍ਹਾਂ ਵਿਚੋਂ ਇਕ ਨੇ ਸਾਨੂੰ ਦਸਿਆ ਕਿ ਇਹ ਬਾਬਾ ਰਾਮ ਸਿੰਘ ਜੀ ਹਨ। ਸਾਡੇ ਤਿੰਨਾ ਦੇ ਨਾਮ ਹਨ—ਬਾਬਾ ਲੱਖਾ ਸਿੰਘ, ਜਵਾਹਰ ਸਿੰਘ ਅਤੇ ਬਾਬਾ ਨਰੈਣ ਸਿੰਘ। ਮੈਂ ਅੱਗੇ ਹੋ ਕੇ ਬਾਬਾ ਜੀ ਦੇ ਚਰਨਾਂ ਨੂੰ ਹਥ ਲਾਣ ਲੱਗਾ, ਉਨ੍ਹਾਂ ਨੇ ਮੇਰੇ ਹੱਥ ਫੜ ਲਏ। ਮੈਥੋਂ ਇਹ ਸੁਣਕੇ ਕਿ ਮੇਰੇ ਤਾਇਆ ਜੀ ਤੇ ਪਤਰੇਰਾ ਵਰਿਆਮ ਸਿੰਘ ਛੈਣਿਆਂ ਵਾਲੇ ਨਾਮਧਾਰੀ ਸੂਬੇ ਹਨ, ਆਪ ਨੇ ਮੈਨੂੰ ਗਲਵਕੜੀ ਵਿਚ ਲੈ ਲਿਆ। ਅਸੀਂ ਇਕ ਹਫਤਾ ਉਨ੍ਹਾਂ ਦੇ ਪਾਸ ਹੀ ਠਹਿਰੇ।

'ਬਾਬਾ ਰਾਮ ਸਿੰਘ ਸਤਿਗੁਰੂ ਨਹੀਂ ਸਨ ਅਖਵਾਉਂਦੇ, ਉਹ ਕਹਿੰਦੇ ਸਨ ਮੈਂ ਸਤਿਗੁਰੂਆਂ ਦਾ ਪਹਿਰੂਆ ਹਾਂ। ਇਹ ਲੋਕ ਜਰ ਨਹੀਂ ਸਕੇ। ਵਾਹਿਗੁਰੂ ਜਾਣੇ ਇੰਨ੍ਹਾਂ ਨੇ ਕਿੰਨਾ ਚਿਰ ਠੋਕਰਾਂ ਖਾਣੀਆਂ ਹਨ। ਇੰਨ੍ਹਾਂ ਦੀਆਂ ਗਲਤੀਆਂ ਨੇ ਸਾਨੂੰ ਬੜੇ ਦੁੱਖਾਂ ਵਿਚ ਪਾ ਦਿਤਾ ਹੈ। ਇੰਨ੍ਹਾਂ ਦੀਆਂ ਕੀਤੀਆਂ ਦਾ ਫਲ ਸਾਨੂੰ ਭੁਗਤਣਾ ਪੈ ਰਿਹਾ ਹੈ।'

ਸ: ਆਲਮ ਸਿੰਘ ਆਪਣੇ ਬਿਆਨ ਦੇ ਅੰਤ 'ਚ ਦਸਦੇ ਹਨ ਕਿ ਬਾਬਾ ਜੀ ਦੇ ਬੰਗਲੇ 'ਚ ਇਕ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਨੀਯਤ ਸੀ। ਜਿਸ ਵਿਚ ਰੋਜ਼ ਪ੍ਰਕਾਸ਼ ਤੇ ਕੜਾਹ ਪ੍ਰਸ਼ਾਦਿ ਹੁੰਦਾ ਸੀ। ਆਸਾ ਦੀ ਵਾਰ ਲਗਾਂਦੇ ਸਨ। ਬਾਬਾ ਰਾਮ ਸਿੰਘ ਜੀ ਬੜੇ ਅਦਬ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਅਤੇ ਸਾਹਮਣੇ ਬੈਠਦੇ ਸਨ। ਮੈਂ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਆਪ ਮੱਥਾ ਟੇਕਦਿਆਂ, ਪਾਠ



Digitized by Panjab Digital Library | www.panjabdigilib.org

ਅਤੇ ਅਰਦਾਸਾ ਕਰਦਿਆਂ ਵੇਖਿਆ ਹੈ। ਉਹ ਦਸਾਂ ਪਾਤ-ਸ਼ਾਹੀਆਂ ਦਾ ਅਰਦਾਸਾ ਕਰਦੇ ਸਨ। ਮੈਂ ਬਾਬਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਹਜ਼ੂਰੀ ਵਿਚ ਬੈਠਿਆਂ ਵੇਖਿਆ ਹੈ। ਬਾਕੀ ਸੰਗਤਾ ਨਾਲੋਂ ਉਨ੍ਹਾਂ ਲਈ ਵੱਖਰਾ ਆਸਣ ਦਾ ਗਦੇਲਾ ਨਹੀਂ ਸੀ ਹੁੰਦਾ।'

[ਗੁਰੂ ਪਦ ਨਿਰਣਯ ਪੰਨਾ 150-51

ਅੱਜ ਬਾਬਾ ਰਾਮ ਸਿੰਘ ਜੀ ਨੂੰ ਮੰਨਣ ਵਾਲੇ ਕਿਸ ਮੂੰਹ ਨਾਲ ਕਹਿੰਦੇ ਹਨ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ ?

'ਸਤਿਜੁਗ' ਦੇ ਸ਼ਤਾਬਦੀ ਅੰਕ ਵਿਚ ਲਿਖਿਆ ਹੈ ਕਿ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਮਤ 1963 ਬਿ: ਤੋਂ 2016 ਤਕ ਤ੍ਰਿਵੰਜਾ ਸਾਲ ਲਗਾਤਾਰ ਕਈ ਵਾਰ ਇਕੱਤ੍ਰ ਸੰ ਅਖੰਡ ਪਾਠ ਕਰਵਾਏ ਹਨ। ਜੇ ਕੂਕੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਨਿਤਨੇਮ, ਅਖੰਡ ਪਾਠ ਤੇ ਕੀਰਤਨ ਕਰਨ ਦੀ ਕੀ ਲੋੜ ਹੈ ? ਉਹ ਆਪਣੇ ਅਸਥਾਨਾਂ ਅਤੇ ਦੀਵਾਨਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ ਕਰਦੇ ਹਨ ?

ਨਾਮਧਾਰੀਆਂ ਵਿਚ 'ਵਰਨੀਆਂ' ਕਰਨ ਪਰ ਬੜਾ ਜ਼ੋਰ ਦਿਤਾ ਜਾਂਦਾ ਹੈ। ਇਕ 'ਵਰਨੀ' ਵਿਚ ਕਿਸੇ ਬਾਣੀ ਜਾਂ ਸ਼ਬਦ ਦੇ 2700 ਪਾਠ ਕੀਤੇ ਜਾਂਦੇ ਹਨ। ਜੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਣਾ ਤਾਂ ਵਰਨੀਆਂ ਦਾ ਕੀ ਲਾਭ ਹੈ ?

ਸੈਂਕੜੇ ਥਾਵਾਂ 'ਤੇ ਕੂਕੇ ਗ੍ਰੰਥੀ ਅਤੇ ਪਾਠੀ ਸਪਤਾਹ ਜਾਂ ਅਖੰਡ ਪਾਠ ਕਰਕੇ ਪੂਜਾ ਭੇਟ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਖਲੋਕੇ ਅਰਦਾਸ ਕਰਦੇ ਹਨ। ਅਰਦਾਸ



Digitized by Panjab Digital Library | www.panjabdigilib.org

ਹਮੇਸ਼ਾਂ ਆਪਣੇ ਇਸ਼ਟ ਦੇ ਸਾਹਮਣੇ ਕਰੀ ਦੀ ਹੈ। ਕੀ ਉਹ ਪਖੰਡ ਕਰਦੇ ਹਨ ?

ਗੁਰਬਾਣੀ ਦਾ ਨਿਤਨੇਮ ਕੀਰਤਨ ਤੇ ਪਾਠ ਕਰਦਿਆਂ ਉਸ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਨਾ ਬਹੁਤ ਬੇਠੁਕੀ, ਬੇ-ਦਲੀਲੀ, ਹਾਸੋ ਹੀਣੀ ਅਤੇ 'ਰੰਘੜ ਕਾ ਰੰਘੜਊ ਪੀਸਣੇ ਕਾ ਪੀਸਣਾ' ਵਾਲੀ ਗੱਲ ਹੈ।

ਜੇ ਇੰਨਾਂ ਨੇ ਗੁਰਬਾਣੀ ਦਾ ਸਤਿਕਾਰ ਨਹੀਂ ਕਰਨਾ ਤਾਂ ਉਪਰੋਕਤ ਗੱਲਾਂ ਕਰਨ ਦੀ ਕੋਈ ਲੋੜ ਨਹੀਂ ? ਗੁਰਬਾਣੀ ਦਾ ਪਾਠ ਤੇ ਕੀਰਤਨ ਕਰਦਿਆਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਨਾ ਕਰਨਾ 'ਤਾਲੋਂ ਗੁਥੀ ਡੂਮਣੀ ਗਾਵੈ ਆਲ ਬੇਤਾਲ' ਵਾਲੀ ਪੋਜ਼ੀਸ਼ਨ ਹੈ।

ਨਾਮਧਾਰੀ ਸਿਖ ਹਨ। ਮਰਦਮ ਸ਼ੁਮਾਰੀ ਵਿਚ ਸਿਖ ਲਿਖੇ ਜਾਂਦੇ ਹਨ। ਸਵਰਗੀ ਸੰਤ ਇੰਦਰ ਸਿੰਘ ਚਕ੍ਰਵਰਤੀ 1948-52 'ਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਹਨ। ਜੋ ਗੁਰਦਵਾਰਾ ਐਕਟ 1925 ਅਨੁਸਾਰ ਬਣੀ ਹੈ। ਉਨ੍ਹਾਂ ਨੂੰ ਗੁਰਬਾਣੀ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਕੂਕਿਆਂ ਨੇ ਇਕ ਹੋਰ ਮਾੜੀ ਗੱਲ ਇਹ ਕੀਤੀ ਹੈ ਕਿ ਜਿਵੇਂ ਪ੍ਰਿਥੀ ਚੰਦ, ਮਿਹਰਬਾਨ, ਹਰਿ ਜੀ, ਧੀਰ ਮਲ ਅਤੇ ਰਾਮਰਾਈਆਂ ਨੇ ਗੁਰਬਾਣੀ ਨਾਲ ਆਪਣੀਆਂ ਕਈ ਰਚਨਾਵਾਂ ਮਿਲਾਉਣ ਦਾ ਜਤਨ ਕੀਤਾ ਸੀ, ਉਸੇ ਤਰ੍ਹਾਂ ਇੰਨ੍ਹਾਂ ਗੁਰਬਾਣੀ ਦੇ ਨਿਤਨੇਮ ਦੇ ਗੁਟਕੇ ਵਿਚ ਆਪਣੇ ਗੁਰੂ ਡੰਮ, ਵਿਤੰਡਾਵਾਦ ਅਤੇ ਫੋਕੇ ਕਰਮ ਕਾਂਡ ਦੀਆਂ ਕਈ ਗੱਲਾਂ ਭੂਮਿਕਾ ਦੇ ਬਹਾਨੇ ਸ਼ਾਮਲ ਕਰ ਦਿਤੀਆਂ ਹਨ।



Digitized by Panjab Digital Library | www.panjabdigilib.org

ਇੰਨ੍ਹਾਂ ਨੇ 1996 ਬਿ: ਵਿਚ ਨਿਤਨੇਮ ਦਾ ਇਕ ਗੁਟਕਾ ਪ੍ਰਕਾਸ਼ਤ ਕੀਤਾ। ਉਸ ਵਿਚ ਜਪੁ ਜੀ, ਜਾਪ ਸਾਹਿਬ, ਸ਼ਬਦ ਹਜ਼ਾਰੇ, ਰਹਿਰਾਸ, ਆਸਾ ਦੀ ਵਾਰ ਤੇ ਚੰਡੀ ਦਾ ਵਾਰ ਆਦਿਕ ਬਾਣੀਆਂ ਹਨ। ਇਸ ਵਿਚ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਲਿਖੀ ਹੋਈ 38 ਸਫੇ ਦੀ ਵਾਧੂ ਅਤੇ ਅਢੁਕਵੀਂ ਭੂਮਿਕਾ ਜੋੜ ਦਿਤੀ ਗਈ ਹੈ। ਜਿਸ ਦਾ ਗੁਰਬਾਣੀ ਨਾਲ ਉੱਕਾ ਕੋਈ ਸੰਬੰਧ ਨਹੀਂ।

ਇਸ ਵਿਚ ਬਾਬਾ ਰਾਮ ਸਿੰਘ ਦਾ ਜਨਮ ਸੰਮਤ, ਗੁਰੂ ਡੰਮ ਦੀ ਵਾਰਤਾ ਅਤੇ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਪਰ ਟੀਕਾ ਟਿਪਣੀ ਕੀਤੀ ਹੈ। ਭਾਈ ਕਾਹਨ ਸਿੰਘ ਦੀ ਤਰ-ਦੀਦ ਸ਼ੁਦਾ ਅਜਾਪਾਲ ਸਿੰਘ ਦੀ ਸਾਖੀ ਜੋੜ ਦਿਤੀ ਹੈ। ਜਪੁ ਜੀ ਸਾਹਿਬ ਤੋਂ ਪਹਿਲੇ ਬਾਬਾ ਰਾਮ ਸਿੰਘ ਦਾ ਇਕ ਕਲਪਤ ਰਹਿਤਨਾਮਾ ਵੀ ਟਾਂਕ ਦਿਤਾ ਹੈ।

ਗੁਟਕੇ ਦੇ ਸਫਾ 37 ਪਰ ਹਵਨ ਦੀ ਸਮਗਰੀ ਅਤੇ ਵਿਧੀ ਲਿਖੀ ਹੈ-'ਮਿੱਟੀ ਦਾ ਪੋਚਾ ਦੇਣਾ। ਗੋਹਾ ਨਹੀਂ ਵਰਤਣਾ। ਹਵਨ ਕੁੰਡ ਵਿਚ ਲੱਕੜਾਂ ਬੇਰੀ, ਪਲਾਹ ਅਤੇ ਚੰਨਣ ਦੀਆਂ ਪਾਉਣੀਆਂ। ਅੱਗ ਨੂੰ ਫੂਕ ਨਹੀਂ ਮਾਰਨੀ। ਹਵਨ ਵਿਚ ਕੇਸਰ ਕਸਤੂਰੀ, ਬਾਦਾਮ ਅਤੇ ਘਿਉ ਪਾਣਾ ਦਸਿਆ ਹੈ।

ਅੱਜ ਕਲ ਲੋਕਾਂ ਨੂੰ ਕੇਸਰ ਕਸਤੂਰੀ, ਬਾਦਾਮ ਤੇ ਘਿਉ ਖਾਣ ਨੂੰ ਨਹੀਂ ਮਿਲਦੇ, ਅੱਗ ਵਿਚ ਕੌਣ ਫੂਕ ਸਕਦਾ ?

ਬਾਬਾ ਰਾਮ ਸਿੰਘ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਾਰ ਸੌ ਸਾਲ ਅਤੇ ਦਸਮ ਪਾਤਸ਼ਾਹ ਤੋਂ ਦੋ ਸੌ ਸਾਲ ਬਾਅਦ ਹੋਏ ਹਨ। ਉਨ੍ਹਾਂ ਦੇ ਜਨਮ ਸੰਮਤ ਤੇ ਗੁਰਤਾ ਦਾ ਜ਼ਿਕਰ ਗੁਰੂਆਂ



Digitized by Panjab Digital Library | www.panjabdigilib.org

ਦੀ ਬਾਣੀ ਦੀ ਭੂਮਿਕਾ ਵਿਚ ਕਰਨਾ, ਪਹਿਲੇ ਦਰਜੇ ਦੀ ਮਨ-ਮਤਿ, ਧਾਰਮਿਕ, ਇਤਿਹਾਸਕ ਤੇ ਸਾਹਿਤਕ ਅਪਰਾਧ ਹੈ।

ਜਪੁ ਜੀ ਤੋਂ ਪਹਿਲੇ ਬਾਬਾ 'ਰਾਮ ਸਿੰਘ ਦਾ ਕਲਪਤ ਰਹਿਤਨਾਮਾ ਜੋੜ ਦੇਣਾ ਵੀ ਭਾਰੀ ਪਾਪ, ਗੁਰਬਾਣੀ ਦੀ ਨਿਰਾ-ਦਰੀ ਤੇ ਕਾਨੂੰਨੀ ਤੌਰ 'ਤੇ ਗਲਤ ਹੈ। ਗੁਰਬਾਣੀ ਦੀ ਭੂਮਿਕਾ ਜਾਂ ਟੀਕੇ ਵਿਚ ਕੋਈ ਗੁਰਬਾਣੀ ਬਾਰੇ ਖੋਜ ਤੇ ਅਲੋਚਨਾ ਦੇ ਸਕਦਾ ਹੈ ਪਰ ਉਸ ਨਾਲ ਕਿਸੇ ਦੀ ਹਿਸਟਰੀ ਜਾਂ ਵਾਧੂ ਗੱਲ ਜੋੜਨ ਦਾ ਕਿਸੇ ਲਿਖਾਰੀ ਨੂੰ ਹੱਕ ਨਹੀਂ। ਜਦ ਜਪੁਜੀ, ਜਾਪ ਤੇ ਆਸਾ ਦੀ ਵਾਰ ਨਾਲ ਸਤਿਗੁਰੂਆਂ ਨੇ ਹਵਨ ਦੀ ਵਿਧੀ ਨਹੀਂ ਲਿਖੀ, ਤਦ ਕੂਕਿਆਂ ਨੂੰ ਕੀ ਅਧਿਕਾਰ ਹੈ ਕਿ ਉਹ ਕਲਪਤ ਹਵਨ ਦੀ ਵਿਧੀ ਜੋੜ ਦੇਣ ?

ਪਿਛਲੇ ਸਾਲ ਨਾਮਧਾਰੀ ਵੀਰਾਂ ਨੇ ਬਾਬਾ ਜੀ ਦੀ ਜਲਾ-ਵਤਨੀ ਦੀ ਦੋ ਸੌ ਸਾਲਾ ਯਾਦ ਮਨਾਉਣ ਲਈ ਦਿੱਲੀ ਵਿਚ ਇਕ ਸ੍ਰੀ ਰਾਮ ਸਿੰਘ ਪ੍ਰਦੇਸ ਗਵਨ ਸਮਿਤੀ ਬਣਾਈ। ਉਸ ਵਲੋਂ ਇਕ ਤਸਵੀਰ 'ਬਾਰਾਂ ਗੁਰ ਦਰਸ਼ਨ' ਪ੍ਰਕਾਸ਼ਤ ਕੀਤੀ ਗਈ। ਜਿਸ ਵਿਚ ਨੌ ਪਾਤਸਾਹੀਆਂ ਦਾ ਗੋਲ ਘੇਰਾ ਬਣਾ ਕੇ ਵਿਚ ਸ੍ਰੀ ਦਸਮੇਸ਼ ਜੀ ਨੂੰ ਦਰਸਾਇਆ ਹੈ। ਉਨ੍ਹਾਂ ਦੇ ਨਾਲ ਦੂਜੇ ਦਰਜੇ ਪਰ ਬਾਬਾ ਰਾਮ ਸਿੰਘ ਤੇ ਤੀਜੀ ਥਾਂ ਬਾਬਾ ਬਾਲਕ ਸਿੰਘ ਵਿਖਾਏ ਹਨ। ਪਹਿਲੇ ਤਾਂ ਪ੍ਰਦੇਸ ਗਵਨ ਸੰਮਤੀ ਨਾਂ ਹੀ ਗਲਤ ਹੈ, ਕਿਉਂਕਿ ਬਾਬਾ ਜੀ ਨੇ ਪ੍ਰਦੇਸ ਗਵਨ ਨਹੀਂ ਕੀਤਾ। ਉਨ੍ਹਾਂ ਨੂੰ ਅੰਗਰੇਜ਼ਾਂ ਨੇ ਜਲਾਵਤਨ ਕਰਕੇ ਭੇਜਿਆ ਸੀ।

ਦਸਾਂ ਪਾਤਸ਼ਾਹੀਆਂ ਨਾਲ ਦੋ ਬਾਬਿਆਂ ਦੀਆਂ ਤਸਵੀਰਾਂ ਦੇਣੀਆਂ ਉਕੀਆਂ ਹੀ ਗਲਤ ਹਨ, ਕਿਉਂਕਿ ਉਹ ਢੇਰ ਚਿਰ



Digitized by Panjab Digital Library | www.panjabdigilib.org

ਪਿਛੋਂ ਹੋਏ ਹਨ । ਬਾਬਾ ਬਾਲਕ ਸਿੰਘ ਦਾ ਜਨਮ ਸੰਮਤ 1856 ਵਿਚ ਤੇ ਦੇਹਾਂਤ ਮਘਰ ਦੀ ਪੂਰਨਮਾਸ਼ੀ ਸੰਮਤ 1914 (6 ਦਸੰਬਰ 1862) ਨੂੰ ਹੋਇਆ। ਦੂਜੀ ਗੱਲ ਇਹ ਹੈ ਕਿ ਕੂਕਾ ਲਿਖਾਰੀ ਗੱਦੀ ਤਾਂ ਸ੍ਰੀ ਬਾਲਕ ਸਿੰਘ ਨੂੰ ਦੁਆਉਂਦੇ ਹਨ,ਪਰ ਤਸਵੀਰ ਵਿਚ ਸ੍ਰੀ ਦਸਮੇਸ਼ ਜੀ ਦੇ ਨਾਲ ਬਾਬਾ ਰਾਮ ਸਿੰਘ ਜੀ ਤੇ ਤੀਸਰੀ ਥਾਂ ਸ੍ਰੀ ਬਾਲਕ ਸਿੰਘ ਨੂੰ ਬਿਠਾਉਂਦੇ ਹਨ, ਇਹ ਪ੍ਰੰਪਰਾ ਤੇ ਮਰਯਾਦਾ ਦੇ ਉਲਟ ਹੈ। 'ਅੰਡੇ ਕਿਤੇ ਕੁੜ ਕੁੜ ਕਿਤੇ' ਵਾਲੀ ਗੱਲ ਹੈ।

ਇਹ ਹਕੀਕਤ ਹੈ ਕਿ ਨਾਮਧਾਰੀ ਲਹਿਰ ਦੇ ਫੇਹਲ ਹੋਣ ਦੇ ਬਾਅਦ ਸੰਮਤ 1873 ਵਿਚ ਸ: ਠਾਕਰ ਸਿੰਘ ਸੰਧਾ-ਵਾਲੀਆ, ਬਾਬਾ ਖੇਮ ਸਿੰਘ ਆਦਿਕ ਮੁੱਖੀਆਂ ਨੇ ਸਿੰਘ ਸਭਾ ਲਹਿਰ ਜਾਰੀ ਕੀਤੀ,ਜਿਸਨੇ ਧਾਰਮਿਕ,ਸਮਾਜਕ ਤੇ ਵਿਦਿਅਕ ਤੌਰ ਤੇ ਸਿੱਖਾਂ ਪਰ ਬਹੁਤ ਡੂੰਘਾ ਤੇ ਵਿਸ਼ਾਲ ਪ੍ਰਭਾਵ ਪਾਇਆ। ਉਸਨੂੰ ਅੱਜ ਕਲ ਕੂਕੇ ਰਾਜ ਭਗਤੀ ਦੀ ਲਹਿਰ ਦਸਦੇ ਹਨ। ਜੇ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਜੀ ਨੂੰ ਵਿਰੋਧੀ ਸਮਝਕੇ ਜਲਾਵਤਨ ਕੀਤਾ ਹੈ ਤਾਂ ਸਿੰਘ ਸਭਾ ਲਹਿਰ ਦੇ ਮੋਢੀ ਸ: ਠਾਕਰ ਸਿੰਘ ਸੰਧਾਵਾਲੀਏ ਨੂੰ ਵੀ ਅੰਗਰੇਜ਼ਾਂ ਨੇ ਮਹਾ: ਦਲੀਪ ਸਿੰਘ ਨੂੰ ਵਾਪਸ ਲਿਆਕੇ ਸਿੱਖ ਸਜਾਉਣ ਦੇ ਕਾਰਨ ਆਪਣਾ ਵਿਰੋਧੀ ਸਮਝਕੇ ਉਸਦੀ ਜਾਇਦਾਦ ਜ਼ਬਤ ਕੀਤੀ। ਜਦ ਸ: ਠਾਕਰ ਸਿੰਘ ਆਪਣੇ ਲੜਕੇ ਨੂੰ ਵਿਆਹੁਣ ਲਈ ਗੁ: ਰਕਾਬ ਗੰਜ ਦਿੱਲੀ ਤੋਂ ਰਾਉ ਸਾਹਿਬ ਕੂਚੇ ਸਰ (ਯੂ. ਪੀ.) ਦੇ ਢੁਕੇ, ਉਨ੍ਹਾਂ ਕੋਲ ਕੁਝ ਨਹੀਂ ਸੀ। ਸ: ਠਾਕਰ ਸਿੰਘ ਦਾ ਦੇਹਾਂਤ ਜਲਾਵਤਨੀ ਵਿਚ ਪਾਂਡੀਚਰੀ,ਫਰਾਂਸੀ ਬਸਤੀ ਵਿਚ ਹੋਇਆ।



Digitized by Panjab Digital Library | www.panjabdigilib.org

ਬਾਬਾ ਰਾਮ ਸਿੰਘ ਪੁਜਾਰੀਆਂ ਤੇ ਗੁਰਦਵਾਰਾ ਸੁਧਾਰ ਦੇ ਹਾਮੀ ਸਨ। ਕੂਕਿਆਂ ਨੇ ਗੁਰਦਵਾਰਾ ਸੁਧਾਰ ਲਹਿਰ ਦੀ ਡਟਕੇ ਵਿਰੋਧਤਾ ਕੀਤੀ ਹੈ।

ਸਿੰਘਾ ਵਲੋਕਨ ਦੀ ਤਰ੍ਹਾਂ ਅਖੀਰ ਵਿਚ ਇਕ ਗਲ ਫਿਰ ਦਸਣੀ ਚਾਹੁੰਦੇ ਹਾਂ ਕਿ 'ਕੂਕਾ ਲਹਿਰ' ਕਿਉਂ ਅਸਫਲ ਹੋਈ? ਜਿਸ ਵਿਚ ਧਰਮ ਭਾਵ ਸੀ, ਵਿਦੇਸ਼ੀ ਰਾਜ ਵਿਰੁਧ ਘ੍ਰਿਣਾ ਸੀ, ਜਿਸ ਵਿਚ ਬੜੇ ਸਿਦਕੀ ਤੋਪਾਂ ਨਾਲ ਉਡਾਣ ਅਤੇ ਫਾਂਸੀਆਂ ਉਤੇ ਚੜ੍ਹਨ ਵਾਲੇ ਸਿੰਘ ਸ਼ਾਮਲ ਹੋਏ, ਜਿਨ੍ਹਾਂ ਰੂਸ, ਨੇਪਾਲ ਤੇ ਕਸ਼ਮੀਰ ਤੀਕ ਪੁਜਣ ਦਾ ਜਤਨ ਕੀਤਾ, ਉਸਦਾ ਇਕੋ ਹੀ ਉਤਰ ਹੈਕਿ ਕਈ ਕਾਰਨਾਂ ਕਰਕੇ ਇਹ ਲਹਿਰ ਜਨਤਕ ਨਹੀਂ ਬਣ ਸਕੀ। ਉਸ ਵਕਤ ਦੇ ਮਿ: ਮੈਕ ਐਂਡਰੀਊ ਡੀ. ਆਈ. ਜੀ. ਪੋਲੀਸ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ—

'ਜਦ ਬਾਬਾ ਰਾਮ ਸਿੰਘ ਹਜਰੋ ਵਿਚ ਬਾਲਕ ਸਿੰਘ ਦਾ ਜਾਨਸ਼ੀਨ ਬਣਿਆ, ਉਸ ਵਕਤ ਮਹੰਤ ਰਾਮ ਸਿੰਘ ਸੀ। ਲੋਕਾਂ ਨੇ ਗੁਰੂ ਅਤੇ ਸਤਿਗੁਰੂ ਉਸਨੂੰ ਪਿਛੋਂ ਬਣਾਇਆ ਹੈ।' ਸਾਡੀ ਰਾਇ ਵਿਚ ਇਹ ਅੰਗਰੇਜ਼ਾਂ ਦੀ ਚਾਲ ਸੀ।

ਮੈਕ ਐਂਡਰੀਊ ਅਗੇ ਚਲਕੇ ਲਿਖਦਾ ਹੈ-'ਹਿੰਦੁਸਤਾਨੀ ਮਿਤ੍ਰ ਇਹ ਦਸਦੇ ਹਨ ਕਿ ਅਜੇ ਤੀਕ ਇਹ ਲਹਿਰ ਆਪਣੇ ਇਆਣਪੁਣੇ ਦੇ ਦਿਨਾਂ ਵਿਚ ਹੈ, ਸਿੱਖਾਂ ਨੇ ਇਸਨੂੰ ਨਹੀਂ ਅਪਣਾਇਆ। ਹਿੰਦੂ ਤੇ ਮੁਸਲਮਾਨ ਇਸਦੇ ਵਿਰੋਧੀ ਹਨ। ਥੋਹੜੀ ਜੇਹੀ ਤਾਕਤ ਨਾਲ ਦਬ ਸਕਦੀ ਹੈ।*

---

*ਨਾਮਧਾਰੀ ਇਤਿਹਾਸ ਪੰਨਾ 361-62 ਕ੍ਰਿਤ ਨਾਹਰ ਸਿੰਘ ਐਮ. ਏ.

ਬਾਬਾ ਰਾਮ ਸਿੰਘ ਨੇ ਬਰਮਾ ਤੋਂ ਚਿੱਠੀ ਲਿਖਕੇ ਆਪਣੇ ਭਰਾ ਬੁਧ ਸਿੰਘ ਉਰਫ ਸ੍ਰੀ ਹਰੀ ਸਿੰਘ ਨੂੰ ਉਤਰ-ਅਧਿਕਾਰੀ ਨੀਯਤ ਕੀਤਾ। ਉਨ੍ਹਾਂ ਦੇ ਅਗੋਂ ਤਿੰਨ ਪੁੱਤਰ ਹੋਏ ਹਨ-ਬਾਬਾ ਪ੍ਰਤਾਪ ਸਿੰਘ, ਮ: ਨਿਹਾਲ ਸਿੰਘ ਤੇ ਮ: ਗੁਰਦਿਆਲ ਸਿੰਘ। ਬਾਬਾ ਹਰੀ ਸਿੰਘ ਦੀ ਥਾਂ ਬਾਬਾ ਪ੍ਰਤਾਪ ਸਿੰਘ ਜੀ ਹੋਏ। ਉਨ੍ਹਾਂ ਨੇ ਜੀਵਨ ਨਗਰ ਦੀ ਫਾਰਮ ਬਣਾਈ ਹੈ। ਉਨ੍ਹਾਂ ਦਾ ਦੇਹਾਂਤ ਸੰਨ 1959 ਵਿਚ ਹੋਇਆ। ਇਸ ਵਕਤ ਬਾਬਾ ਜਗਜੀਤ ਸਿੰਘ ਜੀ ਮੁੱਖੀ ਹਨ।

ਬਾਬਾ ਪ੍ਰਤਾਪ ਸਿੰਘ ਜੀ ਨੇ ਭਲੇ ਵਕਤ ਵਿਚ ਜ਼ਿਲਾ ਹਿਸਾਰ ਵਿਚ ਕਈ ਹਜ਼ਾਰ ਏਕੜ ਜ਼ਮੀਨ ਸਸਤੇ ਭਾਅ ਖਰੀਦੀ ਸੀ। ਉਸ ਵਿਚ ਕਈ ਨਾਮਧਾਰੀਆਂ ਦਾ ਵੀ ਰੁਪਿਆ ਲੱਗਾ ਹੋਇਆ ਸੀ। ਉਸ ਜ਼ਮੀਨ ਦੀ ਵੰਡ ਪਰ ਝਗੜਾ ਹੋਇਆ, ਜਿਸ ਵਿਚ ਇਕ ਨਾਮਧਾਰੀ ਭਾਈ ਘਸੀਟਾ ਸਿੰਘ ਮਾਰਿਆ ਗਿਆ। ਉਸ ਕੇਸ ਵਿਚ ਪੁਲੀਸ ਨੇ ਬਾਬਾ ਪ੍ਰਤਾਪ ਸਿੰਘ ਦੇ ਛੋਟੇ ਲੜਕੇ ਬੀਰ ਸਿੰਘ ਤੇ ਕੁਝ ਹੋਰ ਸਿੰਘ ਗ੍ਰਿਫਤਾਰ ਕੀਤੇ। ਮੁਕਦਮਾ ਚਲਿਆ, ਬੜੀ ਮੁਸ਼ਕਲ ਨਾਲ ਉਹ ਮੁਕਦਮਾ ਖਤਮ ਹੋਇਆ।

ਗੁਰਮਤਿ ਦੇ ਉਲਟ ਚਲਣ ਕਰਕੇ ਕੂਕਾ ਗੁਰੂ ਡੰਮ ਵਿਰੁਧ ਅੰਦਰ ਬਗਾਵਤ ਹੋ ਰਹੀ ਹੈ। ਸੰਤ ਮੰਗਲ ਸਿੰਘ ਨਾਮਧਾਰੀ ਦੀ ਸਰਪ੍ਰਸਤੀ ਹੇਠ ਜਾਰੀ ਹਇਆ ਅਖਬਾਰ 'ਆਜ਼ਾਦ' ਦਿੱਲੀ ਲਿਖਦਾ ਹੈ—

'ਪੰਜਾਬ ਵਿਚ ਅੰਗਰੇਜ਼ਾਂ ਦੇ ਸੁਨਿਹਰੀ ਦੌਰ ਵਿਚ ਨਾਮ-ਧਾਰੀ ਗੁਰ-ਗੱਦੀ ਨੇ ਧਾਰਮਿਕ ਜਗੀਰਦਾਰੀ ਮਰਯਾਦਾ ਹਾਸਲ



Digitized by Panjab Digital Library | www.panjabdigilib.org

ਕਰ ਲਈ ਸੀ। ਉਸ ਦੌਰ ਵਿਚ ਜਿੰਨਾਂ ਨਾਮਧਾਰੀਆਂ ਨੇ ਬਾਬਾ ਰਾਮ ਸਿੰਘ ਦੀਆਂ ਰਵਾਇਤਾਂ ਅਨੁਸਾਰ ਕੰਮ ਕੀਤਾ, ਉਹ ਛੇਕੇ ਗਏ, ਉਨ੍ਹਾਂ ਦਾ ਬਾਈਕਾਟ ਕੀਤਾ ਗਿਆ। ਉਨ੍ਹਾਂ ਤੋਂ ਘੋੜਿਆਂ ਦੀ ਲਿੱਦ ਸੁਟਵਾਈ ਗਈ। ਉਨ੍ਹਾਂ ਦੇ ਮੂੰਹ ਕਾਲੇ ਕੀਤੇ ਗਏ। ਛੇਕਿਆਂ ਵਿਚੋਂ ਮਾਈ ਅਤਰੀ, ਮ: ਗੁਰਦਿਆਲ ਸਿੰਘ,ਮ: ਨਿਹਾਲ ਸਿੰਘ, ਸੰਤ ਟਹਿਲ ਸਿੰਘ ਤੇ ਸੰਤ ਮੰਗਲ ਸਿੰਘ ਲਾਇਲਪੁਰੀ ਆਦਿਕ ਸਨ।' [ਮਾਰਚ 1971

ਅਸੀਂ ਨਾਮਧਾਰੀ ਵੀਰਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਹੁਣ ਮਜ਼ੁਬ ਵਿਚ ਸਖਸ਼ੀ ਪੂਜਾ ਨਹੀਂ ਚਲ ਸਕਦੀ। ਖਲੀਫੇ ਅਤੇ ਪੋਪ ਖਤਮ ਹੋ ਗਏ ਹਨ। ਰਾਜਨੀਤੀ ਵਿਚੋਂ ਰਜਵਾੜਾ ਸ਼ਾਹੀ ਤੇ ਸ਼ਹਿਨਸ਼ਾਹੀਅਤ ਦਾ ਅੰਤ ਹੋ ਗਿਆ ਹੈ। ਉਸ ਦੀ ਥਾਂ ਲੋਕ-ਰਾਜ ਅਤੇ ਸਮਾਜਵਾਦ ਨੇ ਮੱਲ ਲਈ ਹੈ। ਇਸ ਲਈ ਯੁਗ ਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਗ੍ਰੰਥ ਤੇ ਪੰਥ' ਦਾ ਜੋ ਸੁਨਿਹਰੀ ਅਸੂਲ ਦਸਿਆ ਹੈ, ਉਸਨੂੰ ਪ੍ਰਵਾਨ ਕਰਦੇ ਹੋਏ ਗੁਰਮਤਿ ਦੇ ਧਾਰਨੀ ਬਣਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਵਿਚ ਸਿਖੀ ਲਈ ਅਧਿਆਤਮਿਕ ਸ਼ਕਤੀ ਅਤੇ ਏਕਤਾ ਹੈ। ਪੰਜਾਂ ਪਿਆਰਿਆਂ ਤੇ ਪੰਥ ਗੁਰੂ ਵਿਚ ਜਥੇਬੰਦੀ, ਕੌਮੀ ਏਕਤਾ ਅਤੇ ਜਮਹੂਰੀ ਸਪਿਰਟ ਕੰਮ ਕਰਦੀ ਹੈ।

ਦਰਬਾਰ ਪ੍ਰਿੰਟਿੰਗ ਪ੍ਰੈਸ, 110/7 ਸਿਟੀ ਸੈਂਟਰ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਕਥਾ ਵਾਚਕਾਂ ਲਈ ਵੇਦਾਂਤ ਤੇ ਹੋਰ ਗ੍ਰੰਥ

ਸ੍ਰੀ ਗੁਰਮਤ ਸਾਖੀ ਪ੍ਰਮਾਣ (ਗਯਾਨੀ ਜੋਧ ਸਿੰਘ ਜੀ)
ਪੁਰਾਤਨ ਗ੍ਰੰਥ 150/-
ਭਗਤ ਮੱਦ ਦਰਪਣ ਮਹੰਤ ਗਣੇਸ਼ਾ ਸਿੰਘ ਜੀ
ਭਾਰਤ ਵਿਚ ਹੋਏ ਸਭ ਧਰਮਾਂ ਬਾਰੇ ਜਾਣਕਾਰੀ 100/-
ਬਵਿੰਜਾ ਲੈਕਚਰ ਗਿ: ਸਰਦੂਲ ਸਿੰਘ 50/-
ਕਬਿੱਤ ਸਵੱਯੇ ਸਟੀਕ ਭਾਈ ਗੁਰਦਾਸ ਜੀ ਦੋ ਭਾਗ
ਸੰਪੂਰਨ ਸਿੰਘ ਜੀ 160/-
ਕਥਾ ਉਪਦੇਸ਼ ਸਾਗਰ ਕੁੱਜੇ ਵਿਚ ਸਮੁੰਦਰ
ਗਿਆਨੀ ਭਗਤ ਸਿੰਘ ਜੀ 100/-
ਨਰਾਇਣ ਹਰੀ ਉਪਦੇਸ਼ ਪੰਡਤ ਹਰਿਦੇਵ ਜੀ 300/-
ਹਰੀ ਗਿਆਨ ਉਪਦੇਸ਼ ਸੰਤ ਹਰਗੁਰਬਖਸ਼ ਸਿੰਘ ਜੀ 60/-
ਭਗਤੀ ਚਮਤਕਾਰ ਗਿ:ਪ੍ਰੀਤਮ ਸਿੰਘ ਜੀ 25/-
ਗੁਰਮਤਿ ਗਿਆਨ ਹਰਨਾਮ ਸਿੰਘ ਲਾਖਾ 50/-
ਦ੍ਰਿਸ਼ਟਾਂਗ ਸਾਗਰ 110 ਸਾਖੀਆਂ ਵਾਲਾ
ਭਗਤ ਰਾਮ ਦਿਤਾ ਮਲ ਜੀ 50/-
ਸਿਖ ਇਤਿਹਾਸ ਬਾਬਾ ਬੰਦਾ ਬਹਾਦਰ ਤੋਂ 80/-
ਜਨਮ ਸਾਖੀ ਬਾਬਾ ਵਡਭਾਗ ਸਿੰਘ ਜੀ ਪੰਜਾਬੀ 16/-
,, ਹਿੰਦੀ 16/-
ਜਨਮ ਸਾਖੀ ਬਾਬਾ ਬੁੱਢਾ ਜੀ ਪੰਜਾਬੀ 25/-
,, ,, ਹਿੰਦੀ 20/-
ਰਹਿਤਨਾਮੇ ਪਿਆਰਾ ਸਿੰਘ ਪਦਮ 30/-
ਰਹਿਤਨਾਮੇ ਗਿ: ਮਹਿੰਦਰ ਸਿੰਘ ਰਤਨ 25/-

ਮਿਲਣ ਦਾ ਪਤਾ—

**ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

ਰਹਿਤਨਾਮੇ ਛੋਟਾ ਸਾਈਜ਼ ਪੰਜਾਬੀ 5/- ਹਿੰਦੀ 5/-
ਗੁਰਮਤਿ ਰਹਿਤ ਮਰਯਾਦਾ ਗਿ: ਮੋਹਣ ਸਿੰਘ 20/-
ਸੌ ਸਾਖੀ ਭਾਈ ਗੁਰਬਖਸ਼ ਸਿੰਘ 50/-
ਸੌ ਸਾਖੀ ਵੱਡੀ ਪੁਰਾਤਨ ਪੁਸਤਕ ਦਾ ਉਤਾਰਾ 100/-
ਪਾਠਾਂ ਦੀ ਵਿਧੀ ਗਿ: ਗੁਰਚਰਨ ਸਿੰਘ 12/-
ਕਥਾ ਬਾਰਾਂ ਪੂਰਨਮਾਸ਼ੀ ਗਿ: ਗੁਰਚਰਨ ਸਿੰਘ 12/-

## ਇਤਿਹਾਸਕ ਨਾਵਲ ਤੇ ਜੀਵਨੀਆਂ

ਮਹਾਰਾਜਾ ਸ਼ੇਰ ਸਿੰਘ ਸਤਵੰਤ ਸਿੰਘ ਢਿਲੋਂ 20/-
ਬਹਾਦਰ ਬਚਿਤ੍ਰ ਸਿੰਘ ਨਾਵਲ ਧੰਨਾ ਸਿੰਘ ਰੰਗੀਲਾ 16/-
ਮਾਤਾ ਸੁਲੱਖਣੀ ਧੰਨਾ ਸਿੰਘ ਰੰਗੀਲਾ 20/-

## ਪ੍ਰਿੰਸੀਪਲ ਨਾਹਰ ਸਿੰਘ ਰਚਿਤ

ਅੱਲਾਹ ਦਾ ਨੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ 20/-
ਜੀਵਨ ਭਾਈ ਰਣਧੀਰ ਸਿੰਘ ਜੀ 20/-
ਹਰੀ ਸਿੰਘ ਨਲੂਆ 20/- ਅਕਾਲੀ ਫੂਲਾ ਸਿੰਘ 20/-
ਮਹਾਰਾਜਾ ਦਲੀਪ ਸਿੰਘ ਤੇ ਜਿੰਦ ਕੌਰ 20/-
ਬਾਬਾ ਬੰਦਾ ਸਿੰਘ ਬਹਾਦਰ 20/-
ਭਾਈ ਸੁਥਰੇ ਸ਼ਾਹ 20/- ਮਾਈ ਭਾਗੋ 20-
ਸ: ਜੱਸਾ ਸਿੰਘ ਰਾਮਗੜ੍ਹੀਆ 20/-
ਬਹਾਦਰ ਮਨਮੋਹਨ ਕੌਰ 20/- ਬੱਬਰ ਅਕਾਲੀ 20/-
ਸਿੱਖਇਤਿਹਾਸ ਦੇ ਹੀਰੇ ਕਰਮ ਸਿੰਘ ਜ਼ਖਮੀ 20/-
ਲਹੂ ਦੀਆਂ ਧਾਰਾਂ 30/- ,, ਘਲੂਘਾਰਾ 40/-
ਸਤਲੁਜ ਦੇ ਕੰਡੇ 40/- ਕਰਮ ਸਿੰਘ ਜ਼ਖਮੀ 40/-

ਮਿਲਣ ਦਾ ਪਤਾ-

## ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1276

Digitized by Panjab Digital Library | www.panjabdigilib.org

Digitized by Panjab Digital Library | www.panjabdigilib.org